ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume | Issue 79 | 12 to 18 July, 2023 | Ph.: (510) 240-5949 | Email: asrtimes@gmail.com

# ਹੜ੍ਹਾਂ ਦਾ ਕਹਿਰ

# ਜ਼ਿੰਮੇਵਾਰ ਕੌਣ?



## ਹੜ੍ਹਾਂ ਤੋਂ ਬਚਾਓ ਲਈ ਢੁਕਵੇਂ ਪ੍ਰਬੰਧ ਕਰਨ ’ਚ ਅਸਫਲ ਰਹੀਆਂ ਸਰਕਾਰਾਂ

## ਪੰਜਾਬ ’ਚ ਹੜ੍ਹਾਂ ਦੀ ਮੌਜੂਦਾ ਸਥਿਤੀ ਲਈ ਸਰਕਾਰ ਦੇ ਨਾਲ-ਨਾਲ ਪ੍ਰਸ਼ਾਸਨ ਅਤੇ ਸਮਾਜ ਵੀ ਜ਼ਿੰਮੇਵਾਰ

ਪਟਿਆਲਾ/ਏ.ਟੀ.ਨਿਊਜ਼: ਪੰਜਾਬ ਦੇ ਪਟਿਆਲਾ, ਸੰਗਰੂਰ, ਫ਼ਿਰੋਜ਼ਪੁਰ, ਤਰਨ ਤਾਰਨ ਜ਼ਿਲ੍ਹਿਆਂ ਸਮੇਤ ਵੱਡੀ ਗਿਣਤੀ ਇਲਾਕਿਆਂ ’ਚ 1988, 1993 ਅਤੇ 2010 ਦੌਰਾਨ ਹੜ੍ਹਾਂ ਵੱਲੋਂ ਮਚਾਈ ਗਈ ਭਿਆਨਕ ਤਬਾਹੀ ਤੋਂ ਬਾਅਦ ਵੀ ਪੰਜਾਬ ਦੀਆਂ ਸਮੇਂ ਦੀਆਂ ਸਰਕਾਰਾਂ ਨੇ ਕੋਈ ਸਬਕ ਨਹੀਂ ਲਿਆ, ਜਿਸ ਕਾਰਨ ਇਸ ਸਮੇਂ ਵੀ ਪੰਜਾਬ ਦੇ ਵੱਖ- ਵੱਖ ਇਲਾਕਿਆਂ ’ਚ ਹੜ੍ਹਾਂ ਵਾਲੇ ਹਾਲਾਤ ਬਣੇ ਹੋਏ ਹਨ। ਪੰਜਾਬ ’ਚ ਹੜ੍ਹਾਂ ਦਾ ਟਾਕਰਾ ਕਰਨ ਲਈ ਸੂਬਾਈ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ ਅਤੇ ਅਧਿਕਾਰੀ ਹਰ ਘੰਟੇ ਆਪੋ ਆਪਣੇ ਜ਼ਿਲ੍ਹੇ ਦੀ ਤਾਜ਼ਾ ਹਾਲਤ ਉੱਚ ਅਧਿਕਾਰੀਆਂ ਤਕ ਪਹੁੰਚਾ ਰਹੇ ਹਨ। ਦੂਜੇ ਪਾਸੇ ਸਵਾਲ ਇਹ ਵੀ ਉੱਠਦਾ ਹੈ ਕਿ ਜਿੰਨੀ ਚੁਸਤੀ-ਫੁਰਤੀ ਹੁਣ ਪ੍ਰਸ਼ਾਸਨ ਵੱਲੋਂ ਦਿਖਾਈ ਜਾ ਰਹੀ ਹੈ, ਜੇ ਬਰਸਾਤ ਆਉਣ ਤੋਂ ਪਹਿਲਾਂ ਹੀ ਦਿਖਾਈ ਜਾਂਦੀ ਤਾਂ ਪੰਜਾਬ ਵਿੱਚ ਹੜ੍ਹਾਂ ਵਾਲੇ ਹਾਲਤ ਨਹੀਂ ਬਣਨੇ ਸਨ। ਪੰਜਾਬ ’ਚ ਹੜ੍ਹਾਂ ਦੀ ਮੌਜੂਦਾ ਸਥਿਤੀ ਲਈ ਸਰਕਾਰ ਦੇ ਨਾਲ- ਨਾਲ ਪ੍ਰਸ਼ਾਸਨ



ਅਤੇ ਸਮਾਜ ਵੀ ਜ਼ਿੰਮੇਵਾਰ ਹੈ ਕਿਉਂਕਿ ਇਹਨਾਂ ਵਿਚੋਂ ਕਿਸੇ ਨੇ ਵੀ ਕਰੀਬ ਹਰ ਸਾਲ ਆਉਂਦੇ ਹੜ੍ਹਾਂ ਤੋਂ ਬਚਾਓ ਲਈ ਕੋਈ ਪੁਖ਼ਤਾ ਪ੍ਰਬੰਧ ਨਹੀਂ ਕੀਤੇ ਗਏ। ਇਸ ਤਰਾਂ ਮਾਨਸੂਨ ਦੀ ਬਰਸਾਤ ਪੰਜਾਬ ਸਮੇਤ ਹੋਰਨਾਂ ਸੂਬਿਆਂ ’ਚ ਵੱਡੀ ਆਫ਼ਤ ਬਣ ਗਈ ਹੈ।

ਇਸ ਸਮੇਂ ਸਾਡੀ ਸੁੰਦਰਤਾ ਤੇ ਸਿਆਣਪ ਕੰਕਰੀਟ ਦੀਆਂ ਆਲੀਸ਼ਾਨ ਇਮਾਰਤਾਂ, ਨਕਲੀ ਪੌਦਿਆਂ/ ਦਰਖਤਾਂ ਅਤੇ ਬਿਜਲੀ ਦੀਆਂ ਜਗਮਗ ਕਰਦੀਆਂ ਲੜੀਆਂ ਤਕ ਸੀਮਿਤ ਹੋ ਕੇ ਰਹਿ ਗਈ ਹੈ, ਪਰ ਅਸਲੀ ਪੌਦੇ ਲਗਾਉਣ ਅਤੇ ਹੜ੍ਹਾਂ ਵਰਗੀਆਂ ਕੁਦਰਤੀ ਕਰੋਪੀਆਂ ਤੋਂ ਬਚਾਓ ਲਈ ਢੁਕਵੇਂ ਪ੍ਰਬੰਧ ਕਰਨ ਵਿੱਚ ਮਨੁੱਖ ਪੂਰੀ ਤਰਾਂ ਫ਼ੇਲ੍ਹ ਹੋ ਗਿਆ ਹੈ। ਜੇ ਸਰਕਾਰ ਅਤੇ ਪ੍ਰਸ਼ਾਸਨ ਹੜ੍ਹਾਂ ਤੋਂ ਬਚਾਓ ਲਈ ਗੰਭੀਰ ਹੁੰਦਾ ਤਾਂ

(ਬਾਕੀ ਸਫ਼ਾ 29 ’ਤੇ)

## ਕਈ ਸੂਬਿਆਂ ’ਚ ਬਰਸਾਤ ਕਾਰਨ ਸਥਿਤੀ ਬੇਕਾਬੂ

ਪੰਜਾਬ, ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਉਤਰਾਖੰਡ, ਰਾਜਸਥਾਨ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ ਅਤੇ ਆਸਾਮ ਵਿੱਚ ਰੁਕ-ਰੁਕ ਕੇ ਅਤੇ ਕਦੇ-ਕਦੇ ਲਗਾਤਾਰ ਹੋ ਰਹੀ ਬਰਸਾਤ ਕਾਰਨ ਸਥਿਤੀ ਬੇਕਾਬੂ ਹੋ ਗਈ ਹੈ। ਇਸ ਕਾਰਨ ਇਨ੍ਹਾਂ ਰਾਜਾਂ ਵਿੱਚ ਬੱਦਲ ਫਟਣ, ਜ਼ਮੀਨ ਖਿਸਕਣ, ਬਿਜਲੀ ਡਿੱਗਣ ਅਤੇ ਪਾਣੀ ਭਰਨ ਆਦਿ ਕਾਰਨ 50 ਦੇ ਕਰੀਬ ਜਾਨਾਂ ਜਾ ਚੁੱਕੀਆਂ ਹਨ। ਇਹਨਾਂ ਰਾਜਾਂ ’ਚ ਨਦੀਆਂ ਕਿਨਾਰਿਆਂ ਤਕ ਭਰੀਆਂ ਪਈਆਂ ਹਨ ਅਤੇ ਪਟਿਆਲਾ ਕੀ ਰਾਓ, ਘੱਗਰ ਨਦੀ, ਸਤਲੁਜ ਦਰਿਆ, ਬਿਆਸ ਦਰਿਆ ਸਮੇਤ ਵੱਡੀ ਗਿਣਤੀ ਨਦੀਆਂ/ਦਰਿਆਵਾਂ ਵਿੱਚ ਵਧੇਰੇ ਪਾਣੀ ਆ ਜਾਣ ਕਾਰਨ ਇਹਨਾਂ ਨਦੀਆਂ ਦਾ ਪਾਣੀ ਉੱਛਲ ਕੇ ਰਿਹਾਇਸ਼ੀ ਇਲਾਕਿਆਂ ’ਚ ਚਲਾ ਗਿਆ ਹੈ। ਖੇਤਾਂ ’ਚ ਹਰ ਪਾਸੇ ਪਾਣੀ ਭਰਿਆ ਹੋਇਆ ਹੈ।



(ਬਾਕੀ ਸਫ਼ਾ 29 ’ਤੇ)

# ਅਮਰੀਕਾ ਦੇ ਵਰਮਾਂਟ ਸੂਬੇ ’ਚ ਆਇਆ ਭਿਆਨਕ ਹੜ੍ਹ

## 100 ਸੜਕਾਂ ਦੇ ਕਰੀਬ ਹੋਈਆਂ ਬੰਦ, 3-5 ਅਰਬ ਡਾਲਰ ਦੇ ਆਰਥਿਕ ਨੁਕਸਾਨ ਦੀ ਭਵਿੱਖਬਾਣੀ

ਵਰਮਾਂਟ/ਏ.ਟੀ.ਨਿਊਜ਼ : ਅਮਰੀਕਾ ਦੇ ਵਰਮਾਂਟ ਸੂਬੇ ਵਿੱਚ ਭਾਰੀ ਮੀਂਹ ਕਾਰਨ ਹੜ੍ਹ ਆ ਗਿਆ ਹੈ। ਇਸ ਕਾਰਨ ਡੈਮ ਦੇ ਓਵਰਫਲੋ ਹੋਣ ਦਾ ਖਤਰਾ ਵੱਧ ਗਿਆ ਹੈ। ਐਮਰਜੈਂਸੀ ਸੇਵਾ ਨੇ ਹੁਣ ਤੱਕ 117 ਲੋਕਾਂ ਨੂੰ ਬਚਾਇਆ ਹੈ। ਪਾਣੀ ਭਰ ਜਾਣ ਕਾਰਨ ਸੂਬੇ ਦੀਆਂ ਲਗਭਗ 100 ਸੜਕਾਂ ਬੰਦ ਹੋ ਗਈਆਂ।



ਅਮਰੀਕਾ ਦੇ ਰਾਸ਼ਟਰਪਤੀ ਜੋਅ ਬਿਡੇਨ ਨੇ ਵਰਮਾਂਟ ਵਿੱਚ ਐਮਰਜੈਂਸੀ ਦਾ ਐਲਾਨ ਕਰ ਦਿੱਤਾ ਹੈ। ਰਾਜ ਦੇ ਗਵਰਨਰ ਫਿਲ ਸਕਾਟ ਦੇ ਅਨੁਸਾਰ, ਵਰਮੌਂਟ ਵਿੱਚ ਪਿਛਲੇ ਦੋ ਦਿਨਾਂ ਵਿੱਚ ਓਨੀ ਹੀ ਬਾਰਿਸ਼ ਹੋਈ ਹੈ ਜਿੰਨੀ ਆਮ ਤੌਰ ’ਤੇ ਦੋ ਮਹੀਨਿਆਂ ਵਿੱਚ ਹੁੰਦੀ ਹੈ। ਰਾਇਟਰਜ਼ ਦੇ ਅਨੁਸਾਰ, ਨਿਊਯਾਰਕ, ਮੈਸਾਚੁਸੇਟਸ, ਕਨੈਕਟੀਕਟ ਵਿੱਚ ਵੀ ਪਿਛਲੇ ਕੁਝ ਦਿਨਾਂ ਵਿੱਚ 8 ਇੰਚ ਤੱਕ ਮੀਂਹ ਪਿਆ ਹੈ।

### 7 ਦਿਨ ਮੀਂਹ ਆਮ ਨਾਲੋਂ 300-500% ਵੱਧ ਪਿਆ

ਵਰਮੌਂਟ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੀਆਂ ਉਪਰਲੀਆਂ ਮੰਜ਼ਿਲਾਂ ’ਤੇ ਜਾਣ ਦੀ ਸਲਾਹ ਦਿੱਤੀ ਜਾ ਰਹੀ ਹੈ। ਹੜ੍ਹਾਂ ਕਾਰਨ ਐਕੂਵੇਦਰ ਕੰਪਨੀ ਨੇ 3-5 ਅਰਬ ਡਾਲਰ (24-41 ਹਜ਼ਾਰ ਕਰੋੜ) ਦੇ ਆਰਥਿਕ ਨੁਕਸਾਨ ਦੀ ਭਵਿੱਖਬਾਣੀ ਕੀਤੀ ਹੈ। ਮੌਸਮ ਦੀ ਭਵਿੱਖਬਾਣੀ ਕੇਂਦਰ ਨੇ ਕਿਹਾ ਕਿ ਸੱਤ ਦਿਨਾਂ ਦੀ ਬਾਰਿਸ਼ ਕੁੱਲ ਯੂ.ਐੱਸ. ਦੇ ਉੱਤਰ-ਪੂਰਬ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਆਮ ਪੱਧਰ ਦੇ 300% ਤੋਂ 500% ਤੱਕ ਸੀ।



ਇਸ ਦੇ ਨਾਲ ਹੀ ਰਾਸ਼ਟਰੀ ਮੌਸਮ ਸੇਵਾ ਨੇ ਫਿਰ ਤੋਂ ਬਾਰਿਸ਼ ਹੋਣ ਦੀ ਸੰਭਾਵਨਾ ਜਤਾਈ ਹੈ। ਹਾਲਾਂਕਿ, ਦੂਜੇ ਪਾਸੇ ਉਮੀਦ ਕੀਤੀ ਜਾ ਰਹੀ ਹੈ ਕਿ ਇਸ ਵਾਰ ਇਹ ਇੰਨਾ ਤੇਜ਼ ਨਹੀਂ ਹੋਵੇਗੀ।

(ਬਾਕੀ ਸਫ਼ਾ 29 ’ਤੇ)

# ਕੈਲੀਫੋਰਨੀਆ ਸੈਨੇਟ ਜੁਡੀਸ਼ਰੀ ਕਮੇਟੀ ਨੇ ਜਾਤੀ ਭੇਦਭਾਵ ਬਿਲ ਨੂੰ ਮਨਜ਼ੂਰੀ ਦਿਤੀ






ਫਰੀਮਾਂਟ/ਏ.ਟੀ.ਨਿਊਜ਼: ਕੈਲੀਫੋਰਨੀਆ ਸੈਨੇਟ ਜੁਡੀਸ਼ਰੀ ਕਮੇਟੀ ਨੇ 8-0 ਦੇ ਵੋਟ ਨਾਲ ਜਾਤ-ਆਧਾਰਿਤ ਵਿਤਕਰੇ ’ਤੇ ਪਾਬੰਦੀ ਲਗਾਉਣ ਲਈ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ।

ਇਹ ਬਿੱਲ ਹੁਣ ਵਿਚਾਰ ਲਈ ਸਦਨ ਵਿੱਚ ਜਵੇਗਾ। ਇਹ ਸੈਨੇਟਰ ਆਇਸ਼ਾ ਦੀ ਸਮਾਜਿਕ ਨਿਆਂ ਲਈ ਅਣਥੱਕ ਵਕਾਲਤ ਦੀ ਜਿੱਤ ਹੈ। ਇਹ ਬਿਲ ਪਾਸ ਹੋਣ ਨਾਲ ਕੈਲੇਫੋਰਨੀਆ ’ਚ ਜਾਤ-ਪਾਤ ਅਧਾਰਤ ਵਿਤਕਰੇ ਨੂੰ ਗੈਰਕਨੂੰਨੀ ਮੰਨਦਿਆਂ ਵਿਤਕਰਾ ਕਰਨ ਵਾਲੇ ਖਿਲਾਫ ਕਨੂੰਨਨ ਕਾਰਵਾਈ ਹੋ ਸਕੇਗੀ। ਪਹਿਲਾਂ ਇਹ ਬਿੱਲ ਕੈਲੇਫੋਰਨੀਆ ਸੈਨੇਟ ਵਿੱਚ ਪਾਸ ਹੋ ਚੁੱਕਾ ਹੈ।

ਇਸ ਬਿੱਲ ਨੂੰ ਅਫਗਾਨ-ਅਮਰੀਕਨ ਮੂਲ ਦੀ ਫਰੀਮਾਂਟ ਤੋਂ ਡੈਮੋਕਰੈਟਿਕ ਸੈਨੇਟਰ ਆਇਸ਼ਾ ਵਹਾਬ ਨੇ ਲਿਆਂਦਾ ਸੀ। ਪਹਿਲੇ ਪਹਿਲ ਉਸ ’ਤੇ ਹਰ ਤਰੀਕੇ ਦਬਾਅ ਪਾਇਆ ਗਿਆ ਕਿ ਬਿੱਲ ਵਿੱਚੋਂ ਲਫਜ਼ ਜ਼ਾਤ ਕੱਢ ਦਿੱਤਾ ਜਾਵੇ। ਪਰ ਨਿਆਂਪਾਲਿਕਾ ਦੇ ਚੇਅਰਪਰਸਨ ਬ੍ਰਾਇਨ ਮੇਨਸ਼ੇਨ, ਸੈਨ ਡਿਏਗੋ ਡੈਮੋਕਰੇਟ, ਵੱਲੋਂ ਬਿੱਲ ਵਿੱਚੋਂ ਜਾਤ ਸ਼ਬਦ ਨੂੰ ਹਟਾਉਣ ਅਤੇ ਬਦਲਣ ਦੇ ਪਹਿਲੇ ਸੁਝਾਵਾਂ ਨੂੰ ਰੱਦ ਕਰ ਦਿੱਤਾ ਹੈ।

ਵਹਾਬ ਨੇ ਕਮੇਟੀ ਦੀ ਸੁਣਵਾਈ ਤੋਂ ਬਾਅਦ ਇੱਕ ਬਿਆਨ ਵਿੱਚ ਕਿਹਾ ਇਹ ਬਿਲ ਜਾਤੀ ਭੇਦਭਾਵ ਨੂੰ ਖਤਮ ਕਰੇਗਾ। ਇਸ ਬਿੱਲ ਵਿੱਚ ਸ਼ਾਮਲ ਪਰਿਭਾਸ਼ਾ ਅਤੇ ਸੁਰੱਖਿਆ ਲੱਖਾਂ ਲੋਕਾਂ ਦੀ ਸੁਰੱਖਿਆ ਕਰੇਗੀ।

ਬਿਲ ਦੇ ਸਮਰਥਨ ਵਿੱਚ ਬੋਲਣ ਵਾਲੇ ਦੋ ਗਵਾਹਾਂ ਵਿੱਚੋਂ ਇੱਕ, ਕਾਰਜ ਸਥਾਨ ਦੀ ਵਕੀਲ ਤਰੀਨਾ ਮੰਡ ਨੇ ਕਿਹਾ ਕਿ ਇਹ ਬਿਲ ਕੈਲੀਫੋਰਨੀਆ ਨੂੰ ਸਾਰਿਆਂ ਲਈ ਇੱਕ ਨਿਆਂਪੂਰਨ ਅਤੇ ਬਰਾਬਰੀ ਵਾਲਾ ਸਥਾਨ ਬਣਾਉਣ ਲਈ ਇੱਕ ਮਹੱਤਵਪੂਰਨ ਬਿੱਲ ਹੈ। ਵੋਟਿੰਗ ਤੋਂ ਬਾਅਦ, ਸਮਰਥਕਾਂ ਨੇ ਜ਼ਿੰਦਾਬਾਦ ਦੇ ਨਾਅਰੇ ਲਾਉਂਦੇ ਹੋਏ ਸੁਣਵਾਈ ਵਾਲੇ ਕਮਰੇ ਤੋਂ ਬਾਹਰ ਮਾਰਚ ਕੀਤਾ।

ਦੂਜੇ ਪਾਸੇ ਵਿਰੋਧੀ ਧਿਰ ਹਿੰਦੂ ਅਮਰੀਕਨ ਫਾਊਂਡੇਸ਼ਨ ਦੇ ਮੈਨੇਜਿੰਗ ਡਾਇਰੈਕਟਰ ਸਮੀਰ ਕਾਲੜਾ, ਨੇ ਕਿਹਾ ਕਿ ਉਹ ਨਿਰਾਸ਼ ਜ਼ਰੂਰ ਹਨ ਪਰ ਵਿਧਾਨ ਸਭਾ ਦੁਆਰਾ ਬਿੱਲ ’ਤੇ ਵੋਟ ਪਾਉਣ ਤੋਂ ਪਹਿਲਾਂ ਇਸ ਮੁੱਦੇ ’ਤੇ ਸੰਸਦ ਮੈਂਬਰਾਂ ਨੂੰ ਜਾਗਰੂਕ ਕਰਨ ਦੀ ਕੋਸ਼ਿਸ਼ ਨੂੰ ਜਾਰੀ ਰੱਖਣਗੇ।

ਹਾਲਾਂਕਿ ਕਈ ਦੇਸ਼ਾਂ ਵਿੱਚ ਜਾਤ ਪ੍ਰਣਾਲੀ ਮੌਜੂਦ ਹੈ, ਇਹ ਆਮ ਤੌਰ ’ਤੇ ਭਾਰਤ ਨਾਲ ਜੁੜੀ ਹੋਈ ਹੈ, ਜਿੱਥੇ ਇਸਨੂੰ 1950 ਵਿੱਚ ਗੈਰਕਾਨੂੰਨੀ ਕਰਾਰ ਦਿੱਤਾ ਗਿਆ ਸੀ ਪਰ ਇਸਦੀ ਵਿਰਾਸਤ ਅਜੇ ਵੀ ਬਣੀ ਹੋਈ ਹੈ।

ਦੱਸਣਯੋਗ ਹੈ ਕਿ ਸਿੱਖ ਜਥੇਬੰਦੀਆਂ ਇਸ ਮਤੇ ਦੀ ਪੁਰਜ਼ੋਰ ਹਮਾਇਤ ਕਰ ਰਹੀਆਂ ਹਨ। ਇਸਤੋਂ ਪਹਿਲਾਂ ਅਜਿਹਾ ਬਿੱਲ ਸਿਟੀ ਆਫ਼ ਸਿਆਟਲ ਅਤੇ ਟਰਾਂਟੋ ਸਕੂਲ ਬੋਰਡ ਵੱਲੋਂ ਵੀ ਪਾਸ ਕੀਤਾ ਜਾ ਚੁੱਕਾ ਹੈ।

# ਅੰਤਰਰਾਸ਼ਟਰੀ ਗਦਰ ਯਾਦਗਾਰੀ ਸਮੂਹ ਦੇ ਮੋਢੀ ਸੁਦੇਸ਼ ਸਿੰਘ ਅਟਵਾਲ ਦੀ ਹੋਈ ਅੰਤਮ ਅਰਦਾਸ




ਹੇਵਰਡ-ਕੈਲੇਫੋਰਨੀਆ/ਪ੍ਰਮਿੰਦਰ ਸਿੰਘ ਪ੍ਰਵਾਨਾ: ਬੀਤੇ ਦਿਨੀਂ ਪੰਜਾਬੀ ਭਾਈਚਾਰੇ ਦੇ ਉੱਘੇ ਆਗੂ ਸੁਦੇਸ਼ ਸਿੰਘ ਅਟਵਾਲ ਅਕਾਲ ਚਲਾਣਾ ਕਰ ਗਏ ਸਨ। ਅਟਵਾਲ ਦਾ ਪਿਛੋਕੜ ਪਿੰਡ ਖੁਰਦਪੁਰ (ਪੰਜਾਬ) ਹੈ। ਉਹਨਾਂ ਦੇ ਪਿਤਾ ਜੀ ਲਛਮਣ ਸਿੰਘ ਕਨੇਡੀਅਨ ਸਦਰ ਪਾਰਟੀ ਦੇ ਸਰਗਰਮ ਮੈਂਬਰ ਸਨ। ਉਹਨਾਂ ਦੇ ਪਿਤਾ ਜੀ ਨੂੰ ਸਕੂਲ ਵਾਲਾ ਬਾਬਾ ਕਿਹਾ ਜਾਂਦਾ ਸੀ ਕਿਉਂਕਿ ਉਹਨਾਂ ਨੇ ਆਪਣੇ ਪਿੰਡ ਵਿੱਚ ਗੁਰੂ ਨਾਨਕ ਕੰਨਿਆ ਮਹਾਂਵਿਦਿਆਲਾ ਚਲਾਇਆ ਸੀ, ਜਦੋਂ ਲੜਕੀਆਂ ਦੀ ਪੜ੍ਹਾਈ ਵੱਲ ਸਾਡੇ ਸਮਾਜ ਵੱਲੋਂ ਕੋਈ ਖਾਸ ਧਿਆਨ ਨਹੀਂ ਦਿੱਤਾ ਜਾਂਦਾ ਸੀ। ਬਾਅਦ ਵਿੱਚ ਸਕੂਲ ਸਰਕਾਰੀ ਮਾਨਤਾ ਪ੍ਰਾਪਤ ਹੋ ਗਿਆ ਹੈ ਅਤੇ ਸਫਲਤਾ ਨਾਲ ਚੱਲ ਰਿਹਾ ਹੈ। ਅਟਵਾਲ ਨੇ ਅੱਜ ਤਕ ਉਸ ਸਕੂਲ ਦੀ ਸੰਭਾਲ ਕੀਤੀ ਹੈ। ਸਮੇਂ ਸਮੇਂ ਮੁਰੰਮਤ ਵੀ ਕਰਵਾਈ ਹੈ। ਸੇਵਾ ਦੀ ਭਾਵਨਾ ਅਤੇ ਗਦਰ ਉਸ ਨੂੰ ਗੁੜ੍ਹਤੀ ਵਿੱਚ ਮਿਲਿਆ ਹੈ। ਉਹਨਾਂ ਦੇ ਤਾਇਆ ਜੀ ਬਲਵੰਤ ਸਿੰਘ ਕੈਨੇਡੀਅਨ ਗਦਰੀ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਅਟਵਾਲ ਨੇ 2008 ਵਿੱਚ ਅਮਰੀਕਾ ਵਿੱਚ ਅੰਤਰਰਾਸ਼ਟਰੀ ਗਦਰ ਯਾਦਗਾਰੀ ਸਮੂਹ ਦੀ ਸਥਾਪਨਾ ਕੀਤੀ। ਉਹ ਸਮੂਹ ਦੇ ਮੋਢੀ ਸਨ, ਜਿਸ ਹੇਠ ਮਹੀਨੇਵਾਰ ਅਤੇ ਸਾਲਾਨਾ ਪ੍ਰੋਗਰਾਮਾਂ ਅਧੀਨ ਗਦਰ ਦਾ ਸੁਨੇਹਾ ਘਰ ਘਰ ਪਹੁੰਚਾਇਆ। ਉਹਨਾਂ ਦੀ ਅੰਤਿਮ ਅਰਦਾਸ ਵਿੱਚ ਵੱਡੀ ਗਿਣਤੀ ਵਿੱਚ ਦੂਰ ਦੁਰਾਡੇ ਤੋਂ ਸੰਗਤਾਂ, ਦੋਸਤ, ਮਿੱਤਰ, ਰਿਸ਼ਤੇਦਾਰ ਅਤੇ ਭਾਈਚਾਰੇ ਦੇ ਆਗੂ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਬੁਲਾਰਿਆਂ ਨੇ ਭਾਵ ਭਿੰਨੀ ਸ਼ਰਧਾਂਜਲੀ ਅਰਪਣ ਕੀਤੀ। ਜਿਨ੍ਹਾਂ ਵਿੱਚ ਉਹਨਾਂ ਦੀ ਦੋਹਤੀ ਨੂਰ ਕੌਰ, ਦੋਹਤੀ ਅੰਮ੍ਰਿਤਾ ਗਿੱਲ ਅਤੇ ਪੋਤਾ ਕਰਨ ਸਿੰਘ ਅਟਵਾਲ ਨੇ ਆਪਣੇ ਨਾਨੇ ਦਾਦੇ ਦੇ ਪਿਆਰ ਭਰੇ ਸੁਭਾਅ ਦੀਆਂ ਯਾਦਾਂ ਸਾਂਝੀਆਂ ਕੀਤੀ। ਖਾਸ ਕਰਕੇ ਉਹਨਾਂ ਨੇ ਬੱਚਿਆਂ ਨੂੰ ਪਿਆਰ ਮਿਲਵਰਤਣ ਨਾਲ ਰਹਿਣ ਦੀ ਸਿੱਖਿਆ ਦਿੱਤੀ ਅਤੇ ਆਪਣੇ ਸਿੱਖ ਇਤਿਹਾਸ ਦੇ ਗੌਰਵਮਈ ਵਿਰਸੇ ਨਾਲ ਜੋੜਿਆ। ਦੂਸਰਿਆਂ ਦੀ ਖਿੜੇ ਮੱਥੇ ਮਦਦ ਕਰਨ ਦੀ ਪ੍ਰੇਰਣਾ ਦਿੱਤੀ। ਹੋਰ ਬੁਲਾਰਿਆਂ ਵਿੱਚ ਨਜਦੀਕੀ ਨੈਫਊ ਕੋਰੀ ਮਿਨਹਾਸ, ਪ੍ਰੀਤਮ ਸਿੰਘ ਜੱਗਾ ਨੰਗਲ, ਜਸਵਿੰਦਰ ਸਿੰਘ ਜੰਡੀ, ਗੁਰਦੁਆਰਾ ਸਾਹਿਬ ਫਰੀਮੈਂਟ, ਜਸਬੀਰ ਸਿੰਘ ਤੱਖਰ, ਗੁਰਚਰਨ ਸਿੰਘ ਮਾਨ, ਸੁਖਦੇਵ ਸਿੰਘ ਮੁੰਡੀਆ, ਕੁਲਦੀਪ ਸਿੰਘ ਕਾਲਕਟ ਆਦਿ ਦੀ ਵਿਚਾਰ ਧਾਰਾ ਨਾਲ ਇਹ ਗਲ ਸਾਹਮਣੇ ਆਈ ਕਿ ਉਹ ਹਸਮੁੱਖ, ਮਿਲਣਸਾਰ ਅਤੇ ਮਦਦਗਾਰ ਇਨਸਾਨ ਸਨ। ਉਪਰੰਤ ਜਿਥੇ ਉਹਨਾਂ ਨੇ ਆਪਣੇ ਵਿਸ਼ਾਲ ਪਰਿਵਾਰ ਦੀ ਜਿੰਮੇਵਾਰ ਨਿਭਾਈ ਉਥੇ ਲੋੜਵੰਦਾਂ ਦੀ ਦਿਲ ਖੋਹਲ ਕੇ ਸੇਵਾ ਕੀਤੀ। ਜਿਵੇਂ ਨਵੇਂ ਆਏ ਲੋੜਵੰਦਾਂ ਨੂੰ ਸਿਕਿਓਰਟੀ ਦੀ ਨੌਕਰੀ ਲਗਵਾਈ। ਉਹਨਾਂ ਨੂੰ ਕੰਮ ਤੇ ਛੱਡ ਕੇ ਆਉਣਾ, ਕਾਗਜ਼ੀ ਕਾਰਵਾਈ ਵਿੱਚ ਮਦਦ (ਬਾਕੀ ਸ.ਫ਼ਾ 31 ’ਤੇ)

SEEKING GROOM

Jat Sikh well educated and well settled family seeking suitable match for their September, 2001 US born 5’-4” daughter. Turban wearing keshadari young man and compatible humble family is preference, but not limited to. She possesses a degree in Business Management and Supervision. Employed as a Federal employee in the Bay Area(California)

Contact Ph: 510-861-6491
or pgrrealty@gmail.com

## ਪੜ੍ਹਾਈ ’ਚ ਪਿਛੜੇ ਅਮਰੀਕੀ ਬੱਚੇ



ਕੈਲੀਫੋਰਨੀਆ/ਏ.ਟੀ.ਨਿਊਜ਼: ਅਮਰੀਕਾ ਵਿੱਚ, ਅੱਠਵੀਂ ਜਮਾਤ ਤੱਕ ਦੇ ਸਕੂਲੀ ਬੱਚਿਆਂ ਨੇ ਅਰਬਾਂ ਡਾਲਰ ਖਰਚ ਕੀਤੇ ਜਾਣ ਦੇ ਬਾਵਜੂਦ ਉਮੀਦ ਅਨੁਸਾਰ ਵਿਦਿਅਕ ਲਾਭ ਪ੍ਰਾਪਤ ਨਹੀਂ ਕੀਤੇ ਹਨ। ਗਣਿਤ ਅਤੇ ਪੜ੍ਹਨ ਵਿੱਚ ਉਸਦਾ ਪ੍ਰਦਰਸ਼ਨ ਵਿਗੜ ਗਿਆ ਹੈ। ਕੁਝ ਮਾਮਲਿਆਂ ਵਿੱਚ, ਉਹ ਮਹਾਂਮਾਰੀ ਤੋਂ ਬਾਅਦ ਹੋਰ ਵੀ ਪਿੱਛੇ ਜਾ ਰਹੇ ਹਨ। ਜਦੋਂ ਕਿ ਇਹ ਮੰਨਿਆ ਜਾਂਦਾ ਸੀ ਕਿ ਬੱਚੇ ਤੇਜ਼ ਰਫਤਾਰ ਨਾਲ ਸਿੱਖ ਰਹੇ ਹੋਣਗੇ। ਇਹ ਦਾਅਵਾ ਗੈਰ-ਲਾਭਕਾਰੀ ਸੰਗਠਨ ਨਾਰਥਵੈਸਟ ਇਵੈਲੂਏਸ਼ਨ ਐਸੋਸੀਏਸ਼ਨ (ਐਨ.ਡਬਲਿਊ.ਈ.ਏ.) ਦੁਆਰਾ ਦੇਸ਼ ਵਿਆਪੀ ਅਧਿਐਨ ਵਿੱਚ ਕੀਤਾ ਗਿਆ ਹੈ।

ਮਾਹਿਰਾਂ ਦਾ ਕਹਿਣਾ ਹੈ ਕਿ ਇਹ ਉਹ ਸਥਿਤੀ ਹੈ ਜਦੋਂ ਸਿੱਖਿਆ ਨੂੰ ਸੁਧਾਰਨ ਅਤੇ ਮਾਨਸਿਕ ਸਿਹਤ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਸਕੂਲਾਂ ਨੂੰ 10 ਲੱਖ ਕਰੋੜ ਰੁਪਏ ਦਾ ਫੰਡ ਦਿੱਤਾ ਗਿਆ ਸੀ, ਪਰ ਨਤੀਜੇ ਸਿਰਫ਼ ਨਿਰਾਸ਼ਾ ਹੀ ਲੈ ਕੇ ਆਏ। ਅਧਿਐਨ ਦੌਰਾਨ ਸਰਕਾਰੀ ਸਕੂਲਾਂ ਦੇ 67 ਲੱਖ ਬੱਚਿਆਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ। ਇਸ ਮੁਤਾਬਕ ਤੀਜੀ ਜਮਾਤ ਦੇ ਵਿਦਿਆਰਥੀਆਂ ਦਾ ਨੁਕਸਾਨ ਘੱਟ ਹੋਇਆ ਕਿਉਂਕਿ ਉਹ ਮਹਾਂਮਾਰੀ ਦੇ ਸਮੇਂ ਕੇ.ਜੀ. ਬਾਕੀ ਵਿਦਿਆਰਥੀ ਪ੍ਰੀ-ਕੋਵਿਡ ਨਾਲੋਂ ਵੀ ਕਮਜ਼ੋਰ ਸਨ।

ਖੋਜਕਰਤਾ ਕੈਰਨ ਲੁਈਸ ਦਾ ਕਹਿਣਾ ਹੈ ਕਿ ਭਾਵੇਂ ਕੋਈ ਐਮਰਜੈਂਸੀ ਨਹੀਂ ਹੈ, ਫਿਰ ਵੀ ਬੱਚੇ ਇਸਦੇ ਨਤੀਜੇ ਭੁਗਤ ਰਹੇ ਹਨ। ਭਾਵ, ਰਿਕਵਰੀ ਤੇਜ਼ ਅਤੇ ਆਸਾਨ ਨਹੀਂ ਹੈ।

## ਸਕਾਟਲੈਂਡ ’ਚ ਨਸ਼ੇ ਰੱਖਣ ’ਤੇ ਮਿਲ ਸਕਦੀ ਹੈ ਛੋਟ, ਕਾਨੂੰਨ ਬਣਾਉਣ ਦੀ ਤਿਆਰੀ



ਲੰਡਨ/ਏ.ਟੀ.ਨਿਊਜ਼: ਸਕਾਟਲੈਂਡ ਦੀ ਸਰਕਾਰ ਨਸ਼ੇ ਦੀ ਓਵਰਡੋਜ਼ ਨਾਲ ਹੋਣ ਵਾਲੀਆਂ ਮੌਤਾਂ ਦੀ ਵੱਧ ਰਹੀ ਗਿਣਤੀ ਨਾਲ ਨਜਿੱਠਣ ਲਈ ਨਿੱਜੀ ਵਰਤੋਂ ਲਈ ਕਿਸੇ ਵੀ ਕਿਸਮ ਦੇ ਨਸ਼ੀਲੇ ਪਦਾਰਥਾਂ ਨੂੰ ਰੱਖਣ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਮੁਕਤ ਕਰਨ ਦਾ ਪ੍ਰਸਤਾਵ ਲਿਆ ਰਹੀ ਹੈ ਪਰ ਇਸ ਸੁਝਾਅ ਦਾ ਬ੍ਰਿਟੇਨ ਦੀ ਕੰਜ਼ਰਵੇਟਿਵ ਸਰਕਾਰ ਨੇ ਵਿਰੋਧ ਕੀਤਾ ਹੈ। ਉਸਨੇ ਕਿਹਾ ਹੈ ਕਿ ਉਸ ਦੀ ਡਰੱਗ ਕਾਨੂੰਨਾਂ ਨੂੰ ਕਮਜ਼ੋਰ ਕਰਨ ਦੀ ਕੋਈ ਯੋਜਨਾ ਨਹੀਂ ਹੈ। ਸੁਤੰਤਰਤਾ ਸਮਰਥਕ ਸਕਾਟਿਸ਼ ਨੈਸ਼ਨਲ ਪਾਰਟੀ ਦੀ ਅਗਵਾਈ ਵਾਲੀ ਅਰਧ-ਖੁਦਮੁਖਤਿਆਰੀ ਐਡਿਨਬਰਗ ਸਰਕਾਰ ਨੇ ਬੀਤੇ ਦਿਨੀਂ ਕਿਹਾ ਕਿ ਨਸ਼ੀਲੇ ਪਦਾਰਥਾਂ ਦੇ ਰੱਖਣ ਲਈ ਅਪਰਾਧਿਕ ਸਜ਼ਾਵਾਂ ਨੂੰ ਹਟਾਉਣ ਨਾਲ ‘ਨਸ਼ਾ ਰੱਖਣ’ ਦੀ ਇਜਾਜ਼ਤ ਮਿਲੇਗੀ। ਸਕਾਟਲੈਂਡ ਯੂਰਪ ਵਿੱਚ ਸਭ ਤੋਂ ਵੱਧ ਨਸ਼ੇ ਦੀ ‘ਓਵਰਡੋਜ਼’ ਮੌਤਾਂ ਵਾਲੇ ਸਥਾਨਾਂ ਵਿੱਚੋਂ ਇੱਕ ਹੈ। ਸਕਾਟਲੈਂਡ ਵਿੱਚ ਨਸ਼ੇ ਦੀ ਓਵਰਡੋਜ਼ ਮੌਤ ਦਰ ਯੂਕੇ ਨਾਲੋਂ ਤਿੰਨ ਗੁਣਾ ਹੈ।

**ਮਾਮਲਾ ਸਿੱਖ ਜੁਝਾਰੂਆਂ ਦੇ ਕਤਲ ਦਾ**

# ਭਾਰਤੀ ਦੂਤਘਰ ਸਾਹਮਣ ਖ਼ਾਲਿਸਤਾਨੀਆਂ ਵੱਲੋਂ ਭਾਰਤ ਵਿਰੁੱਧ ਰੋਸ ਪ੍ਰਦਰਸ਼ਨ

## ਕੈਨੇਡਾ ਨੇ ਭਾਰਤ ਨੂੰ ਕਿਹਾ ਕਿ ਅਸੀਂ ਲੋਕਤੰਤਰੀ ਢੰਗ 'ਤੇ ਪਾਬੰਦੀ ਨਹੀਂ ਲਗਾ ਸਕਦੇ







ਟੋਰਾਂਟੋ/ਏ.ਟੀ.ਨਿਊਜ਼: ਖ਼ਾਲਿਸਤਾਨ ਸਮਰਥਕਾਂ ਨੇ ਬੀਤੀ 8 ਜੁਲਾਈ ਨੂੰ ਵੱਖ-ਵੱਖ ਦੇਸ਼ਾਂ ਕੈਨੇਡਾ, ਅਮਰੀਕਾ ਅਤੇ ਬਰਤਾਨੀਆ ਦੇ ਨਾਲ-ਨਾਲ ਆਸਟ੍ਰੇਲੀਆ ਵਿੱਚ ਵੀ 'ਕਿੱਲ ਇੰਡੀਆ' ਰੋਸ ਰੈਲੀ ਤਹਿਤ ਖ਼ਾਲਿਸਤਾਨੀ ਝੰਡੇ ਲੈਕੇ ਭਾਰਤ ਵਿਰੋਧੀ ਪ੍ਰਦਰਸ਼ਨ ਕੀਤਾ। ਖ਼ਾਲਿਸਤਾਨੀਆਂ ਨੇ ਕੈਨੇਡਾ ਦੇ ਸ਼ਹਿਰ ਟੋਰਾਂਟੋ ਵਿੱਚ ਭਾਰਤੀ ਕੌਂਸਲੇਟ ਦੇ ਸਾਹਮਣੇ ਪ੍ਰਦਰਸ਼ਨ ਕੀਤਾ। ਇਹ ਵਿਰੋਧ ਉਦੋਂ ਹੋ ਰਿਹਾ ਸੀ ਜਦੋਂ ਕੈਨੇਡਾ ਵਿੱਚ ਖ਼ਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਭਾਈ ਨਿੱਝਰ ਦੇ ਕਾਤਲਾਂ ਦਾ ਅਜੇ ਤੱਕ ਸਰਕਾਰੀ ਪੱਧਰ ਉਪਰ ਖੁਲਾਸਾ ਨਹੀਂ ਹੋਇਆ ਹੈ। ਟੋਰਾਂਟੋ ਵਿੱਚ ਭਾਰਤੀ ਡਿਪਲੋਮੈਟਾਂ ਨੂੰ ਨਿਸ਼ਾਨਾ ਬਣਾਉਣ ਵਾਲੇ ਧਮਕੀ ਭਰੇ ਪੋਸਟਰ ਦੇਖੇ ਗਏ ਹਨ। ਬੈਟਲਫੀਲਡ ਸਿਰਲੇਖ ਵਾਲਾ ਪੋਸਟਰ ਬੀਤੇ ਸ਼ੁੱਕਰਵਾਰ ਨੂੰ ਬਰੈਂਪਟਨ ਦੇ ਭਾਰਤ ਮਾਤਾ ਮੰਦਰ ਦੇ ਬਾਹਰ ਲਗਾਇਆ ਗਿਆ ਸੀ। ਮੰਦਿਰ ਦੇ ਬਾਹਰ ਲਗਾਏ ਗਏ ਪੋਸਟਰਾਂ ਵਿੱਚ ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ, ਟੋਰਾਂਟੋ ਵਿੱਚ ਭਾਰਤ ਦੇ ਕੌਂਸਲ ਜਨਰਲ ਅਪੂਰਵਾ ਸ਼੍ਰੀਵਾਸਤਵ ਅਤੇ ਵੈਨਕੂਵਰ ਵਿੱਚ ਭਾਰਤ ਦੇ ਕੌਂਸਲ ਜਨਰਲ ਮਨੀਸ਼ ਦੀਆਂ ਤਸਵੀਰਾਂ ਸਨ। ਪੋਸਟਰ ਸਾਹਮਣੇ ਆਉਣ ਤੋਂ ਬਾਅਦ ਭਾਰਤ ਨੇ ਕੈਨੇਡਾ ਨੂੰ ਡਿਪਲੋਮੈਟਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਕਿਹਾ ਸੀ। ਵਾਇਸ ਆਫ਼ ਅਮਰੀਕਾ ਦੀ ਰਿਪੋਰਟ ਮੁਤਾਬਕ ਕੈਨੇਡੀਅਨ ਅਧਿਕਾਰੀਆਂ ਨੇ ਦੱਸਿਆ ਕਿ ਕਈ ਥਾਂਵਾਂ 'ਤੇ ਪੁਲਿਸ ਸੁਰੱਖਿਆ ਵਧਾ ਦਿੱਤੀ ਗਈ ਹੈ।

ਲਗਭਗ 250 ਖ਼ਾਲਿਸਤਾਨੀ ਸਮਰਥਕ ਭਾਰਤ ਦੇ ਕੌਂਸਲੇਟ ਦੀ ਰਿਹਾਇਸ਼ ਵਾਲੀ ਇਮਾਰਤ ਤੋਂ ਸੜਕ ਦੇ ਪਾਰ ਇਕੱਠੇ ਹੋਏ। ਸਿੱਖਸ ਫਾਰ ਜਸਟਿਸ ਦੀ ਹਮਾਇਤ ਪ੍ਰਾਪਤ ਵਿਰੋਧ ਪ੍ਰਦਰਸ਼ਨ ਬਦਨਾਮ 'ਕਿਲ ਇੰਡੀਆ' ਪੋਸਟਰਾਂ ਦੇ ਆਨਲਾਈਨ ਪ੍ਰਸਾਰਣ ਦੁਆਰਾ ਪ੍ਰਚਾਰਿਆ ਗਿਆ ਸੀ, ਜਿਸ ਵਿੱਚ ਕੈਨੇਡਾ ਵਿੱਚ ਭਾਰਤ ਦੇ ਸਭ ਤੋਂ ਸੀਨੀਅਰ ਰਾਜਦੂਤਾਂ ਨੂੰ ਖਾਲਿਸਤਾਨੀ ਜੁਝਾਰੂਆਂ ਦੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਸੀ। ਸਿੱਖਸ ਫਾਰ ਜਸਟਿਸ ਭਾਈ ਨਿੱਝਰ ਦੀ ਹੱਤਿਆ ਲਈ ਭਾਰਤੀ ਏਜੰਸੀ ਨੂੰ ਜ਼ਿੰਮੇਵਾਰ ਠਹਿਰਾ ਰਿਹਾ ਹੈ। ਖ਼ਾਲਿਸਤਾਨੀ ਗਰੁੱਪ ਨੇ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਕਤਲ ਕੀਤੇ ਗਏ ਸਿੱਖਸ ਫਾਰ ਜਸਟਿਸ ਆਗੂ ਹਰਦੀਪ ਸਿੰਘ ਨਿੱਝਰ ਦੇ ਪੋਸਟਰ ਫੜੇ ਹੋਏ ਸਨ। ਪੋਸਟਰਾਂ ਵਿੱਚ ਇਸ ਕਤਲ ਪਿੱਛੇ ਭਾਰਤ ਦਾ ਹੱਥ ਹੋਣ ਦਾ ਦੋਸ਼ ਲਾਇਆ ਗਿਆ ਸੀ। ਉਨ੍ਹਾਂ ਵਿੱਚੋਂ ਕੁਝ ਨੇ ਖਾਲਿਸਤਾਨ ਦੇ ਮਹਾਨ ਗਣਰਾਜ ਅਤੇ ਏਕੇ 47 ਦੀ ਤਸਵੀਰ ਵਾਲੀਆਂ ਜੈਕਟਾਂ ਵੀ ਪਹਿਨੀਆਂ ਹੋਈਆਂ ਸਨ। ਭਾਰਤੀ ਵਣਜ ਦੂਤਘਰ ਦੇ ਬਾਹਰ ਭਾਰਤ ਵਿਰੋਧੀ ਰੈਲੀ ਦੌਰਾਨ ਹਿੰਦੂ ਰਾਸ਼ਟਰ ਵਾਦੀਆਂ ਨੂੰ ਕੁੱਟਣ ਕਾਰਨ ਪੁਲਿਸ ਨੇ ਦੋ ਖ਼ਾਲਿਸਤਾਨੀ ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਵੀ ਕੀਤਾ ਸੀ।

ਆਸਟ੍ਰੇਲੀਆ ਵਿੱਚ ਭਾਰਤੀ ਹਾਈ ਕਮਿਸ਼ਨਰ ਮਨਪ੍ਰੀਤ ਵੋਹਰਾ ਅਤੇ ਮੈਲਬੌਰਨ ਵਿਚ ਭਾਰਤ ਦੇ ਕੌਂਸਲ ਜਨਰਲ ਡਾਕਟਰ ਸੁਸ਼ੀਲ ਕੁਮਾਰ ਨੂੰ ਧਮਕੀਆਂ ਦੇਣ ਤੋਂ ਬਾਅਦ 8 ਜੁਲਾਈ ਨੂੰ ਹੋਏ ਕਤਲ ਦੇ ਵਿਰੋਧ ਵਿੱਚ ਖ਼ਾਲਿਸਤਾਨੀ ਸਮਰਥਕ ਵੱਡੀ ਗਿਣਤੀ ਵਿੱਚ ਮੈਲਬੌਰਨ ਵਿੱਚ ਭਾਰਤੀ ਕੌਂਸਲੇਟ ਦੇ ਬਾਹਰ ਇਕੱਠੇ ਹੋਏ ਸਨ। ਦਿ ਆਸਟ੍ਰੇਲੀਆ ਟੂਡੇ ਦੇ ਅਨੁਸਾਰ, ਖ਼ਾਲਿਸਤਾਨੀਆਂ ਨੇ ਸੇਂਟ ਕਿਲਡਾ ਰੋਡ 'ਤੇ ਪ੍ਰਦਰਸ਼ਨ ਦੌਰਾਨ ਕੁਝ ਭਾਰਤੀਆਂ ਨਾਲ ਟਕਰਾਅ ਹੋਇਆ। ਭਾਰਤੀ ਦੂਤਾਵਾਸ ਦੇ ਬਾਹਰ ਲੱਗੇ ਪੋਸਟਰਾਂ ਵਿੱਚੋਂ ਇੱਕ ਵਿੱਚ ਇੱਕ ਏਕੇ-47 ਰਾਈਫਲ ਦੇਖੀ ਗਈ। ਪੋਸਟਰ ਵਿੱਚ ਕਿਲ ਇੰਡੀਆ ਲਿਖਿਆ ਹੋਇਆ ਸੀ ਅਤੇ ਇੱਕ ਬੰਦੂਕ ਦੀ ਫੋਟੋ ਵੀ ਸੀ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਲੰਡਨ 'ਚ ਭਾਰਤੀ ਹਾਈ ਕਮਿਸ਼ਨ ਦੇ ਬਾਹਰ 30-40 ਖ਼ਾਲਿਸਤਾਨੀ ਸਮਰਥਕਾਂ ਦੇ ਇਕੱਠੇ ਹੋਣ ਦੀ ਖ਼ਬਰ ਸੀ। ਯੂਨਾਈਟਿਡ ਕਿੰਗਡਮ ਪੁਲਿਸ ਵੀ ਮੌਕੇ 'ਤੇ ਪਹੁੰਚ ਗਈ। ਕੁਝ ਸਮੇਂ ਬਾਅਦ ਖ਼ਾਲਿਸਤਾਨ ਸਮਰਥਕ ਉਥੋਂ ਚਲੇ ਗਏ ਸਨ। ਰੈਲੀ ਵਿੱਚ ਭਾਰਤੀ ਹਾਈ ਕਮਿਸ਼ਨਰ ਵਿਕਰਮ ਦੋਰਾਇਸਵਾਮੀ ਅਤੇ ਬਰਮਿੰਘਮ ਵਿੱਚ ਭਾਰਤ ਦੇ ਕੌਂਸਲ ਜਨਰਲ ਡਾ. ਸ਼ਸ਼ਾਂਕ ਵਿਕਰਮ ਦੀਆਂ ਤਸਵੀਰਾਂ ਵਾਲੇ ਵਿਵਾਦਤ ਪੋਸਟਰਾਂ ਦੀ ਵਰਤੋਂ ਕੀਤੀ ਗਈ।

ਕੂਟਨੀਤਕ ਕੰਪਲੈਕਸਾਂ ਦੇ ਬਾਹਰ ਖ਼ਾਲਿਸਤਾਨੀਆਂ ਦੇ ਸਾਹਸ ਅਤੇ ਲੰਡਨ ਵਿੱਚ ਭਾਰਤੀ ਡਿਪਲੋਮੈਟਾਂ ਨੂੰ ਮਿਲ ਰਹੀਆਂ ਧਮਕੀਆਂ ਦੇ ਵਿਚਾਲੇ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਕਿਹਾ ਕਿ ਭਾਰਤ ਨੇ ਲੰਡਨ ਵਿੱਚ ਭਾਰਤੀ ਡਿਪਲੋਮੈਟਾਂ ਨੂੰ ਧਮਕੀਆਂ ਦਾ ਮੁੱਦਾ ਉਠਾਇਆ ਹੈ, ਬ੍ਰਿਟੇਨ ਦੇ ਅਧਿਕਾਰੀ ਇਸ ਦੀ ਜਾਂਚ ਕਰ ਰਹੇ ਹਨ।

ਇਥੇ ਜਿਕਰਯੋਗ ਹੈ ਕਿ ਭਾਰਤ ਹੁਣ ਸਰਗਰਮ ਖ਼ਾਲਿਸਤਾਨੀਆਂ ਦੀ ਲਿਸਟਾਂ ਬਣਾ ਰਿਹਾ ਹੈ ਤਾਂ ਜੋ ਉਹਨਾਂ ਨੂੰ ਵਿਦੇਸ਼ਾਂ ਤੋਂ ਡਿਪੋਰਟ ਕਰਵਾਇਆ ਜਾਵੇ ਜਾਂ ਦੇਸ਼ ਨਿਕਾਲਾ ਦਿੱਤਾ ਜਾਵੇ। ਭਾਰਤ ਵਿੱਚ ਹੁਣ ਉਹਨਾਂ ਦੇ ਰਿਸ਼ਤੇਦਾਰਾਂ ਉਪਰ ਵੀ ਦਬਾਅ ਪਾਏ ਜਾਣ ਦੀ ਸੰਭਾਵਨਾ ਹੈ।

**ਭਾਰਤ ਦੇ ਵਿਦੇਸ਼ ਮੰਤਰਾਲੇ ਦਾ ਪਲਟਵਾਰ**

ਇਸ ਮੁੱਦੇ 'ਤੇ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਕਿ ਅਸੀਂ ਯਕੀਨੀ ਤੌਰ 'ਤੇ ਇਸ ਪੋਸਟਰ ਦਾ ਮੁੱਦਾ ਚੁੱਕਾਂਗੇ। ਵਿਦੇਸ਼ ਮੰਤਰੀ ਨੇ ਕਿਹਾ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਮੁਲਕਾਂ ਵਿੱਚ ਜਿੱਥੇ ਵੀ ਖਾਲਿਸਤਾਨੀ ਪੱਖੀਆਂ ਵੱਲੋਂ ਭਾਰਤ ਦੇ ਖ਼ਿਲਾਫ਼ ਮੁਹਿੰਮ ਚਲਾਈ ਜਾਂਦੀ ਹੈ ਅਸੀਂ ਉਸ 'ਤੇ ਸਖ਼ਤ ਇਤਰਾਜ਼ ਜ਼ਾਹਿਰ ਕਰਦੇ ਹਾਂ। ਉਨ੍ਹਾਂ ਕਿਹਾ ਅਜਿਹੀ ਵਿਚਾਰਧਾਰਾ ਨਾ ਤਾਂ ਉਸ ਦੇਸ਼ ਲਈ ਚੰਗੀ ਹੈ ਨਾ ਹੀ ਸਾਡੇ ਲਈ। 6 ਜੁਲਾਈ ਨੂੰ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵੱਲੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਤੋਂ ਭਾਰਤੀ ਅਧਿਕਾਰੀਆਂ ਨੂੰ ਮਿਲ ਰਹੀ ਧਮਕੀ 'ਤੇ ਸਖ਼ਤ ਇਤਰਾਜ਼ ਜਤਾਇਆ ਸੀ।

### ਟਰੂਡੋ ਦਾ ਬਿਆਨ

ਭਾਰਤ ਖ਼ਿਲਾਫ਼ ਪ੍ਰਦਰਸ਼ਨ ਅਤੇ ਡਿਪਲੋਮੈਟਸ ਨੂੰ ਧਮਕੀ ਦੇਣ ਦੇ ਮਾਮਲੇ ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਹਮੇਸ਼ਾ ਤੋਂ ਹਿੰਸਾ ਅਤੇ ਧਮਕੀਆਂ ਨੂੰ ਗੰਭੀਰਤਾ ਨਾਲ ਲਿਆ ਹੈ। ਉਨ੍ਹਾਂ ਨੇ ਕਿਹਾ ਕਿ ਕੈਨੇਡਾ ਦੀ ਧਰਤੀ 'ਤੇ ਸਾਰਿਆਂ ਨੂੰ ਬੋਲਣ ਦੀ ਆਜ਼ਾਦੀ ਹੈ, ਭਾਰਤ ਦੀ ਕੈਨੇਡਾ ਬਾਰੇ ਇਹ ਧਾਰਨਾ ਗਲਤ ਹੈ ਕਿ ਕੈਨੇਡਾ ਵਿੱਚ ਦਹਿਸ਼ਤਗਰਦ ਆਪਣੀ ਗਤੀਵਿਧੀਆਂ ਚਲਾ ਰਹੇ ਹਨ। ਪੀਐੱਮ ਟਰੂਡੋ ਨੇ ਇਹ ਵੀ ਕਿਹਾ ਕਿ ਕੈਨੇਡਾ ਵੱਖ ਸੋਚ ਰੱਖਣ ਵਾਲਾ ਮੁਲਕ ਹੈ, ਇੱਥੇ ਨਿੱਜੀ ਆਜ਼ਾਦੀ ਵੱਲ ਖ਼ਾਸ ਧਿਆਨ ਦਿੱਤਾ ਜਾਂਦਾ ਹੈ। ਭਾਰਤ ਵੱਲੋਂ ਕੈਨੇਡਾ ਦੀ ਧਰਤੀ 'ਤੇ ਸਿੱਖਾਂ 'ਤੇ ਸਵਾਲ ਚੁੱਕਣਾ ਗਲਤ ਹੈ। ਉਨ੍ਹਾਂ ਦਾ ਮੁਲਕ ਦਹਿਸ਼ਤਗਰਦੀ ਦੇ ਖ਼ਿਲਾਫ਼ ਹੈ ਅਤੇ ਇਸ 'ਤੇ ਗੰਭੀਰਤਾ ਨਾਲ ਐਕਸ਼ਨ ਲੈਂਦਾ ਹੈ।

## ਭਾਰਤੀ ਅਫਸਰਾਂ ਨੂੰ ਧਮਕਾਉਣ ਵਾਲਿਆਂ ਖ਼ਿਲਾਫ਼ ਕਾਰਵਾਈ ਕਰੇ ਬਰਤਾਨੀਆ : ਅਜੀਤ ਡੋਵਾਲ



ਨਵੀਂ ਦਿੱਲੀ/ ਏ.ਟੀ.ਨਿਊਜ਼ :ਭਾਰਤ ਦੇ ਕੌਮੀ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਖ਼ਾਲਿਸਤਾਨੀਆਂ ਤੋਂ ਕਾਫ਼ੀ ਔਖੇ ਹਨ। ਡੋਵਾਲ ਨੇ ਆਪਣੇ ਬਰਤਾਨਵੀ ਹਮਰੁਤਬਾ ਸਰ ਟਿਕ ਬੈਰੋ ਨੂੰ ਉਨ੍ਹਾਂ ਖ਼ਾਲਿਸਤਾਨੀ ਖਾੜਕੂ ਤੱਤਾਂ ਖ਼ਿਲਾਫ਼ ਸਖ਼ਤ ਜਨਤਕ ਕਾਰਵਾਈ ਕਰਨ ਲਈ ਕਿਹਾ ਹੈ ਜੋ ਬਰਤਾਨੀਆ ਵਿਚਲੇ ਭਾਰਤੀ ਹਾਈ ਕਮਿਸ਼ਨ ਦੇ ਅਫਸਰਾਂ ਨੂੰ ਧਮਕਾ ਰਹੇ ਹਨ। ਡੋਵਾਲ ਨੇ ਇਹ ਮੁੱਦਾ ਬੈਰੋ ਨਾਲ ਲੰਮੀ-ਚੌੜੀ ਵਿਚਾਰ ਚਰਚਾ ਦੌਰਾਨ ਚੁੱਕਿਆ ਜੋ ਇਸ ਸਮੇਂ ਭਾਰਤ ਦੇ ਦੌਰੇ 'ਤੇ ਹਨ। ਦੋਵਾਂ ਅਧਿਕਾਰੀਆਂ ਨੇ ਵਫ਼ਦ ਪੱਧਰੀ ਗੱਲਬਾਤ ਦੌਰਾਨ ਹੋਰ ਵੀ ਕਈ ਮਸਲੇ ਵਿਚਾਰੇ। ਜ਼ਿਕਰਯੋਗ ਹੈ (**ਬਾਕੀ ਸਫ਼ਾ 30 'ਤੇ**)

## ਯੂ.ਐਨ.ਓ. ਆਪਣੇ ਵਫ਼ਦ ਭਾਰਤ ਭੇਜ ਕੇ ਸਿੱਖਾਂ ਨੂੰ ਇਨਸਾਫ ਦਿਵਾਏ: ਸ਼ਿੰਗਾਰਾ ਸਿੰਘ ਮਾਨ

### ਸੰਯੁਕਤ ਰਾਸ਼ਟਰ ਦੇ ਮਨੁੱਖੀ ਅਧਿਕਾਰ ਕੌਂਸਲ ਦੇ ਇਜਲਾਸ 'ਚ ਸਿੱਖ ਆਗੂ ਹੋਏ ਸ਼ਾਮਲ



ਫਰੈਂਕਫਰਟ (ਜਰਮਨੀ)/ਏ.ਟੀ.ਨਿਊਜ਼ :ਸੰਯੁਕਤ ਰਾਸ਼ਟਰ ਸੰਗਠਨ (ਯੂ.ਐਨ.ਓ.) ਦੇ ਜਨੇਵਾ (ਸਵਿਟਜ਼ਰਲੈਂਡ) ਸਥਿਤ ਮੁੱਖ ਦਫ਼ਤਰ ਵਿਖੇ ਮਨੁੱਖੀ ਅਧਿਕਾਰ ਕੌਂਸਲ ਦੇ ਇਜਲਾਸ 'ਚ ਵੱਖ-ਵੱਖ ਦੇਸ਼ਾਂ ਦੇ ਕੂਟਨੀਤਿਕਾਂ, ਪੱਤਰਕਾਰਾਂ ਤੇ ਗੈਰ-ਸਰਕਾਰੀ ਸੰਗਠਨਾਂ ਵਲੋਂ ਸ਼ਿਰਕਤ ਕੀਤੀ ਗਈ। ਇਸ ਵਾਰ ਸਿੱਖ ਭਾਈਚਾਰੇ ਦੇ ਵਫ਼ਦ ਨੂੰ ਵੀ ਸੰਵਾਦ ਵਿੱਚ ਹਿਸਾ ਲੈਣ ਦਾ ਮੌਕਾ ਮਿਲਿਆ, ਜਿਸ ਦੌਰਾਨ ਵਰਲਡ ਸਿੱਖ ਪਾਰਲੀਮੈਂਟ ਦੇ ਸ਼ਿੰਗਾਰਾ ਸਿੰਘ ਮਾਨ ਦੀ ਅਗਵਾਈ ਹੇਠ ਸਹਿਯੋਗੀ ਜਥੇਬੰਦੀਆਂ ਦਲ ਖਾਲਸਾ ਤੇ ਸੇਵਿੰਗ ਪੰਜਾਬ ਜਥੇਬੰਦੀ ਦੇ ਆਗੂਆਂ ਨੇ ਹਿੱਸਾ ਲਿਆ। ਇਜਲਾਸ ਦੀ ਸ਼ੁਰੂਆਤ ਦੌਰਾਨ ਭਾਈ ਸ਼ਿੰਗਾਰਾ ਸਿੰਘ ਮਾਨ ਨੇ ਫਰਾਂਸੀਸੀ ਭਾਸ਼ਾ ਵਿੱਚ ਇਜਲਾਸ 'ਚ ਸ਼ਾਮਿਲ ਹੋਏ ਲੋਕਾਂ ਦਾ ਧੰਨਵਾਦ ਕੀਤਾ। ਉਪਰੰਤ ਗੁਰਪ੍ਰੀਤ ਸਿੰਘ ਨੇ ਆਪਣੇ 20 ਮਿੰਟ ਦੇ ਭਾਸ਼ਣ ਵਿੱਚ ਮੌਜੂਦਾ ਸਮੇਂ ਦੇ ਪੰਜਾਬ ਦੇ ਹਾਲਾਤਾਂ ਦੀ ਤਸਵੀਰ ਬਿਆਨ ਕੀਤੀ, ਜਿਸ ਵਿੱਚ ਪੰਜਾਬ ਵਿੱਚ ਵੱਧ ਰਹੇ ਨਸ਼ੇ ਤੇ ਸਰਕਾਰਾਂ ਵੱਲੋਂ ਨਸ਼ੇ ਦੀ ਰੋਕਥਾਮ ਲਈ ਕੋਈ ਠੋਸ ਉਪਰਾਲੇ ਨਾ ਕਰਨ, ਪੰਜਾਬ 'ਚ ਡੂੰਘੇ ਹੋ ਰਹੇ ਪਾਣੀ ਦੇ ਮੁੱਦੇ ਨੂੰ ਉਜਾਗਰ ਕੀਤਾ। ਪ੍ਰਿਤਪਾਲ ਸਿੰਘ ਖ਼ਾਲਸਾ ਨੇ 1947 ਤੋਂ ਪਹਿਲਾ ਸਿੱਖ ਕੌਮ ਨਾਲ ਕੀਤੇ ਵਾਅਦੇ, ਦੇਸ਼ ਦੀ ਵੰਡ ਤੋਂ ਬਾਅਦ ਦਾ ਦੁਖਾਂਤ, ਦੇਸ਼ ਦੇ ਸੰਵਿਧਾਨ 'ਤੇ ਦਸਤਖ਼ਤ ਨਾ ਕਰਨਾ, ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਲਈ ਸ਼ਾਂਤਮਈ ਸੰਘਰਸ਼ ਨੂੰ ਖਤਮ ਕਰਨ ਲਈ ਸ੍ਰੀ ਦਰਬਾਰ ਸਾਹਿਬ 'ਤੇ ਫ਼ੌਜੀ ਹਮਲਾ ਕਰਕੇ ਹਜ਼ਾਰਾਂ ਸੰਗਤਾਂ ਦਾ ਬੇਰਹਿਮੀ ਨਾਲ ਕਤਲੇਆਮ ਕਰਨਾ, ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਪੂਰੇ ਦੇਸ਼ ਵਿੱਚ ਹਜ਼ਾਰਾ ਹੀ ਸਿੱਖਾਂ ਦੀ ਬੇਰਹਿਮੀ ਨਾਲ ਨਸਲਕੁਸ਼ੀ ਕਰਨ ਅਤੇ ਮੌਜੂਦਾ ਸਮੇਂ ਦੀਆਂ ਸਰਕਾਰਾਂ ਵੱਲੋਂ ਸਿੱਖਾਂ ਨਾਲ ਸੰਬੰਧਿਤ ਮੀਡੀਆ ਨਾਲ ਵਿਤਕਰੇ ਕਰਨਾ ਆਦਿ ਨੂੰ ਬਿਆਨ ਕੀਤਾ। ਖ਼ਾਲਸਾ ਨੇ ਯੂ.ਐਨ.ਓ. ਨੂੰ ਅਪੀਲ ਕੀਤੀ ਕਿ ਉਹ ਆਪਣੇ ਵਫ਼ਦ ਭਾਰਤ ਭੇਜ ਕੇ ਸਿੱਖਾਂ ਨੂੰ ਇਨਸਾਫ ਦਿਵਾਉਣ ਵਿੱਚ ਮਦਦ ਕਰਨ।

# ਹਿਮਾਲਿਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ ’ਤੇ ਜ਼ਸਨਦੀਪ ਸਿੰਘ ਵੱਲੋਂ ਗਤਕੇ ਦਾ ਪ੍ਰਦਰਸ਼ਨ










ਸਿੱਖ ਮਾਰਸ਼ਲ ਆਰਟ ‘ਗਤਕਾ’ ਨੂੰ ਹਿਮਾਲਿਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ ’ਤੇ ਬੇਸ ਕੈਂਪ ਵਿੱਚ ਪਹੁੰਚਕੇ ਬਾਬਾ ਦੀਪ ਸਿੰਘ ਸ਼ਹੀਦ ਗਤਕਾ ਅਕੈਡਮੀ (ਮਿਸਲ ਸ਼ਹੀਦਾਂ) ਤੂਰ ਨਗਰ ਟੋਹਾਣਾ ਦੇ ਜ਼ਸਨਦੀਪ ਸਿੰਘ ਨੇ ਆਪਣੇ 4 ਸਾਥੀਆਂ ਸਮੇਤ ਗਤਕੇ ਦਾ ਪ੍ਰਦਰਸ਼ਨ ਕੀਤਾ। ਇਸ ਕਾਰਜ ਸਦਕਾ ਜ਼ਸਨਦੀਪ ਸਿੰਘ ਦਾ ਨਾਮ ਇੰਡੀਆ ਬੁੱਕ ਆਫ਼ ਰਿਕਾਰਡ ਵਿੱਚ ਦਰਜ਼ ਹੋ ਗਿਆ। ਜਲਦੀ ਹੀ ਉਹਨਾਂ ਦਾ ਨਾਮ ਗਿਨੀਜ਼ ਬੁੱਕ ਆਫ਼ ਰਿਕਾਰਡ ਵਿੱਚ ਦਰਜ ਹੋਵੇਗਾ।

ਪੱਤਰਕਾਰਾਂ ਨਾਲ ਗਲਬਾਤ ਕਰਦਿਆਂ ਜ਼ਸਨਦੀਪ ਸਿੰਘ ਨੇ ਦਸਿਆ ਕਿ ਸਿੱਖ ਮਾਰਸ਼ਲ ਆਰਟ ਗਤਕਾ ਨੂੰ ਅੰਤਰਰਾਸ਼ਟਰੀ ਪ੍ਰਸਿੱਧੀ ਦੁਆਉਣ ਲਈ ਉਹਨਾਂ ਵੱਲੋਂ 5364 ਮੀਟਰ ਦਾ ਸਫਰ ਤੈਅ ਕੀਤਾ ਗਿਆ ਅਤੇ 17,598 ਫੁੱਟ ਉੱਚੀ ਮਾਊਂਟ ਐਵਰੇਸਟ ਦੇ ਬੇਸ ਕੈਂਪ ਵਿੱਚ ਪਹੁੰਚ ਕੇ ਨਿਸ਼ਾਨ ਸਾਹਿਬ ਝੁਲਾਅ ਕੇ ਆਪਣੇ ਚਾਰ ਸਾਥੀਆਂ ਸਮੇਤ ਗਤਕੇ ਦਾ ਪ੍ਰਦਰਸ਼ਨ ਕੀਤਾ ਗਿਆ। ਉਹਨਾਂ ਕਿਹਾ ਕਿ ਇਹ ਕੋਚ ਪ੍ਰਭਸ਼ਰਨ ਸਿੰਘ ਦਾ ਆਈਡੀਆ ਸੀ ਕਿ ਗਤਕੇ ਦਾ ਪ੍ਰਦਰਸ਼ਨ



ਅਜਿਹੀ ਥਾਂ ਕੀਤਾ ਜਾਵੇ, ਤਾਂ ਕਿ ਗਤਕੇ ਦੀ ਅੰਤਰਰਾਸ਼ਟਰੀ ਪੱਧਰ ’ਤੇ ਪ੍ਰਸਿੱਧੀ ਹੋਵੇ।

ਉਹਨਾਂ ਕਿਹਾ ਕਿ ਉਹਨਾਂ ਵੱਲੋਂ ਪੰਜ ਦਿਨ ਟ੍ਰੈਕਿੰਗ ਕੀਤੀ, ਤਿੰਨ ਦਿਨ ਲਗਾਤਾਰ ਤੁਰੇ, ਦੋ ਦਿਨ ਰੈਸਟ ਕੀਤਾ, 75 ਤੋਂ 80 ਕਿਲੋਮੀਟਰ ਤੁਰੇ। ਇਸ ਦੌਰਾਨ ਬਹੁਤ ਆਨੰਦ ਆਇਆ। ਮਾਊਂਟ ਐਵਰੇਸਟ ’ਤੇ ਆਕਸੀਜਨ ਦੀ ਘਾਟ ਹੈ, ਉਥੇ ਰੋਟੀ ਨਹੀਂ ਮਿਲਦੀ, ਹਲਕਾ ਫੁਲਕਾ ਖਾਣ ਨੂੰ ਮਿਲਦਾ ਹੈ। ਉਹਨਾਂ ਨੂੰ ਕੁਲ 7-8 ਦਿਨ ਲੱਗ ਗਏ ਸਨ ਮਾਊਂਟ ਐਵਰੇਸਟ ’ਤੇ ਪਹੁੰਚਣ ਲਈ। ਉਹਨਾਂ ਕਿਹਾ ਕਿ ਉਹਨਾ ਨੇ ਗਤਕੇ ਦੀ ਟ੍ਰੇਨਿੰਗ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਅਤੇ ਮੋਗਾ ਤੋਂ ਲਈ। ਉਹਨਾਂ ਦਸਿਆ ਕਿ ਇਸ ਤੋਂ ਇਲਾਵਾ ਉਹਨਾਂ ਵੱਲੋਂ ਕੋਚ ਪ੍ਰਭਸ਼ਰਨ ਸਿੰਘ, ਟੀਮ ਮੈਂਬਰ ਕੁਲਜੀਤ ਸਿੰਘ, ਜਸ਼ਨਦੀਪ ਸਿੰਘ, ਹਰਜੀਤ ਸਿੰਘ, ਅਵਨੂਰਪ੍ਰਤਾਪ ਸਿੰਘ, ਹੁਸਨਪ੍ਰੀਤ ਸਿੰਘ, ਮੱਖਣ ਸਿੰਘ , ਗੁਰਵਿੰਦਰ ਸਿੰਘ ਨਾਲ 21 ਜੂਨ 2023 ਨੂੰ ਅੰਤਰਰਾਸ਼ਟਰੀ ਗਤਕਾ ਦਿਵਸ ’ਤੇ ਪਹਿਲੀ ਵਾਰ

(ਬਾਕੀ ਸਫ਼ਾ 31 ’ਤੇ)

# ਅੰਮ੍ਰਿਤਪਾਲ ਸਿੰਘ ਦੇ ਵਕੀਲ ਨਵਕਿਰਨ ਸਿੰਘ ਨੂੰ ਨਹੀਂ ਮਿਲੀ ਮੁਲਾਕਾਤ ਦੀ ਇਜਾਜ਼ਤ








ਅੰਮ੍ਰਿਤਸਰ/ਏ.ਟੀ.ਨਿਊਜ਼ : ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਸਿੱਖਾਂ ਨਾਲ ਵਿਤਕਰੇਬਾਜ਼ੀ ’ਤੇ ਉਤਰ ਆਈ ਹੈ। ਪਰਿਵਾਰ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਸਿੰਘ ਅਤੇ ਸਾਥੀ ਸਿੰਘਾਂ ਵੱਲੋਂ ਭੁੱਖ ਹੜਤਾਲ ਕਰਨ ’ਤੇ ਅਸਾਮ ਸਰਕਾਰ ਵੱਲੋਂ ਜੇਲ੍ਹ ਵਿੱਚ ਉਨ੍ਹਾਂ ਦੇ ਭੋਜਨ, ਪਰਿਵਾਰਾਂ ਨਾਲ ਫ਼ੋਨ ਕਾਲ ਸਮੇਤ ਕਈ ਵਿਵਹਾਰਿਕ ਸੁਧਾਰ ਕੀਤੇ ਗਏ, ਪਰ ਪੰਜਾਬ ਸਰਕਾਰ ਦੇ ਅਫ਼ਸਰਾਂ ਵੱਲੋਂ ਡਿਬਰੂਗੜ੍ਹ ਜੇਲ੍ਹ ’ਚ ਨਜ਼ਰਬੰਦ ਸਿੱਖਾਂ ਨੂੰ ਆਪਣੇ ਵਕੀਲਾਂ ਨਾਲ ਮੁਲਾਕਾਤ ਦੀ ਆਗਿਆ ਵੀ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਦੋਸ਼ ਲਾਇਆ ਕਿ ਅੰਮ੍ਰਿਤਸਰ ਦੇ ਜ਼ਿਲ੍ਹਾ ਮੈਜਿਸਟ੍ਰੇਟ-ਕਮ -ਡਿਪਟੀ ਕਮਿਸ਼ਨਰ ਨੇ ਐਡਵੋਕੇਟ ਨਵਕਿਰਨ ਸਿੰਘ ਨੂੰ ਡਿਬਰੂਗੜ੍ਹ ਜੇਲ੍ਹ ਵਿੱਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਨਾਲ ਕੇਸ ਸੰਬੰਧੀ ਮੁਲਾਕਾਤ ਕਰਨ ਦੀ ਇਜਾਜ਼ਤ ਦੇਣ ਤੋਂ ਮਨਾ ਕਰ ਦਿੱਤਾ ਹੈ। ਐਡਵੋਕੇਟ ਨਵਕਿਰਨ ਸਿੰਘ ਨੇ ਡਿਬਰੂਗੜ ਜੇਲ੍ਹ ਪ੍ਰਸ਼ਾਸਨ ਤੋਂ ਅੰਮ੍ਰਿਤਪਾਲ ਸਿੰਘ ਅਤੇ ਸਾਥੀ ਸਿੰਘਾਂ ਨਾਲ ਮੁਲਾਕਾਤ ਦਾ ਸਮਾਂ ਮੰਗਿਆ। ਇਸ ਅਪੀਲ ’ਤੇ ਜੇਲ੍ਹ ਪ੍ਰਸ਼ਾਸਨ ਵੱਲੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਤੋਂ ਇਸ ਮੁਲਾਕਾਤ ਲਈ ਆਗਿਆ ਮੰਗੀ ਗਈ ਤਾਂ, ਉਨ੍ਹਾਂ ਨੇ 6 ਜੁਲਾਈ ਨੂੰ ਜੇਲ੍ਹ ਅਧਿਕਾਰੀ (ਸੁਪਰਡੈਂਟ) ਨੂੰ ਇਹ ਕਹਿੰਦਿਆਂ ਇਸ ਅਪੀਲ ਨੂੰ ਖ਼ਾਰਜ ਕਰ ਦਿੱਤਾ, ਕਿ ਅੰਮ੍ਰਿਤਪਾਲ ਸਿੰਘ ਅਤੇ ਹਰਜੀਤ ਸਿੰਘ ਪਹਿਲਾਂ ਹੀ ਐਡਵੋਕੇਟ ਰਾਜਦੇਵ ਸਿੰਘ ਖ਼ਾਲਸਾ ਨੂੰ ਵਕੀਲ ਲੈ ਚੁੱਕੇ ਹਨ। ਗੁਰਿੰਦਰਪਾਲ ਸਿੰਘ ਔਜਲਾ ਅਤੇ ਸਰਬਜੀਤ ਸਿੰਘ ਕਲਸੀ ਨੇ ਐਡਵੋਕੇਟ ਸਿਮਰਨਜੀਤ ਸਿੰਘ ਨੂੰ ਆਪਣੇ ਕਾਨੂੰਨੀ ਸਲਾਹਕਾਰ ਵਜੋਂ ਸਹਿਮਤੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਡੀ.ਸੀ. ਅੰਮ੍ਰਿਤਸਰ ਨੇ ਇੱਕ ਵਕੀਲ ਨੂੰ ਡਿਬਰੂਗੜ ਦੇ ਸਿੱਖ ਨਜ਼ਰਬੰਦਾਂ ਨੂੰ ਮਿਲਣ ਦੀ ਇਜਾਜ਼ਤ ਦੀ ਮੰਗ ਨੂੰ ਰੱਦ ਕਰਕੇ ਸਿੱਖ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚਾਈ ਹੈ। ਪੰਜਾਬ ਸਰਕਾਰ ਨੂੰ ਇਸ ਬਾਰੇ ਨੋਟਿਸ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਰਿਸ਼ਵਤ ਦੇ ਦੋਸ਼ਾਂ ਵਿੱਚ ਦੋ ਨੰਬਰ ਦਾ ਪੈਸਾ ਬਣਾਉਣ ਵਾਲੀਆਂ ਸਿਆਸੀ ਸ਼ਖ਼ਸੀਅਤਾਂ ਆਪਣੇ ਕੇਸਾਂ ’ਚ ਇਕ ਤੋਂ ਵੱਧ ਵਕੀਲ ਖੜ੍ਹੇ ਕਰ ਸਕਦੀਆਂ ਹਨ ਤਾਂ ਕੀ ਸਿੱਖ ਕੌਮ ਲਈ ਸੰਘਰਸ਼ਸ਼ੀਲ ਸਿੱਖ ਕਾਨੂੰਨੀ ਤਰੀਕੇ ਨਾਲ ਆਪਣੇ ਕੇਸ ਲੜਨ ਲਈ ਇਕ ਤੋਂ ਵੱਧ ਵਕੀਲ ਕਿਉਂ ਨਹੀਂ ਕਰ ਸਕਦੇ ? ਸਰਕਾਰਾਂ ਦੀਆਂ ਵਧੀਕੀਆਂ ਕਾਰਨ ਸਿੱਖਾਂ ਵਿੱਚ ਰੋਸ ਪੈਦਾ ਹੁੰਦਾ ਆਇਆ ਹੈ। ਉਨ੍ਹਾਂ ਸੰਘਰਸ਼ਸ਼ੀਲ ਸਿੱਖਾਂ ਅਤੇ ਸਰਕਾਰਾਂ ਦਰਮਿਆਨ ਤਣਾਓ ਖ਼ਤਮ ਕਰਨ ਲਈ ਸ਼ਾਂਤਮਈ ਸੰਘਰਸ਼ ਲੜ ਰਹੇ ਸੰਘਰਸ਼ਸ਼ੀਲ ਸਿੱਖਾਂ ਦੇ ਸਰਕਾਰ ਦੇ ਅਫਸਰਾਂ ਵਲੋਂ ਕੀਤੇ ਜਾ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਤੁਰੰਤ ਰੋਕਣਾ ਚਾਹੀਦਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਅਮਰੀਕਾ ਖ਼ਬਰਨਾਮਾ

## ਅਮਰੀਕਾ 'ਚ ਸ਼ੱਕੀ ਚੋਰ ਨੇ ਪੁਲਿਸ ਅਫ਼ਸਰਾਂ ਵਿੱਚ ਮਾਰਿਆ ਟਰੱਕ, ਇੱਕ ਦੀ ਮੌਤ ਤੇ 2 ਜ਼ਖ਼ਮੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਵਰਮੌਂਟ ਰਾਜ ਦੇ ਸ਼ਹਿਰ ਰੂਟਲੈਂਡ ਵਿੱਚ ਇੱਕ ਪੁਲਿਸ ਅਫਸਰ ਉਸ ਵੇਲੇ ਮਾਰਿਆ ਗਿਆ ਤੇ 2 ਹੋਰ ਜ਼ਖਮੀ ਹੋ ਗਏ ਜਦੋਂ ਸ਼ੱਕੀ ਚੋਰ, ਜਿਸ ਦਾ ਪੁਲਿਸ ਅਫਸਰ ਪਿੱਛਾ ਕਰ ਰਹੇ ਸਨ, ਨੇ ਆਪਣਾ ਟਰੱਕ ਕਰੂਜਰ ਬਾਈਕਾਂ 'ਤੇ ਸਵਾਰ ਪੁਲਿਸ ਅਫਸਰਾਂ ਉਪਰ ਚੜ੍ਹਾ ਦਿੱਤਾ। ਵਰਮੌਂਟ ਸਟੇਟ ਪੁਲਿਸ ਨੇ ਜਾਰੀ ਇਕ ਬਿਆਨ ਵਿੱਚ ਇਹ ਜਾਣਕਾਰੀ ਦਿੱਤੀ ਹੈ। ਪੁਲਿਸ ਨੇ ਕਿਹਾ ਹੈ ਕਿ ਇਹ ਘਟਨਾ ਉਸ ਸਮੇਂ ਹੋਈ ਜਦੋਂ ਪੁਲਿਸ ਅਫਸਰ ਟੇਟ ਰੀਯੂਮ (20) ਨਾਮੀ ਸ਼ੱਕੀ ਚੋਰ ਦੇ ਟਰੱਕ ਦਾ ਪਿੱਛਾ ਕਰ ਰਹੇ ਸਨ। ਪੁਲਿਸ ਅਨੁਸਾਰ ਸਬੂਤਾਂ ਤੋਂ ਪਤਾ ਲੱਗਦਾ ਹੈ ਕਿ ਰੀਯੂਮ ਦਾ ਟਰੱਕ ਸੈਂਟਰ ਲਾਈਨ



ਪਾਰ ਕਰਕੇ ਰੂਟਲੈਂਡ ਸਿਟੀ ਪੁਲਿਸ ਅਫਸਰਾਂ ਦੀਆਂ ਕਰੂਜਰ ਬਾਈਕਾਂ ਨਾਲ ਟਕਰਾ ਗਿਆ ਜਿਸ ਨਾਲ ਪੁਲਿਸ ਅਫਸਰ ਜੈਸੀਕਾ ਐਬੀਘੌਂਸਨ (19) ਦੀ ਮੌਤ ਹੋ ਗਈ ਤੇ 2 ਹੋਰ ਪੁਲਿਸ ਅਫਸਰ ਜ਼ਖਮੀ ਹੋ ਗਏ। ਜੈਸੀਕਾ ਐਬੀਘੌਂਸਨ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਜ਼ਖਮੀ ਪੁਲਿਸ ਅਫਸਰਾਂ ਨੂੰ ਰੂਟਲੈਂਡ ਰੀਜਨਲ ਮੈਡੀਕਲ ਸੈਂਟਰ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਨ੍ਹਾਂ ਦੀ ਹਾਲਤ ਸਥਿਰ ਦੱਸੀ ਜਾਂਦੀ ਹੈ। ਜ਼ਖਮੀ ਰੀਯੂਮ, ਜਿਸ ਉਪਰ ਸ਼ੱਕ ਹੈ ਕਿ ਉਸ ਨੇ ਇੱਕ ਘਰ ਵਿੱਚ ਚੋਰੀ ਕਰਨ ਦੀ ਕੋਸ਼ਿਸ਼ ਕੀਤੀ ਹੈ, ਨੂੰ ਵੀ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਕਿਹਾ ਹੈ ਕਿ ਉਹ ਘਟਨਾ ਦੀ ਜਾਂਚ ਕਰ ਰਹੀ ਹੈ ਤੇ ਸੰਭਾਵੀ ਦੋਸ਼ ਆਇਦ ਕਰਨ ਲਈ ਰੂਟਲੈਂਡ ਕਾਊਂਟੀ ਸਟੇਟ ਦੇ ਅਟਾਰਨੀ ਜਨਰਲ ਨਾਲ ਮਿਲ ਕੇ ਕੰਮ ਕਰ ਰਹੀ ਹੈ।

## ਕੈਲੀ.ਫੋਰਨੀਆ 'ਚ ਛੋਟਾ ਜਹਾਜ਼ ਕਰੈਸ਼, 6 ਮੌਤਾਂ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ : ਅਮਰੀਕਾ ਦੇ ਕੈਲੀਫੋਰਨੀਆ ਰਾਜ ਵਿੱਚ ਇੱਕ ਛੋਟੇ ਨਿੱਜੀ ਜੈੱਟ ਜਹਾਜ਼ ਦੇ ਤਬਾਹ ਹੋਣ 'ਤੇ ਉਸ ਵਿੱਚ ਸਵਾਰ 6 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਫੈਡਰਲ ਐਵੀਏਸ਼ਨ ਐਡਮਨਿਸਟ੍ਰੇਸ਼ਨ (ਐਫ ਏ ਏ) ਅਨੁਸਾਰ ਇਹ ਘਟਨਾ ਮੂਰੀਏਟਾ, ਕੈਲੀਫੋਰਨੀਆ ਵਿੱਚ ਫਰੈਂਚ ਵੈਲੀ ਏਅਰਪੋਰਟ ਨੇੜੇ ਵਾਪਰੀ। ਐਫ ਏ ਏ ਨੇ ਜਾਣਕਾਰੀ ਦਿੱਤੀ ਹੈ ਕਿ ਜਹਾਜ਼ ਨੇ ਹੈਰੀ ਰੀਡ ਇੰਟਰਨੈਸ਼ਨਲ ਏਅਰਪੋਰਟ ਲਾਸ ਵੇਗਾਸ ਤੋਂ ਉਡਾਣ ਭਰੀ ਸੀ ਤੇ ਜਹਾਜ਼ ਸੈਨ ਡਇਏਗੋ ਦੇ ਉੱਤਰ ਵਿੱਚ ਤਕਰੀਬਨ 65 ਮੀਲ ਦੂਰ ਜ਼ਮੀਨ ਉਪਰ ਡਿੱਗ ਗਿਆ। ਕੈਲੀਫੋਰਨੀਆ ਫਾਇਰ ਵਿਭਾਗ ਅਨੁਸਾਰ ਜਹਾਜ਼ ਖੇਤ ਵਿੱਚ ਡਿੱਗਾ ਤੇ ਡਿੱਗਣ ਉਪਰੰਤ ਉਸ ਨੂੰ ਅੱਗ



ਲੱਗ ਗਈ। ਅੱਗ ਏਨੀ ਭਿਆਨਕ ਸੀ ਕਿ ਤਕਰੀਬਨ ਇਕ ਏਕੜ ਵਿੱਚ ਖੜੀ ਸਬਜ਼ੀ ਦੀ ਫਸਲ ਵੀ ਸੜ ਕੇ ਸਵਾਹ ਹੋ ਗਈ। ਹਾਦਸੇ ਦੇ ਕਾਰਨ ਦਾ ਅਜੇ ਪਤਾ ਨਹੀਂ ਲੱਗ ਸਕਿਆ। ਐਫ ਏ ਏ ਤੇ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਘਟਨਾ ਦੀ ਜਾਂਚ ਕਰਨਗੇ ਤੇ ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਦੀ ਕੋਸ਼ਿਸ਼ ਕਰਨਗੇ। ਰਿਵਰਸਾਈਰਡ ਕਾਊਂਟੀ ਸ਼ੈਰਿਫ ਦਫਤਰ ਅਨੁਸਾਰ ਜਹਾਜ਼ ਵਿੱਚ ਸਵਾਰ ਸਾਰੇ 6 ਜਣਿਆਂ ਦੀ ਮੌਕੇ ਉਪਰ ਹੀ ਮੌਤ ਹੋ ਗਈ ਜਿਨਾਂ ਦੀ ਪਛਾਣ ਐਬੀਗਲੀ ਟੇਲੇਜ਼ ਵਰਗਾਸ (33), ਰੀਸੇ ਲੈਂਡਰਜ (25), ਮੈਨੁਏਲ ਵਰਗਾਸ-ਰੀਗਲਾਡੋ (32), ਲਿੰਡਸੇ ਗਲੀਚ (31), ਆਲਮਾ ਰਜ਼ਿਕ (51) ਤੇ ਇਬਰਾਹਿਮ ਰਜ਼ਿਕ (46) ਵਜੋਂ ਹੋਈ ਹੈ।

## ਅਮਰੀਕਾ 'ਚ 10 ਲੜਕਿਆਂ ਦਾ ਸਰੀਰਕ ਸ਼ੋਸ਼ਣ ਕਰਨ ਵਾਲਾ ਫੁੱਟਬਾਲ ਕੋਚ ਗ੍ਰਿਫ਼ਤਾਰ



ਵਾਸ਼ਿੰਗਟਨ/ਏ.ਟੀ.ਨਿਊਜ਼ :ਅਮਰੀਕਾ ਵਿੱਚ ਚਾਈਲਡ ਪੋਰਨੋਗ੍ਰਾਫੀ ਅਤੇ ਬਾਲ ਬਲਾਤਕਾਰ ਨਾਲ ਜੁੜਿਆ ਇੱਕ ਵੱਡਾ ਸਕੈਂਡਲ ਸਾਹਮਣੇ ਆਇਆ ਹੈ। ਇੱਥੇ ਇੱਕ 63 ਸਾਲਾ ਫੁੱਟਬਾਲ ਕੋਚ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਉਸ 'ਤੇ ਅਣਗਿਣਤ ਬੱਚਿਆਂ, ਖਾਸ ਕਰਕੇ ਲੜਕਿਆਂ ਨਾਲ ਬਲਾਤਕਾਰ ਕਰਨ ਦਾ ਦੋਸ਼ ਹੈ। ਇਨ੍ਹਾਂ 'ਚੋਂ 10 ਦੇ ਵੀਡੀਓ ਵੀ ਸਾਹਮਣੇ ਆਏ ਹਨ।

ਫੁੱਟਬਾਲ ਕੋਚ ਦਾ ਨਾਂ ਕੈਮਿਲੋ ਕੈਂਪੋਸ ਹੈ। ਉਹ ਟੈਨੇਸੀ ਵਿੱਚ ਇੱਕ ਫੁੱਟਬਾਲ ਕਲੱਬ ਦਾ ਮੁੱਖ ਕੋਚ ਹੈ। ਕੈਮੀਲੋ ਦੂਜੇ ਦਿਨ ਇੱਕ ਰੈਸਟੋਰੈਂਟ ਵਿੱਚ ਲੰਚ ਕਰਨ ਗਿਆ ਅਤੇ ਗਲਤੀ ਨਾਲ ਆਪਣਾ ਫ਼ੋਨ ਉੱਥੇ ਹੀ ਛੱਡ ਗਿਆ। ਸਟਾਫ਼ ਨੇ ਉਸ ਦੀ ਪਛਾਣ ਕਰਨ ਲਈ ਫ਼ੋਨ ਦਾ ਤਾਲਾ ਖੋਲ੍ਹ ਦਿੱਤਾ। ਜਦੋਂ ਜਾਂਚ ਵਿੱਚ ਬਲਾਤਕਾਰ ਦੀ ਵੀਡੀਓ ਸਾਹਮਣੇ ਆਈ ਤਾਂ ਇਸ ਨੂੰ ਪੁਲਿਸ ਹਵਾਲੇ ਕਰ ਦਿੱਤਾ ਗਿਆ।

ਘਟਨਾ ਅਮਰੀਕਾ ਦੇ ਟੈਨੇਸੀ ਸੂਬੇ ਦੇ ਫਰੈਂਕਲਿਨ ਸ਼ਹਿਰ ਦੀ ਹੈ। ਇੱਥੋਂ ਦੇ ਪੁਲਿਸ ਵਿਭਾਗ ਨੇ ਖੁਦ ਬਿਆਨ ਜਾਰੀ ਕਰਕੇ ਮਾਮਲੇ ਦੀ ਸ਼ੁਰੂਆਤੀ ਜਾਣਕਾਰੀ ਦਿੱਤੀ ਹੈ। ਪੁਲਿਸ ਮੁਤਾਬਕ 63 ਸਾਲਾ ਕੈਮੀਲੋ ਨੂੰ ਐਤਵਾਰ ਨੂੰ ਹੀ ਗ੍ਰਿਫਤਾਰ ਕੀਤਾ ਗਿਆ ਸੀ। ਉਸ ਦੇ ਫੋਨ 'ਚੋਂ 10 ਵੀਡੀਓ (ਬਾਕੀ ਸਫ਼ਾ 31 'ਤੇ)

## ਅਮਰੀਕਾ 'ਚ ਭਾਰਤੀ ਮੂਲ ਦੇ ਨੌਜਵਾਨ ਦੀ ਲੁਟੇਰਿਆਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ

ਸੈਕਰਾਮੈਂਟੋ /ਹੁਸਨ ਲੜੋਆ ਬੰਗਾ: ਅਮਰੀਕਾ ਦੇ ਜਾਰਜੀਆ ਰਾਜ ਵਿੱਚ ਵਾਪਰੀ ਇਕ ਦੁੱਖਦਾਈ ਘਟਨਾ ਵਿੱਚ ਭਾਰਤੀ ਮੂਲ ਦੇ 36 ਸਾਲਾ ਨੌਜਵਾਨ ਮਨਦੀਪ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਇਹ ਘਟਨਾ ਜਾਰਜੀਆ ਦੇ ਵਰੇਨਸ ਸ਼ਹਿਰ ਦੇ ਇੱਕ ਸਟੋਰ ਵਿੱਚ ਵਾਪਰੀ ਜਿਥੇ ਮਨਦੀਪ ਸਿੰਘ ਕਲਰਕ ਵਜੋਂ ਕੰਮ ਕਰਦਾ ਸੀ। ਉਸ ਦੇ ਦੋ ਗੋਲੀਆਂ ਮਾਰੀਆਂ ਗਈਆਂ ਜਿਸ ਉਪਰੰਤ ਉਹ ਮੌਕੇ 'ਤੇ ਹੀ ਦਮ ਤੋੜ ਗਿਆ। ਵਰੇਨਸ ਦੇ ਪੁਲਿਸ ਮੁੱਖੀ ਜੌਹਨ ਮੇਨਾਰਡ ਨੇ ਘਟਨਾ ਦੀ ਪੁਸ਼ਟੀ



ਕਰਦਿਆਂ ਕਿਹਾ ਕਿ ਮਨਦੀਪ ਸਿੰਘ ਅਗਸਟਾ ਸ਼ਹਿਰ ਦਾ ਵਸਨੀਕ ਹੈ ਤੇ ਉਹ ਇਕ ਮਹੀਨਾ ਪਹਿਲਾਂ ਹੀ ਵਰੇਨਸ ਫੂਡ ਮਾਰਟ ਸਟੋਰ ਵਿੱਚ ਕੰਮ 'ਤੇ ਲੱਗਾ ਸੀ। ਉਨ੍ਹਾਂ ਕਿਹਾ ਕਿ ਅਜਿਹਾ ਲੱਗਦਾ ਹੈ ਕਿ ਇਹ ਲੁੱਟਮਾਰ ਕਰਨ ਦੀ ਨੀਅਤ ਨਾਲ ਹੱਤਿਆ ਕੀਤੀ ਗਈ ਹੈ। ਮੇਨਾਰਡ ਅਨੁਸਾਰ 15 ਸਾਲਾਂ ਦੇ 2 ਨਬਾਲਗਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਨਾਬਾਲਗਾਂ ਨੇ ਮਾਸਕ ਨਹੀਂ ਪਾਏ ਹੋਏ ਸਨ ਜਿਸ ਕਾਰਨ ਪੁਲਿਸ ਲਈ ਉਨ੍ਹਾਂ ਦੀ ਪਛਾਣ ਕਰਨਾ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨਾ ਸੌਖਾ ਹੋ ਗਿਆ।

## ਅਮਰੀਕਾ ਦੇ ਵਾਈਟ ਹਾਊਸ 'ਚੋਂ ਕੁਕੀਨ ਬਰਾਮਦ

ਸੈਕਰਾਮੈਂਟੋ / ਹੁਸਨ ਲੜੋਆ ਬੰਗਾ: ਅਮਰੀਕਾ ਦੇ ਸੀਕਰਟ ਸਰਵਿਸ ਏਜੰਟਾਂ ਵੱਲੋਂ ਵਾਈਟ ਹਾਊਸ ਵਿਚੋਂ ਕੁਕੀਨ ਬਰਾਮਦ ਕਰਨ ਦੀ ਖਬਰ ਹੈ। ਸੀਕਰਟ ਸਰਵਿਸ ਅਨੁਸਾਰ ਕੁਕੀਨ ਵਾਈਟ ਹਾਊਸ ਦੀ ਵੈਸਟ ਵਿੰਗ ਲਾਬੀ ਵਿਚੋਂ ਬਰਾਮਦ ਹੋਈ ਹੈ ਜਿਥੇ ਸੈਲਾਨੀ ਵਾਈਟ ਹਾਊਸ ਦਾ ਨਿੱਜੀ ਦੌਰਾ ਸ਼ੁਰੂ ਕਰਨ ਤੋਂ ਪਹਿਲਾਂ ਦਾਖਲ ਹੁੰਦੇ ਹਨ। ਵਾਈਟ ਹਾਊਸ ਵਿੱਚ ਕੁਕੀਨ ਕਿਸ ਤਰਾਂ ਆਈ ਜਾਂ ਕੌਣ ਲੈ ਕੇ ਆਇਆ ਹੈ, ਇਸ ਬਾਰੇ ਸੀਕਰਟ ਸਰਵਿਸ ਦੇ ਅਧਿਕਾਰੀ ਡੂੰਘਾਈ ਨਾਲ ਜਾਂਚ ਕਰ ਰਹੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਸੰਦੇਹ ਪੂਰਨ ਚਿੱਟਾ ਪਾਊਡਰ ਮਿਲਣ ਉਪਰੰਤ ਟੈਸਟ ਕੀਤਾ ਗਿਆ ਜਿਸ ਵਿੱਚ ਪਤਾ ਲੱਗਾ ਕਿ ਇਹ ਕੁਕੀਨ ਹੈ। ਕੁਕੀਨ ਮਿਲਣ ਉਪਰੰਤ ਵਾਈਟ ਹਾਊਸ ਨੂੰ ਇਹਤਿਆਤ ਵਜੋਂ ਖਾਲੀਕਰਵਾ ਲਿਆ ਗਿਆ। (ਬਾਕੀ ਸਫ਼ਾ 31 'ਤੇ)

## ਅਮਰੀਕਾ ਦੇ ਕਲੈਵਲੈਂਡ ਸ਼ਹਿਰ ਵਿੱਚ ਹੋਈ ਗੋਲੀ ਬਾਰੀ ਵਿੱਚ 9 ਲੋਕ ਜ਼ਖਮੀ, ਸ਼ੱਕੀ ਦੋਸ਼ੀ ਫਰਾਰ

ਸੈਕਰਾਮੈਂਟੋ, ਕੈਲੀਫੋਰਨੀਆ/ ਹੁਸਨ ਲੜੋਆ ਬੰਗਾ: ਅਮਰੀਕਾ ਦੇ ਉਹੀਓ ਰਾਜ ਦੇ ਸ਼ਹਿਰ ਕਲੈਵਲੈਂਡ ਵਿੱਚ ਹੋਈ ਗੋਲੀ ਬਾਰੀ 'ਚ 9 ਲੋਕਾਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਸਥਾਨਕ ਪੁਲਿਸ ਅਨੁਸਾਰ ਉਸ ਦਾ ਵਿਸ਼ਵਾਸ ਹੈ ਕਿ ਇੱਕ ਵਿਅਕਤੀ ਨੇ ਲੋਕਾਂ ਦੇ ਸਮੂਹ ਉਪਰ ਗੋਲੀ ਬਾਰੀ ਕੀਤੀ ਹੈ ਤੇ ਉਹ ਗੋਲੀ ਬਾਰੀ ਕਰਕੇ ਮੌਕੇ ਤੋਂ ਫਰਾਰ ਹੋ ਗਿਆ।



ਕਲੈਵਲੈਂਡ ਪੁਲਿਸ ਮੁੱਖੀ ਵੇਨੇ ਡਰੂਮੌਂਡ ਨੇ ਕਿਹਾ ਹੈ ਕਿ ਸ਼ਹਿਰ ਦੇ ਵੇਅਰਹਾਊਸ ਡਿਸਟ੍ਰਿਕਟ ਵਿਚ ਇਕ ਅਣਪਛਾਤੇ ਵਿਅਕਤੀ ਵੱਲੋਂ ਕੀਤੀ ਗੋਲੀ ਬਾਰੀ ਵਿੱਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਹੈ ਹਾਲਾਂ ਕਿ ਕੁਝ ਲੋਕ ਗੋਲੀਆਂ ਵੱਜਣ ਕਾਰਨ ਜ਼ਖਮੀ ਜਰੂਰ ਹੋਏ ਹਨ। ਪੁਲਿਸ ਮੁਖੀ ਅਨੁਸਾਰ ਪੁਲਿਸ ਅਫਸਰ ਪਹਿਲਾਂ ਹੀ ਖੇਤਰ ਵਿੱਚ ਆਮ ਵਾਂਗ ਗਸ਼ਤ 'ਤੇ ਸਨ ਤੇ ਸੂਚਨਾ ਮਿਲਣ 'ਤੇ ਉਹ ਤੁਰੰਤ ਘਟਨਾ ਸਥਾਨ 'ਤੇ ਪੁੱਜੇ ਤੇ ਉਨ੍ਹਾਂ ਨੇ ਪੀੜਤਾਂ ਨੂੰ ਡਾਕਟਰੀ ਸਹਾਇਤਾ ਦਿੱਤੀ। ਡਰੂਮੌਂਡ ਅਨੁਸਾਰ ਜ਼ਖਮੀਆਂ ਵਿੱਚ 7 ਮਰਦ ਤੇ 2 ਔਰਤਾਂ ਸ਼ਾਮਿਲ ਹਨ, ਜਿਨ੍ਹਾਂ ਦੀ ਉਮਰ 23 ਤੋਂ 38 ਸਾਲ ਦੇ ਦਰਮਿਆਨ ਹੈ। ਪੁਲਿਸ ਮੁਖੀ ਵੱਲੋਂ ਜਾਰੀ ਬਿਆਨ ਅਨੁਸਾਰ ਪੀੜਤਾਂ ਦੇ ਪੈਰਾਂ ਤੋਂ ਗੋਡਿਆਂ ਤਕ ਤੇ ਬਾਂਹਾਂ ਉਪਰ ਗੋਲੀਆਂ ਵੱਜੀਆਂ ਹਨ। ਸਾਰੇ ਜ਼ਖਮੀਆਂ ਦੀ ਹਾਲਤ ਸਥਿਰ ਹੈ।

## ਕੈਲੀਫੋਰਨੀਆ ਵਿੱਚ ਪੁਲਿਸ ਹਿਰਾਸਤ ਵਿਚੋਂ ਫਰਾਰ ਹੋਏ ਹੱਤਿਆ ਦੇ ਸ਼ੱਕੀ ਦੋਸ਼ੀ ਨੂੰ ਕੀਤਾ ਕਾਬੂ

ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ: ਸੈਕਰਾਮੈਂਟੋ ਖੇਤਰ ਵਿੱਚ ਪੁਲਿਸ ਹਿਰਾਸਤ ਵਿਚੋਂ ਫਰਾਰ ਹੋਏ ਹੱਤਿਆ ਦੇ ਮਾਮਲੇ ਵਿੱਚ ਸ਼ੱਕੀ ਦੋਸ਼ੀ ਏਰਿਕ ਜੇ ਐਬਰਿਲ ਨੂੰ ਕਾਬੂ ਕਰ ਲੈਣ ਦੀ ਖਬਰ ਹੈ। ਪਲੇਸਰ ਕਾਊਂਟੀ ਸ਼ੈਰਿਫ ਵੇਨੇ ਵੂ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਹੈ ਕਿ ਇੱਕ ਘਰ ਦਾ ਮਾਲਕ ਆਪਣੇ ਕੁੱਤੇ ਨਾਲ ਸੈਰ ਕਰ ਰਿਹਾ ਸੀ। ਕੁੱਤੇ ਨੇ ਝਾੜੀਆਂ ਵਿੱਚ ਹਿਲਜੁਲ ਹੋਣ 'ਤੇ ਭੌਂਕਣਾ ਸ਼ੁਰੂ ਕਰ ਦਿੱਤਾ। ਮਾਲਕ ਨੇ ਤੁਰੰਤ ਪੁਲਿਸ ਨੂੰ ਸੂਚਿਤ ਕੀਤਾ ਜਿਸ 'ਤੇ ਪੁਲਿਸ ਅਫਸਰਾਂ ਨੇ ਮੌਕੇ 'ਤੇ ਪਹੁੰਚ ਕੇ ਐਬਰਿਲ ਨੂੰ ਕਾਬੂ ਕਰ ਲਿਆ। ਵੂ ਅਨੁਸਾਰ ਜਦੋਂ ਐਬਰਿਲ ਨੂੰ ਕਾਬੂ ਕੀਤਾ



ਗਿਆ ਤਾਂ ਉਸ ਨੇ ਜੇਲ ਵਾਲੀ ਹੀ ਸੰਤਰੀ ਰੰਗ ਦੀ ਪੈਂਟ ਪਾਈ ਹੋਈ ਸੀ ਤੇ ਉਸ ਦੇ ਹੱਥਕੜੀ ਲੱਗੀ ਹੋਈ ਸੀ। ਐਬਰਿਲ ਐਤਵਾਰ ਤੜਕਸਾਰ ਸੂਟਰ ਰੋਜਵਿਲੇ ਮੈਡੀਕਲ ਸੈਂਟਰ ਪਲੇਸਰ ਕਾਊਂਟੀ ਵਿਚੋਂ ਫਰਾਰ ਹੋ ਗਿਆ ਸੀ। ਪੁਲਿਸ ਨੇ ਉਸ ਨੂੰ ਕਾਬੂ ਕਰਨ ਲਈ ਵੱਡੀ ਪੱਧਰ ਉਪਰ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਸੀ ਤੇ ਆਮ ਲੋਕਾਂ ਨੂੰ ਵੀ ਉਸ ਦੀ ਗ੍ਰਿਫਤਾਰੀ ਲਈ ਸਹਿਯੋਗ ਕਰਨ ਦੀ ਅਪੀਲ ਕੀਤੀ।

## ਆਪਣੇ ਦਮ 'ਤੇ ਮੁਕਾਮ ਬਣਾਉਣ ਵਾਲੀਆਂ 100 ਅਮੀਰ ਔਰਤਾਂ ਦੀ ਸੂਚੀ 'ਚ 4 ਭਾਰਤ ਵੰਸ਼ੀ ਸ਼ਾਮਲ

### .ਫੋਰਬਸ ਨੇ ਜਾਰੀ ਕੀਤੀ 'ਸੈਲ.ਫ ਮੇਡ ਲੋਕਾਂ' ਦੀ ਸੂਚੀ

ਨਿਊਯਾਰਕ/ਏ.ਟੀ.ਨਿਊਜ਼ : ਫੋਰਬਸ ਦੀ 100 ਸਭ ਤੋਂ ਅਮੀਰ ਅਮਰੀਕੀ ਔਰਤਾਂ ਦੀ ਸੂਚੀ ਵਿਚ ਭਾਰਤੀ ਮੂਲ ਦੀਆਂ ਚਾਰ ਔਰਤਾਂ ਨੇ ਥਾਂ ਬਣਾਈ ਹੈ, ਜੋ 'ਸਵੈ-ਰੁਜ਼ਗਾਰ' ਕਰਦੀਆਂ ਹਨ। ਇਨ੍ਹਾਂ ਚਾਰ ਔਰਤਾਂ ਦੀ ਕੁੱਲ ਜਾਇਦਾਦ 4.06 ਅਰਬ ਡਾਲਰ ਹੈ। ਜਿਨ੍ਹਾਂ ਔਰਤਾਂ ਨੇ ਇਸ ਸੂਚੀ ਵਿੱਚ ਥਾਂ ਬਣਾਈ ਹੈ ਉਨ੍ਹਾਂ ਵਿੱਚ ਕੰਪਿਊਟਰ ਨੈੱਟਵਰਕਿੰਗ ਫਰਮ ਅਰਿਸਟਾ ਨੈੱਟਵਰਕਸ ਦੀ ਪ੍ਰਧਾਨ ਅਤੇ ਸੀਈਓ ਜੈਸ਼੍ਰੀ ਉੱਲਾਲ, ਆਈਟੀ ਸਲਾਹਕਾਰ ਅਤੇ ਆਊਟਸੋਰਸਿੰਗ ਫਰਮ ਸਿੰਟੇ ਦੀ ਨੀਰਜਾ ਸੇਠੀ, ਕਲਾਉਡ ਕੰਪਨੀ ਕੰਫਲੂਐਂਟ ਦੀ ਮੁੱਖ ਤਕਨਾਲੋਜੀ ਅਧਿਕਾਰੀ ਅਤੇ ਸਹਿ-ਸੰਸਥਾਪਕ ਨੇਹਾ ਨਰਖੇੜੇ ਅਤੇ ਪੈਪਸੀਕੋ ਦੀ ਸਾਬਕਾ ਚੇਅਰਪਰਸਨ ਇੰਦਰਾ ਨੂਈ ਸ਼ਾਮਲ ਹਨ।

ਫੋਰਬਸ ਨੇ ਕਿਹਾ ਕਿ ਸ਼ੇਅਰ ਬਾਜ਼ਾਰ 'ਚ ਆਈ ਉਛਾਲ ਕਾਰਨ ਇਨ੍ਹਾਂ 100 ਔਰਤਾਂ ਦੀ ਸੰਪਤੀ ਰਿਕਾਰਡ 124 ਅਰਬ ਡਾਲਰ 'ਤੇ ਪਹੁੰਚ ਗਈ ਹੈ, ਜੋ ਇਕ ਸਾਲ ਪਹਿਲਾਂ ਦੇ ਮੁਕਾਬਲੇ ਲਗਭਗ 12 ਫੀਸਦੀ ਜ਼ਿਆਦਾ ਹੈ।



ਜੈਸ਼੍ਰੀ ਉਲਾਲ, ਜੋ ਸੂਚੀ ਵਿੱਚ 15ਵੇਂ ਸਥਾਨ 'ਤੇ ਹੈ, ਦੀ ਕੁੱਲ ਜਾਇਦਾਦ 2.4 ਬਿਲੀਅਨ ਡਾਲਰ ਹੈ। ਅਰਿਸਟਾ ਨੈੱਟਵਰਕਸ ਨੂੰ 2008 ਵਿੱਚ ਸਟਾਕ ਮਾਰਕੀਟ ਵਿੱਚ ਸੂਚੀਬੱਧ ਕੀਤਾ ਗਿਆ ਸੀ ਅਤੇ ਉਲਾਲ ਕੋਲ ਕੰਪਨੀ ਦੇ ਕੁੱਲ ਸ਼ੇਅਰਾਂ ਦਾ 2.4 ਪ੍ਰਤੀਸ਼ਤ ਹੈ। 2022 ਵਿੱਚ ਅਰਿਸਟਾ ਦੀ ਆਮਦਨ 4.4 ਬਿਲੀਅਨ ਡਾਲਰ ਸੀ।

ਉਲਾਲ ਕਲਾਊਡ ਕੰਪਿਊਟਿੰਗ ਕੰਪਨੀ ਸਨੋਫਲੇਕ ਦੇ ਬੋਰਡ ਆਫ਼ ਡਾਇਰੈਕਟਰਜ਼ ਵਿੱਚ ਵੀ ਸ਼ਾਮਲ ਹੈ। ਇਹ ਕੰਪਨੀ ਸਤੰਬਰ, 2020 ਵਿੱਚ ਸੂਚੀਬੱਧ ਹੋਈ ਸੀ। ਜੈਸ਼੍ਰੀ, 62, ਨੇ ਸੈਨ ਫਰਾਂਸਿਸਕੋ ਸਟੇਟ ਯੂਨੀਵਰਸਿਟੀ ਤੋਂ ਇਲੈਕਟ੍ਰੀਕਲ ਇੰਜੀਨੀਅਰਿੰਗ ਅਤੇ ਸੈਂਟਾ ਕਲਾਰਾ ਯੂਨੀਵਰਸਿਟੀ ਤੋਂ ਇੰਜੀਨੀਅਰਿੰਗ ਪ੍ਰਬੰਧਨ ਦੀ ਪੜ੍ਹਾਈ ਕੀਤੀ। 68 ਸਾਲਾ ਨੀਰਜਾ ਸੇਠੀ, ਜੋ ਸੂਚੀ ਵਿੱਚ 25ਵੇਂ ਸਥਾਨ 'ਤੇ ਹੈ, ਦੀ ਕੁੱਲ ਜਾਇਦਾਦ /990 ਮਿਲੀਅਨ ਹੈ। ਕੰਪਨੀ ਦੀ ਸਥਾਪਨਾ ਨੀਰਜਾ ਅਤੇ ਉਸ ਦੇ ਪਤੀ ਭਰਤ ਦੇਸਾਈ ਦੁਆਰਾ 1980 ਵਿੱਚ ਕੀਤੀ ਗਈ ਸੀ। 2018 ਵਿੱਚ, ਫ੍ਰੈਂਚ ਆਈਟੀ ਫਰਮ ਨੇ ਇਸ ਨੂੰ 3.4 ਬਿਲੀਅਨ ਡਾਲਰ ਵਿੱਚ ਖ਼ਰੀਦਿਆ। ਇਸ ਸੌਦੇ ਵਿੱਚ ਸੇਠੀ ਨੂੰ 510 ਮਿਲੀਅਨ ਡਾਲਰ ਮਿਲੇ ਹਨ। ਨੀਰਜਾ ਨੇ ਦਿੱਲੀ ਯੂਨੀਵਰਸਿਟੀ ਤੋਂ ਬੈਚਲਰ ਆਫ਼ ਆਰਟਸ/ਸਾਇੰਸ ਅਤੇ ਮਾਸਟਰ ਆਫ਼ ਬਿਜ਼ਨਸ ਐਡਮਿਨਿਸਟ੍ਰੇਸ਼ਨ ਕੀਤੀ ਹੈ। ਇਸ ਦੇ ਨਾਲ ਹੀ ਉਸ ਨੇ ਓਕਲੈਂਡ ਯੂਨੀਵਰਸਿਟੀ ਤੋਂ ਮਾਸਟਰ ਆਫ਼ ਸਾਇੰਸ ਦੀ ਡਿਗਰੀ ਹਾਸਲ ਕੀਤੀ ਹੈ।

38 ਸਾਲਾ ਨੇਹਾ ਨਰਖੇੜੇ 520 ਮਿਲੀਅਨ ਡਾਲਰ ਦੀ ਸੰਪਤੀ ਨਾਲ ਸੂਚੀ ਵਿੱਚ 50ਵੇਂ ਸਥਾਨ 'ਤੇ ਹੈ। ਪੈਪਸੀਕੋ ਦੀ ਸਾਬਕਾ ਚੇਅਰਪਰਸਨ ਅਤੇ ਸੀਈਓ ਇੰਦਰਾ ਨੂਈ /350 ਮਿਲੀਅਨ ਦੇ ਨਾਲ ਸੂਚੀ ਵਿੱਚ 77ਵੇਂ ਸਥਾਨ 'ਤੇ ਹੈ

# ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਖ਼ਾਲਸਾ ਪੰਥ ਨੇ ਲਗਾਏ ਲੰਗਰ





ਅੰਮ੍ਰਿਤਸਰ/ਏ.ਟੀ.ਨਿਊਜ਼ : ਪੰਜਾਬ 'ਚ ਹੜ੍ਹ ਦੇ ਕਾਰਨ ਕਈ ਰੇਲ ਗੱਡੀਆਂ ਪ੍ਰਭਾਵਿਤ ਅਤੇ ਰੱਦ ਹੋਈਆਂ ਹਨ, ਜਿਸ ਕਰਕੇ ਵੱਡੀ ਗਿਣਤੀ 'ਚ ਯਾਤਰੀ ਰੇਲਵੇ ਸਟੇਸ਼ਨਾਂ ਉੱਤੇ ਫਸ ਗਏ ਹਨ। ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਇਨ੍ਹਾਂ ਯਾਤਰੀਆਂ ਲਈ ਸ੍ਰੀ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ 'ਤੇ ਲੰਗਰ ਸੇਵਾ ਕੀਤੀ ਗਈ।

ਜ਼ਿਕਰਯੋਗ ਹੈ ਕਿ ਪੰਜਾਬ 'ਚ ਆਏ ਹੜ੍ਹ ਦੇ ਪੀੜ੍ਹਤਾਂ ਲਈ ਸਰਬਉੱਚ ਸਿੱਖ ਸੰਸਥਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਬਹੁਤ ਸਾਰੀਆਂ ਪੰਥਕ ਜਥੇਬੰਦੀਆਂ ਸਹਿਯੋਗ ਲਈ ਅੱਗੇ ਆਈਆਂ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਅਤੇ ਹੋਰ ਸਾਰੀਆਂ ਸਿੱਖ ਜਥੇਬੰਦੀਆਂ ਨੂੰ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਦੇ ਮੱਦੇਨਜ਼ਰ ਤੁਰੰਤ ਰਾਹਤ ਕਾਰਜ ਅਤੇ ਲੰਗਰ ਸੇਵਾ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ਵਿਖੇ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ 'ਗੁਰੂ ਸਾਹਿਬਾਨ ਨੇ ਸਿੱਖ ਕੌਮ ਨੂੰ ਨਿਰਸਵਾਰਥ ਹੋ ਕੇ ਮਨੁੱਖਤਾ ਦੀ ਸੇਵਾ ਕਰਨ ਦਾ ਉਪਦੇਸ਼ ਦਿੱਤਾ ਹੈ। ਇਸ ਲਈ ਉਹ ਅਪੀਲ ਕਰਦੇ ਹਨ ਕਿ ਸਮੂਹ ਸਿੱਖ ਜਥੇਬੰਦੀਆਂ ਤੁਰੰਤ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਕੇ ਪੀੜਤਾਂ ਤੱਕ ਲੰਗਰ, ਬਿਸਤਰੇ, ਦਵਾਈਆਂ, ਕੱਪੜੇ, ਪਸ਼ੂਆਂ ਲਈ ਚਾਰਾ ਅਤੇ ਹੋਰ ਜ਼ਰੂਰੀ ਸਮੱਗਰੀ ਪਹੁੰਚਾਉਣ ਲਈ ਪੀੜਤਾਂ ਦੀ ਮਦਦ ਕਰਨ। ਉਨ੍ਹਾਂ ਕਿਹਾ ਕਿ ਇਹ ਕੰਮ ਭਾਈਚਾਰੇ, ਧਰਮ ਅਤੇ



ਜਾਤ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਕੇ ਕੀਤਾ ਜਾਣਾ ਚਾਹੀਦਾ ਹੈ।

ਗਿਆਨੀ ਰਘਬੀਰ ਸਿੰਘ ਦੇ ਨਿਰਦੇਸ਼ਾਂ 'ਤੇ ਚੱਲਦਿਆਂ ਸ਼੍ਰੋਮਣੀ ਕਮੇਟੀ ਅਤੇ ਹੋਰ ਸਿੱਖ ਜਥੇਬੰਦੀਆਂ ਨੇ ਹੜ੍ਹ ਪੀੜਤਾਂ ਲਈ ਸਾਰੇ ਗੁਰਦੁਆਰਾ ਕੰਪਲੈਕਸਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਹਨ। ਬਿਸਤਰੇ ਅਤੇ 24 ਘੰਟੇ ਅਟੁੱਟ ਲੰਗਰ ਦਾ ਪ੍ਰਬੰਧ ਕੀਤਾ ਗਿਆ ਹੈ। ਹੜ੍ਹਾਂ ਕਾਰਨ ਜ਼ਖਮੀ ਹੋਏ ਜਾਂ ਬਿਮਾਰ ਹੋਏ ਲੋਕਾਂ ਲਈ ਡਾਕਟਰ ਮੁਹੱਈਆ ਕਰਵਾਏ ਗਏ ਹਨ ਅਤੇ ਦਵਾਈਆਂ ਦਾ ਖਰਚਾ ਸ਼੍ਰੋਮਣੀ ਕਮੇਟੀ ਵੱਲੋਂ ਚੁੱਕਿਆ ਜਾਵੇਗਾ। ਪੀੜ੍ਹਤ ਲੋਕ ਸਥਿਤੀ ਪੂਰੀ ਤਰ੍ਹਾਂ ਆਮ ਹੋਣ ਤੱਕ ਉੱਥੇ ਹੀ ਰਹਿ ਸਕਦੇ ਹਨ ਅਤੇ ਉਨ੍ਹਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

### ਮੈਡੀਕਲ ਸਹਾਇਤਾ

ਸ਼੍ਰੋਮਣੀ ਕਮੇਟੀ ਵੱਲੋਂ ਹੜ੍ਹ ਤੋਂ ਪ੍ਰਭਾਵਿਤ ਲੋਕਾਂ ਲਈ ਜਿਥੇ ਰਿਹਾਇਸ਼ ਅਤੇ ਲੰਗਰ ਆਦਿ ਦੇ ਪ੍ਰਬੰਧ ਕੀਤੇ ਗਏ ਹਨ, ਉੱਥੇ ਹੀ ਮੈਡੀਕਲ ਸਹੂਲਤ ਨੂੰ ਮੁੱਖ ਰੱਖਦਿਆਂ ਵੱਖ-ਵੱਖ ਇਲਾਕਿਆਂ ਲਈ ਤਿੰਨ ਐਬੂਲੈਂਸ ਗੱਡੀਆਂ ਨੂੰ ਰਵਾਨਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸ੍ਰੀ ਗੁਰੂ ਰਾਮਦਾਸ ਚੈਰੀਟੇਬਲ ਹਸਪਤਾਲ ਵੱਲ੍ਹਾ ਤੋਂ ਇਹ ਤਿੰਨ ਵੈਨਾਂ ਸ੍ਰੀ ਅਨੰਦਪੁਰ ਸਾਹਿਬ, ਪਟਿਆਲਾ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਦੇ ਇਲਾਕਿਆਂ ਲਈ ਰਵਾਨਾ ਕੀਤੀਆਂ।

ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਦੇ ਬਾਹਰ ਸੁਰੱਖਿਅਤ ਪਸ਼ੂਆਂ ਦੇ ਸ਼ੈੱਡ ਬਣਾਏ ਗਏ ਹਨ। ਪ੍ਰਭਾਵਿਤ ਪਸ਼ੂਆਂ ਲਈ ਵੈਟਰਨਰੀ ਡਾਕਟਰਾਂ ਅਤੇ ਦਵਾਈਆਂ ਦੇ ਪੁਖਤਾ ਪ੍ਰਬੰਧ ਕੀਤੇ ਗਏ ਹਨ। ਸੂਬੇ ਦੇ ਹਰ ਗੁਰਦੁਆਰੇ ਵਿੱਚ ਅਜਿਹੇ ਰਾਹਤ ਕੈਂਪ ਲਗਾਏ ਗਏ ਹਨ ਜਿਨ੍ਹਾਂ ਦੇ ਦਰਵਾਜ਼ੇ ਦਿਨ ਰਾਤ ਖੁੱਲ੍ਹੇ ਰਹਿਣਗੇ। ਜਿਸ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਟਾਫ਼ ਤੋਂ ਇਲਾਵਾ ਆਮ ਸੰਗਤ ਵੀ ਸੇਵਾ ਕਰ ਰਹੀ ਹੈ। ਹੈਲਪਲਾਈਨ ਨੰਬਰ ਵੀ ਜਾਰੀ ਕੀਤੇ ਗਏ ਹਨ।

ਇਸ ਦੌਰਾਨ ਕੁਝ ਪ੍ਰਵਾਸੀ ਖਾਲਸਾ ਜੀ ਦੀਆਂ ਸੰਸਥਾਵਾਂ ਵੀ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਈਆਂ ਹਨ। (ਬਾਕੀ ਸਫ਼ਾ 30 'ਤੇ)

## ਸਰਕਾਰਾਂ ਦੀ ਅਣਗਹਿਲੀ ਕਾਰਨ ਸੰਤਾਪ ਹੰਡਾ ਰਹੇ ਨੇ ਪੰਜਾਬੀ



ਪੰਜਾਬ 'ਚ ਵੱਖ ਵੱਖ ਸਮੇਂ ਹੋਂਦ ਵਿੱਚ ਆਈਆਂ ਕਾਂਗਰਸ, ਅਕਾਲੀ ਦਲ ਅਤੇ ਮੌਜੂਦਾ ਆਪ ਸਰਕਾਰਾਂ ਪੰਜਾਬ ਨੂੰ ਹੜ੍ਹਾਂ ਤੋਂ ਬਚਾਉਣ ਵਿੱਚ ਪੂਰੀ ਤਰਾਂ ਅਸਫ਼ਲ ਹੋ ਗਈਆਂ ਹਨ, ਭਾਵੇਂ ਕਿ ਇਹਨਾਂ ਸਰਕਾਰਾਂ ਵੱਲੋਂ ਆਪਣੇ ਕਾਰਜਕਾਲ ਦੌਰਾਨ ਪੰਜਾਬ ਨੂੰ ਹੜ੍ਹਾਂ ਤੋਂ ਬਚ 'ਉਣ ਲਈ ਵੱਡੇ ਉਪਰਾਲੇ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ ਪਰ ਕਰੀਬ ਹਰ (ਬਾਕੀ ਸਫ਼ਾ 29 'ਤੇ)

## ਭਾਰਤ 'ਚ ਕਈ ਵਾਰ ਆ ਚੁੱਕੇ ਹਨ ਹੜ੍ਹ

ਭਾਰਤ ਦੇ ਵੱਖ ਵੱਖ ਸੂਬਿਆਂ 'ਚ ਪਹਿਲਾਂ ਵੀ ਕਈ ਵਾਰ ਹੜ੍ਹ ਆ ਚੁੱਕੇ ਹਨ, ਪਰ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਨੇ ਹੜ੍ਹਾਂ ਤੋਂ ਬਚਾਓ ਲਈ ਕੋਈ ਠੋਸ ਉਪਰਾਲਾ ਨਹੀਂ ਕੀਤਾ, ਜਿਸ ਕਾਰਨ ਅਨੇਕਾਂ ਰਾਜਾਂ ਵਿੱਚ ਕਰੀਬ ਹਰ ਸਾਲ ਹੀ ਹੜ੍ਹ ਆ ਜਾਂਦੇ ਹਨ।

ਇੱਕ ਰਿਪੋਰਟ ਅਨੁਸਾਰ, ਉੱਤਰਾਖੰਡ ਵਿੱਚ ਸਾਲ 2013 ਵਿੱਚ 13 ਜੂਨ ਤੋਂ 17 ਜੂਨ ਤੱਕ ਭਾਰੀ ਮੀਂਹ ਪਿਆ। ਇਸ ਕਾਰਨ ਚਾਰੋਬਾੜੀ ਗਲੇਸ਼ੀਅਰ 'ਚ ਬਰਫ ਦਾ ਤੂਫਾਨ ਆ ਗਿਆ ਅਤੇ ਮੰਦਾਕਨੀ ਨਦੀ ਨੇ ਭਿਆਨਕ ਰੂਪ ਧਾਰਨ ਕਰ ਲਿਆ। ਭਾਰੀ ਮੀਂਹ ਕਾਰਨ 5000 ਤੋਂ ਵੱਧ ਨਿਵਾਸੀਆਂ ਅਤੇ ਸੈਲਾਨੀਆਂ ਦੀ ਮੌਤ ਹੋ ਗਈ। ਭਾਰੀ ਮੀਂਹ ਦਾ ਸਭ ਤੋਂ ਵੱਧ ਅਸਰ ਕੇਦਾਰਨਾਥ ਵਿੱਚ ਦੇਖਣ ਨੂੰ ਮਿਲਿਆ। ਕੇਦਾਰਨਾਥ ਅਤੇ ਇਸ ਦੇ ਆਸਪਾਸ ਦੇ ਇਲਾਕਿਆਂ 'ਚ ਮੀਂਹ ਕਾਰਨ ਕਾਫੀ ਤਬਾਹੀ ਹੋਈ ਸੀ।



ਅਗਸਤ 2007 ਵਿੱਚ ਬਿਹਾਰ ਵਿੱਚ ਭਾਰੀ ਮੀਂਹ ਕਾਰਨ ਭਿਆਨਕ ਤਬਾਹੀ ਹੋਈ ਸੀ। ਇਸ ਹੜ੍ਹ ਵਿੱਚ ਬਿਹਾਰ ਦੀ 40 ਫੀਸਦੀ ਤੋਂ ਵੱਧ ਜ਼ਮੀਨ ਡੁੱਬ ਗਈ ਸੀ। ਇਸ ਹੜ੍ਹ ਨਾਲ 19 ਜ਼ਿਲ੍ਹਿਆਂ ਦੇ 4822 ਤੋਂ ਵੱਧ ਪਿੰਡ ਅਤੇ 10,000,000 ਹੈਕਟੇਅਰ ਵਾਹੀਯੋਗ ਜ਼ਮੀਨ ਪ੍ਰਭਾਵਿਤ ਹੋਈ ਹੈ। ਸੰਯੁਕਤ ਰਾਸ਼ਟਰ ਨੇ ਇਸ ਨੂੰ ਬਿਹਾਰ ਦਾ (ਬਾਕੀ ਸਫ਼ਾ 29 'ਤੇ)

## ਬਰਸਾਤ ਕਾਰਨ ਮਹਿੰਗਾਈ 'ਚ ਹੋਇਆ ਵਾਧਾ

ਮਾਨਸੂਨ ਦੀ ਭਰਵੀਂ ਬਰਸਾਤ ਜਿਥੇ ਆਮ ਲੋਕਾਂ ਲਈ ਵੱਡੀ ਮੁਸੀਬਤ ਬਣੀ ਹੋਈ ਹੈ, ਉਥੇ ਹੀ ਇਸ ਬਰਸਾਤ ਦੇ ਪਾਣੀ ਵਿੱਚ ਫ਼ਸਲਾਂ ਡੁੱਬ ਗਈਆਂ ਹਨ ਅਤੇ ਅਨੇਕਾਂ ਫਸਲਾਂ ਖਰਾਬ ਹੋ ਗਈਆਂ ਹਨ। ਇਸੇ ਕਾਰਨ ਬਰਸਾਤ ਪੈਣ ਦੇ ਨਾਲ ਮਹਿੰਗਾਈ ਵਿੱਚ ਵੀ ਵਾਧਾ ਹੋ ਗਿਆ ਹੈ। ਜਿਹੜੇ ਲੋਕ ਮੁੱਲ ਖਰੀਦ ਕੇ ਸਬਜ਼ੀ ਖਾਂਦੇ ਹਨ, ਉਹਨਾਂ ਨੂੰ ਪਤਾ ਹੈ ਕਿ ਇਸ ਸਮੇਂ ਟਮਾਟਰ 250 ਰੁਪਏ ਪ੍ਰਤੀ ਕਿਲੋ, ਅਦਰਕ 400 ਰੁਪਏ ਕਿਲੋ ਤਕ ਵਿਕ ਰਿਹਾ ਹੈ ਅਤੇ ਹੋਰ ਸਬਜ਼ੀਆਂ ਦੇ ਭਾਅ ਵੀ ਬਹੁਤ ਵੱਧ ਗਏ ਹਨ। ਬਰਸਾਤ ਕਾਰਨ ਲੋਕਾਂ ਦੀ ਆਮਦਨੀ ਦੇ ਸਰੋਤ ਘੱਟ ਰਹੇ ਹਨ ਪਰ ਮਹਿੰਗਾਈ ਕਾਰਨ ਖਰਚੇ ਵੱਧ ਰਹੇ ਹਨ, ਜਿਸ ਕਾਰਨ ਆਮ ਲੋਕਾਂ ਦੀ ਰਸੋਈ ਦਾ ਬਜਟ ਗੜਬੜਾ ਗਿਆ ਹੈ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਮਹਿੰਗਾਈ ਬਨਾਮ ਅੰਕੜਿਆਂ ਦੀ ਖੇਡ

## ਵੱਧ ਰਹੀ ਮਹਿੰਗਾਈ ਨੇ ਵਿਗਾੜਿਆ ਆਮ ਲੋਕਾਂ ਦੀ ਰਸੋਈ ਦਾ ਬਜਟ



ਟਮਾਟਰ ਤੇ ਹੋਰ ਸਬਜ਼ੀਆਂ ਦੇ ਨਾਲ-ਨਾਲ ਅਰਹਰ ਦੀ ਦਾਲ ਤੇ ਹੋਰ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਅਸਮਾਨੀ ਚੜ੍ਹੀਆਂ ਕੀਮਤਾਂ ਕਾਰਨ ਜ਼ਿਆਦਾਤਰ ਮੱਧਵਰਗੀ ਪਰਿਵਾਰਾਂ ਦੀ ਰਸੋਈ ਦਾ ਬਜਟ ਅਤੇ ਮੂੰਹ ਦਾ ਸਵਾਦ ਵਿਗੜ ਗਿਆ ਹੈ ਪਰ ਕੇਂਦਰ ਸਰਕਾਰ ਅਤੇ ਰਿਜ਼ਰਵ ਬੈਂਕ ਇਹ ਦਾਅਵਾ ਕਰਕੇ ਆਪਣੀ ਪਿੱਠ ਥਪਥਪਾਉਣ ਵਿੱਚ ਲੱਗੇ ਹੋਏ ਹਨ ਕਿ ਉਨ੍ਹਾਂ ਨੇ ਮਹਿੰਗਾਈ ਨੂੰ ਕਾਬੂ ਵਿੱਚ ਕਰ ਲਿਆ ਹੈ। ਸਰਕਾਰੀ ਅੰਕੜਿਆਂ ਅਨੁਸਾਰ ਮਹਿੰਗਾਈ ਦੀ ਦਰ ਲਗਾਤਾਰ ਘਟ ਰਹੀ ਹੈ। ਖਪਤਕਾਰ ਮੁੱਲ ਸੂਚਕ ਅੰਕ ’ਤੇ ਆਧਾਰਿਤ ਮਹਿੰਗਾਈ ਅਪ੍ਰੈਲ ’ਚ 4.70 ਫੀਸਦੀ ਅਤੇ ਇਸ ਸਾਲ ਮਾਰਚ ’ਚ 5.66 ਫੀਸਦੀ ਦੇ ਮੁਕਾਬਲੇ ਮਈ ’ਚ ਘਟ ਕੇ 4.25 ਫੀਸਦੀ ’ਤੇ ਆ ਗਈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਰਕਾਰੀ ਅੰਕੜਿਆਂ ਅਨੁਸਾਰ ਮਹਿੰਗਾਈ ਘਟ ਰਹੀ ਹੈ ਤਾਂ ਫਿਰ ਆਮ ਲੋਕਾਂ ਦੀ ਰਸੋਈ ਦਾ ਬਜਟ ਕਿਉਂ ਵਿਗਾੜਿਆ ਜਾਂਦਾ ਹੈ? ਆਮ ਲੋਕ ਮਹਿੰਗਾਈ ਵਿੱਚ ਕਮੀ ਮਹਿਸੂਸ ਕਿਉਂ ਨਹੀਂ ਕਰ ਰਹੇ? ਇਸ ਦੇ ਕਈ ਕਾਰਨ ਹਨ? ਹਾਲਾਤ ਹੁਣ ਇਹ ਹਨ ਕਿ ਪੰਜਾਬ ਸਮੇਤ ਪੂਰੇ ਭਾਰਤ ਵਿੱਚ ਮਹਿੰਗਾਈ ਵੱਧ ਰਹੀ ਹੈ ਪਰ ਕੇਂਦਰ ਦੀ ਮੋਦੀ ਸਰਕਾਰ ਅੰਕੜਿਆਂ ਦੀ ਖੇਡ ਖੇਡ ਕੇ ਮਹਿੰਗਾਈ ਘੱਟ ਹੋਣ ਦੇ ਦਾਅਵੇ ਕਰ ਰਹੀ ਹੈ। ਬਹੁਤ ਸਾਰੇ ਅਰਥਸ਼ਾਸਤਰੀ ਮੌਜੂਦਾ ਮਹਿੰਗਾਈ ਦਾ ਕਾਰਨ ਗਲੋਬਲ ਅਤੇ ਘਰੇਲੂ ਬਾਜ਼ਾਰਾਂ ਵਿੱਚ ਕੁਝ ਵੱਡੀਆਂ ਕੰਪਨੀਆਂ ਦੇ ਵਧ ਰਹੇ ਦਬਦਬੇ ਅਤੇ ਕੀਮਤਾਂ ਨੂੰ ਪ੍ਰਭਾਵਿਤ ਕਰਨ ਦੀ ਉਨ੍ਹਾਂ ਦੀ ਸ਼ਕਤੀ ਨੂੰ ਦਿੰਦੇ ਹਨ। ਅਰਥ ਸ਼ਾਸਤਰੀਆਂ ਅਨੁਸਾਰ, ਵੱਡੀਆਂ ਕੰਪਨੀਆਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਮੌਕੇ ਦੀ ਦੁਰਵਰਤੋਂ ਕਰ ਰਹੀਆਂ ਹਨ, ਖਾਸ ਤੌਰ ’ਤੇ ਸਪਲਾਈ ਦੀ ਰੁਕਾਵਟ ਅਤੇ ਸਿੱਟੇ ਵਜੋਂ ਮਹਿੰਗਾਈ ਵਧਣ ਦੇ ਸੰਕੇਤ। ਇਸੇ ਲਈ ਉਹ ਇਸ ਮਹਿੰਗਾਈ ਨੂੰ ਗਰਿੱਡਫਲੇਸ਼ਨ ਜਾਂ ਲਾਲਚ ਦੀ ਮਹਿੰਗਾਈ ਕਹਿ ਰਹੇ ਹਨ। ਇਸ ਸਾਲ ਮਾਰਚ ਵਿੱਚ, ਰਿਜ਼ਰਵ ਬੈਂਕ ਦੇ ਸਾਬਕਾ ਡਿਪਟੀ ਗਵਰਨਰ ਅਤੇ ਪ੍ਰਸਿੱਧ ਅਰਥ ਸ਼ਾਸਤਰੀ ਵਿਰਲ ਆਚਾਰੀਆ ਨੇ ਨਿਊਯਾਰਕ ਯੂਨੀਵਰਸਿਟੀ ਕਾਨਫਰੰਸ ਵਿੱਚ ਪੜ੍ਹੇ ਗਏ ਇੱਕ ਪੇਪਰ ਵਿੱਚ ਕਿਹਾ ਸੀ ਕਿ ਭਾਰਤ ਨੂੰ ਕੀਮਤਾਂ ਦਾ ਫੈਸਲਾ ਕਰਨ ਲਈ ਵੱਡੀਆਂ ਪੰਜ ਕੰਪਨੀਆਂ ਦੀ ਵਧਦੀ ਸ਼ਕਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਦੇ ਉਤਪਾਦ ਬਾਜ਼ਾਰ ਵਿੱਚ ਹਨ ਕਿਉਂਕਿ ਮਹਿੰਗਾਈ ਬੇਕਾਬੂ ਰਹਿੰਦੀ ਹੈ। ਅਚਾਰੀਆ ਮੁਤਾਬਕ ਇਨ੍ਹਾਂ ਪੰਜ ਕੰਪਨੀਆਂ ਦਾ ਬਾਜ਼ਾਰ ’ਚ ਇੰਨਾ ਦਬਦਬਾ ਹੈ ਕਿ ਉਹ ਆਪਣੇ ਉਤਪਾਦਾਂ ਦੀ ਕੀਮਤ ਆਪਣੇ ਮੁਕਾਬਲੇਬਾਜ਼ਾਂ ਨਾਲੋਂ ਵੱਧ ਰੱਖ ਰਹੀਆਂ ਹਨ। ਪ੍ਰਸਿਧ ਅਮਰੀਕੀ ਅਰਥ ਸ਼ਾਸਤਰੀ ਨੂਰੀਅਲ ਰੋਬਿਨੀ ਨੇ ਵੀ ਇਕ ਲੇਖ ਵਿੱਚ ਕਿਹਾ ਹੈ ਕਿ ਭਾਰਤ ਵਿੱਚ ਕੁਝ ਵੱਡੀਆਂ ਕੰਪਨੀਆਂ ਦਾ ਦਬਦਬਾ ਵਧ ਰਿਹਾ ਹੈ, ਜਿਸ ਕਾਰਨ ਬਾਜ਼ਾਰ ਵਿੱਚ ਮਹਿਗਾਈ ਵੱਧ ਰਹੀ ਹੈ।। ਮਸ਼ਹੂਰ ਮੈਗਜ਼ੀਨ ‘ਦਿ ਇਕਾਨੌਮਿਸਟ’ ਨੇ ਆਪਣੇ ਤਾਜ਼ਾ ਅੰਕ ਵਿੱਚ ਵਿਕਸਤ ਪੱਛਮੀ ਦੇਸ਼ਾਂ ਵਿੱਚ ਉੱਚੀ ਮਹਿੰਗਾਈ ਦਰ ਅਤੇ ਮੌਜੂਦਾ ਮਹਿੰਗਾਈ ਨੂੰ ਗਰਿੱਡਫਲੇਸ਼ਨ ਕਰਾਰ ਦਿੱਤਾ ਹੈ ਪਰ ਗਲੋਬਲ ਫੂਡ ਵਪਾਰ ਤੋਂ ਲੈ ਕੇ ਪੈਟਰੋਲੀਅਮ ਕਾਰਟੈਲ ਤੱਕ ਹਰ ਚੀਜ਼ ’ਤੇ ਮੁੱਠੀ ਭਰ ਕੰਪਨੀਆਂ ਦਾ ਦਬਦਬਾ ਹੈ, ਜੋ ਕਿ ਕੋਵਿਡ ਮਹਾਂਮਾਰੀ ਤੋਂ ਲੈ ਕੇ ਯੂਕਰੇਨ-ਰੂਸ ਯੁੱਧ ਤੱਕ ਹਰ ਮੌਕੇ ਦੀ ਵਰਤੋਂ ਵੱਡੇ ਲਾਭ ਕਮਾਉਣ ਲਈ ਕਰ ਰਹੀਆਂ ਹਨ।ਘਰੇਲੂ ਭਾਰਤੀ ਮੰਡੀ ਵਿੱਚ ਅਨਾਜ, ਸਬਜ਼ੀਆਂ-ਫਲਾਂ, ਦੁੱਧ ਆਦਿ ਦੇ ਭੰਡਾਰਨ, ਥੋਕ ਅਤੇ ਪ੍ਰਚੂਨ ਕਾਰੋਬਾਰ ਵਿੱਚ ਕੁਝ ਵੱਡੀਆਂ ਕੰਪਨੀਆਂ ਦੀ ਘੁਸਪੈਠ ਤੋਂ ਬਾਅਦ, ਮਨਮਾਨੇ ਢੰਗ ਨਾਲ ਕੀਮਤਾਂ ਤੈਅ ਕਰਨ ਵਿੱਚ ਉਨ੍ਹਾਂ ਦੀ ਭੂਮਿਕਾ ਵਧਦੀ ਜਾ ਰਹੀ ਹੈ। ਕਈ ਮਾਮਲਿਆਂ ਵਿੱਚ ਇਹ ਕੰਪਨੀਆਂ ਕੀਮਤਾਂ ਵਿੱਚ ਗਿਰਾਵਟ ਨੂੰ ਆਮ ਖਪਤਕਾਰਾਂ ਤੱਕ ਪਹੁੰਚਣ ਤੋਂ ਵੀ ਰੋਕ ਰਹੀਆਂ ਹਨ। ਜੇਕਰ ਮਹਿੰਗਾਈ ਨੂੰ ਕੰਟਰੋਲ ਕਰਨਾ ਹੈ ਤਾਂ ਇਸ ਨੂੰ ਨਜ਼ਰਅੰਦਾਜ਼ ਕਰਨ ਜਾਂ ਇਨਕਾਰ ਕਰਨ ਦੀ ਬਜਾਏ ਇਸ ਨੂੰ ਕੰਟਰੋਲ ਕਰਨ ਵੱਲ ਧਿਆਨ ਦੇਣਾ ਹੋਵੇਗਾ।

# ਵਿਦੇਸ਼ ’ਚ ਪੜ੍ਹਨਾ ਜਾਂ ਨੌਕਰੀ ਕਰਨਾ ਆਈ.ਆਈ.ਟੀ. ਦੇ ਗ੍ਰੈਜੂਏਟਾਂ ਲਈ ਬਣਿਆ ਵੱਡੀ ਤਰਜੀਹ

## ਨੈਸ਼ਨਲ ਬਿਊਰੋ ਆਫ਼ ਇਕਨਾਮਿਕ ਰਿਸਰਚ ਵਿੱਚ ਪ੍ਰਕਾਸ਼ਿਤ ਇੱਕ ਖੋਜ ਵਿੱਚ ਕੀਤਾ ਗਿਆ ਦਾਅਵਾ



ਨਵੀਂ ਦਿੱਲੀ/ਏ.ਟੀ.ਨਿਊਜ਼ :- ਦੇਸ਼ ਦੀਆਂ ਚੋਟੀ ਦੀਆਂ ਵਿਦਿਅਕ ਸੰਸਥਾਵਾਂ ਵਿੱਚੋਂ ਇੱਕ, ਆਈਆਈਟੀ ਦੇ ਗ੍ਰੈਜੂਏਟਾਂ ਲਈ ਵਿਦੇਸ਼ ਵਿੱਚ ਪੜ੍ਹਨਾ ਜਾਂ ਨੌਕਰੀ ਪ੍ਰਾਪਤ ਕਰਨਾ ਇੱਕ ਵੱਡੀ ਤਰਜੀਹ ਬਣ ਗਿਆ ਹੈ। ਨੈਸ਼ਨਲ ਬਿਊਰੋ ਆਫ਼ ਇਕਨਾਮਿਕ ਰਿਸਰਚ ਵਿੱਚ ਪ੍ਰਕਾਸ਼ਿਤ ਇੱਕ ਖੋਜ ਦੇ ਅਨੁਸਾਰ, ਜੇਈਈ ਪ੍ਰੀਖਿਆ ਵਿੱਚ ਟਾਪ-100 ਰੈਂਕਿੰਗ ਵਾਲੇ 62 ਬੱਚੇ ਵਿਦੇਸ਼ ਗਏ। ਚੋਟੀ ਦੇ 1000 ਰੈਂਕ ਪ੍ਰਾਪਤ ਕਰਨ ਵਾਲਿਆਂ ਵਿੱਚੋਂ, 36% ਨੇ ਅੱਗੇ ਦੀ ਪੜ੍ਹਾਈ ਜਾਂ ਕੰਮ ਲਈ ਵਿਦੇਸ਼ ਨੂੰ ਚੁਣਿਆ।

### ਟਾਪ-10 ਰੈਂਕਰਾਂ ਵਿੱਚੋਂ 9 ਵਿਦੇਸ਼ ਗਏ ਹਨ।

ਖੋਜਕਰਤਾ ਜੇਈਈ ਪ੍ਰੀਖਿਆ 2010 ਦੇ ਟਾਪ ਸਕੋਰਰਾਂ ’ਤੇ ਖੋਜ ਕਰਕੇ ਇਸ ਨਤੀਜੇ ’ਤੇ ਪਹੁੰਚੇ। ਭਾਵ ਇਨ੍ਹਾਂ ਬੱਚਿਆਂ ਨੇ 2014-15 ਵਿੱਚ ਆਪਣੀ ਪੜ੍ਹਾਈ ਪੂਰੀ ਕੀਤੀ ਅਤੇ ਉਸ ਤੋਂ ਬਾਅਦ ਉਹ ਵਿਦੇਸ਼ ਚਲੇ ਗਏ। ਇਸ ਅਧਿਐਨ ਵਿੱਚ ਇਹ ਵੀ ਸਾਹਮਣੇ ਆਇਆ ਕਿ ਵਿਦੇਸ਼ ਜਾਣ ਵਿੱਚ ਆਈਆਈਟੀਆਈਜ਼ ਦੇ ਸਾਬਕਾ ਵਿਦਿਆਰਥੀਆਂ ਦੇ ਨੈੱਟਵਰਕ ਦੀ ਵੀ ਵੱਡੀ ਭੂਮਿਕਾ ਹੈ।

ਇਸ ਦੇ ਲਈ ਅਮਰੀਕਾ ਦੇ ਟਾਪ-55 ਕੰਪਿਊਟਰ ਸਾਇੰਸ ਗ੍ਰੈਜੂਏਟ ਪ੍ਰੋਗਰਾਮਾਂ ਵਿੱਚ ਸ਼ਾਮਲ 2,400 ਫੈਕਲਟੀ ਮੈਂਬਰਾਂ ਦੇ ਡੇਟਾ ਦੀ ਜਾਂਚ ਕੀਤੀ ਗਈ। ਇਹਨਾਂ ਵਿੱਚੋਂ, 134 ਭਾਵ ਲਗਭਗ 6% ਫੈਕਲਟੀ ਮੈਂਬਰ ਭਾਰਤ ਦੇ ਇੱਕ ਜਾਂ ਦੂਜੇ ਆਈਆਈਟੀ ਦੇ ਸਾਬਕਾ ਵਿਦਿਆਰਥੀ ਨਿਕਲੇ। ਐਲੂਮਨੀ ਵਾਲੀਆਂ ਸੰਸਥਾਵਾਂ ਵਿੱਚ ਆਈਆਈਟੀ ਦੇ ਵਿਦਿਆਰਥੀਆਂ ਲਈ ਦਾਖ਼ਲੇ ਦੀਆਂ 30% ਵੱਧ ਸੰਭਾਵਨਾਵਾਂ ਹਨ।

ਇਸ ਖੋਜ ਮੁਤਾਬਕ 65% ਭਾਰਤੀ ਅਮਰੀਕਾ ਗਏ ਸਨ। 5% ਬਰਤਾਨੀਆ ਅਤੇ 16% ਦੂਜੇ ਦੇਸ਼ਾਂ ਵਿੱਚ ਗਏ। 83% ਨੇ ਮਾਸਟਰ ਜਾਂ ਪੀਐਚਡੀ ਦੀ ਪੜ੍ਹਾਈ ਕੀਤੀ। ਬਾਕੀ 17% ਰੁਜ਼ਗਾਰ ਲਈ ਗਏ। ਖੋਜ ਦੇ ਅਨੁਸਾਰ, ਚੋਟੀ ਦੇ-5 ਆਈਆਈਟੀ ਗ੍ਰੈਜੂਏਟ ਦੂਜੇ ਆਈਆਈਟੀ ਵਿਦਿਆਰਥੀਆਂ ਨਾਲੋਂ 5% ਵੱਧ ਵਿਦੇਸ਼ ਜਾਣ ਦੀ ਸੰਭਾਵਨਾ ਰੱਖਦੇ ਹਨ। ਟੌਪਰਾਂ ਨੂੰ ਅਮਰੀਕਾ ਦੇ ਚੋਟੀ ਦੇ ਸੰਸਥਾਵਾਂ ਵਿੱਚ ਆਸਾਨੀ ਨਾਲ ਦਾਖਲਾ ਮਿਲ ਜਾਂਦਾ ਹੈ। ਭਾਵ ਅਮਰੀਕਾ ਨੂੰ ਸਾਡੇ ਦੇਸ਼ ਦੀ ਚੋਟੀ ਦੀ ਪ੍ਰਤਿਭਾ ਮਿਲ ਰਹੀ ਹੈ।

ਵਿਦੇਸ਼ ਜਾਣ ਦਾ ਵੱਡਾ ਕਾਰਨ ਇਹ ਹੈ ਕਿ ਭਾਰਤ ਦੀਆਂ ਖੋਜ ਸੰਸਥਾਵਾਂ ਦੀ ਵਿਸ਼ਵ ਪੱਧਰ ’ਤੇ ਸਾਖ ਨਹੀਂ ਹੈ। ਅਮਰੀਕਾ ਦੀਆਂ 37 ਸੰਸਥਾਵਾਂ ਹਨ ਅਤੇ ਉੱਚ-ਗੁਣਵੱਤਾ ਖੋਜ ਲਈ ਕੁਦਰਤ ਸੂਚਕਾਂਕ ਵਿੱਚ ਚੋਟੀ ਦੇ 100 ਵਿੱਚੋਂ 33 ਚੀਨ ਵਿੱਚ ਹਨ।

2013-2020 ਦਰਮਿਆਨ ਚੋਟੀ ਦੇ 250 ਆਈਆਈਟੀਆਈਜ਼ ’ਤੇ ਕੀਤੇ ਗਏ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਵਿੱਚੋਂ ਅੱਧੇ ਅਮਰੀਕਾ ਵਿੱਚ ਹਨ। ਇਨ੍ਹਾਂ ਦੀ ਔਸਤ ਉਮਰ 30-32 ਸਾਲ ਹੈ। 25 ਸਾਲ ਦੀ ਉਮਰ ਤੱਕ ਚੋਟੀ ਦੇ ਸਕੋਰਰ ਸਿਰਫ਼ 20% ਹਨ। 30+ ਵਾਲੇ ਚੋਟੀ ਦੇ ਵਿਦਿਆਰਥੀਆਂ ਵਿੱਚੋਂ 50-60% ਵਿਦੇਸ਼ ਵਿੱਚ ਹਨ।

ਜਦੋਂ ਕਿ ਇਸ ਤੋਂ ਘੱਟ ਉਮਰ ਦੇ ਲੋਕ ਭਾਰਤ ਵਿੱਚ ਹਨ। ਅਧਿਐਨ ਵਿੱਚ ਸ਼ਾਮਲ ਬਹੁਤ ਸਾਰੇ ਬੱਚੇ ਕੰਪਿਊਟਰ ਵਿਗਿਆਨ ਦੇ ਮਾਹਰ ਹਨ। ਉਹ ਆਈਆਈਟੀ ਬੰਬੇ ਜਾਂ ਆਈਆਈਟੀ ਦਿੱਲੀ ਤੋਂ ਬਾਹਰ ਆਏ ਸਨ। ਮੌਜੂਦਾ ਰੁਝਾਨ 1980-90 ਦੇ ਦਹਾਕੇ ਵਰਗਾ ਹੈ। ਉਦੋਂ ਦੇਸ਼ ਦੇ ਚੋਟੀ ਦੇ ਵਿਦਿਆਰਥੀ ਜ਼ਿਆਦਾਤਰ ਅਮਰੀਕਾ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵਿੱਚ ਜਾਂਦੇ ਸਨ। ਫਿਰ ਉੱਥੇ ਮੋਟੀ ਤਨਖਾਹ ਵਾਲੀ ਨੌਕਰੀ ਮਿਲਦੀ ਸੀ। ਹਾਲਾਂ ਕਿ, 2000 ਦੇ ਦਹਾਕੇ ਤੋਂ ਇਹ ਰੁਝਾਨ ਬਦਲਣਾ ਸ਼ੁਰੂ ਹੋ ਗਿਆ।

ਦੱਸ ਸਾਲਾਂ ਵਿੱਚ ਕੈਨੇਡਾ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਵਿੱਚ 3 ਗੁਣਾ ਵਾਧਾ ਹੋਇਆ ਹੈ। ਅਜਿਹਾ ਇਸ ਲਈ ਕਿਉਂਕਿ ਐੱਚ-1ਬੀ ਨੀਤੀ ਕਾਰਨ ਅਮਰੀਕਾ ’ਚ ਸਥਾਈ ਨਿਵਾਸ ਹਾਸਲ ਕਰਨਾ ਮੁਸ਼ਕਿਲ ਹੋ ਗਿਆ ਹੈ। ਇਸ ਦੇ ਨਾਲ ਹੀ ਕੈਨੇਡਾ ਵਿੱਚ ਨਾਗਰਿਕਤਾ ਆਸਾਨੀ ਨਾਲ ਮਿਲ ਜਾਂਦੀ ਹੈ। 2016-19 ਦੇ ਵਿਚਕਾਰ, ਕੈਨੇਡੀਅਨ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀਆਂ ਵਿੱਚ 182% ਦਾ ਵਾਧਾ ਹੋਇਆ ਹੈ। ਇਸ ਦੇ ਨਾਲ ਹੀ, ਅਮਰੀਕੀ ਯੂਨੀਵਰਸਿਟੀਆਂ ਵਿੱਚ ਵਿਗਿਆਨ ਅਤੇ ਇੰਜੀਨੀਅਰਿੰਗ ਵਿੱਚ ਭਾਰਤ ਤੋਂ ਗ੍ਰੈਜੂਏਟ ਵਿਦਿਆਰਥੀਆਂ ਦੀ ਗਿਣਤੀ ਵਿੱਚ 40% ਦੀ ਕਮੀ ਆਈ ਹੈ।

ਸਾਲਾਂ ਦੌਰਾਨ, ਅਮਰੀਕਾ ਤੋਂ ਇਲਾਵਾ, ਮੱਧ ਪੂਰਬ ਅਤੇ ਦੱਖਣ-ਪੱਛਮੀ ਏਸ਼ੀਆ ਵੀ ਸਾਡੇ ਵਿਦਿਆਰਥੀਆਂ ਲਈ ਪਸੰਦੀਦਾ ਸਥਾਨ ਬਣ ਗਏ ਹਨ। ਆਈਆਈਟੀ ਬੰਬੇ ਦੇ ਲਗਭਗ 30 ਪ੍ਰਤੀਸ਼ਤ ਸਾਬਕਾ ਵਿਦਿਆਰਥੀ ਇਨ੍ਹਾਂ ਦੇਸ਼ਾਂ ਵਿੱਚ ਸਿਵਲ ਇੰਜੀਨੀਅਰ ਹਨ।



# ਵੱਖ-ਵੱਖ ਦੇਸ਼ਾਂ 'ਚ ਜਾਰੀ ਹੈ ਪ੍ਰਾਈਵੇਟ ਆਰਮੀ ਬਣਾਉਣ ਦਾ ਰੁਝਾਨ

## ਪੰਜਾਬ 'ਚ ਖਾੜਕੂ ਲਹਿਰ ਖ਼ਤਮ ਕਰਨ ਲਈ ਬਣਾਈ ਗਈ ਸੀ ਬਲੈਕ ਕੈਟਸ (ਕਾਲੀਆਂ ਬਿੱਲੀਆਂ) ਦੇ ਰੂਪ ਵਿੱਚ ਪ੍ਰਾਈਵੇਟ ਆਰਮੀ

## ਖ਼ਤਰਨਾਕ ਅਪਰਾਧੀ, ਗੈਂਗਸਟਰ, ਫੌਜੀ ਕੀਤੇ ਜਾਂਦੇ ਨੇ ਭਰਤੀ





ਹੁਣੇ ਜਿਹੇ ਨਿੱਜੀ ਤੇ ਗੁਪਤ ਆਰਮੀ ਦੁਆਰਾ ਗਾਇਕ ਸਿੱਧੂ ਮੂਸੇਵਾਲ, ਪਾਕਿਸਤਾਨ ਵਿੱਚ ਪਰਮਜੀਤ ਸਿੰਘ ਪੰਜਵੜ, ਹਰਦੀਪ ਸਿੰਘ ਨਿੱਝਰ ਆਦਿ ਨੂੰ ਕਤਲ ਕੀਤਾ ਜਾ ਚੁਕਾ ਹੈ। ਇਹ ਨਿੱਜੀ ਆਰਮੀਆਂ ਸਰਕਾਰਾਂ ਵੱਲੋਂ ਬਣਾਈਆਂ ਜਾਂਦੀਆਂ ਹਨ। ਬੀਤੇ ਸਮੇਂ ਦੌਰਾਨ ਖਾੜਕੂਵਾਦ ਨੂੰ ਖਤਮ ਕਰਨ ਲਈ ਪੰਜਾਬ ਵਿੱਚ ਬਲੈਕ ਕੈਟਸ ਭਾਵ ਕਾਲੀਆਂ ਬਿੱਲੀਆਂ ਦੀ ਨਿੱਜੀ ਆਰਮੀ ਦੀ ਸਰਕਾਰ ਵਲੋਂ ਵਰਤੋਂ ਕੀਤੀ ਗਈ। ਉਸ ਸਮੇਂ ਆਲਮ, ਵਿਰਕ, ਸੈਣੀ ਸੈਨਾ ਵਰਗੇ ਅਨੇਕਾਂ ਗਰੁੱਪ ਸਰਗਰਮ ਸਨ, ਜਿਨ੍ਹਾਂ ਪੰਜਾਬ ਵਿੱਚ ਲੁੱਟਾਂ ਖੋਹਾਂ, ਨਾਜਾਇਜ਼ ਕਤਲ ਕੀਤੇ।

ਇਸ ਸਾਲ ਜੂਨ ਵਿੱਚ ਜਦੋਂ ਯੂਕਰੇਨ ਦੀ ਜੰਗ 'ਚ ਪੁਤਿਨ ਦਾ ਸਾਥ ਦੇਣ ਵਾਲੀ ਨਿਜੀ ਫੌਜ ਵੈਗਨਰ ਗਰੁੱਪ ਨੇ ਖੁਦ ਰੂਸ ਖ਼ਿਲਾਫ਼ ਬਗਾਵਤ ਕਰ ਦਿੱਤੀ ਸੀ ਤਾਂ ਇਹ ਨਿੱਜੀ ਫੌਜ ਪੂਰੀ ਦੁਨੀਆ ਵਿੱਚ ਚਰਚਾ ਦਾ ਵਿਸ਼ਾ ਬਣ ਗਈ ਸੀ। ਕਿਹਾ ਜਾਂਦਾ ਹੈ ਕਿ ਵੈਗਨਰ ਆਰਮੀ ਨੂੰ ਰੂਸੀ ਰਾਸ਼ਟਰਪਤੀ ਪੁਤਿਨ ਦੁਆਰਾ ਖੁਦ, ਇੱਕ ਰੂਸੀ ਅਧਿਕਾਰੀ ਦਮਿੱਤਰੀ ਉਟਕਿਨ ਅਤੇ 61 ਸਾਲਾ ਫਾਈਨਾਂਸਰ ਯੇਵਗੇਨੀ ਪ੍ਰਿਗੋਜਿਨ ਦੇ ਨਾਲ ਮਿਲ ਕੇ ਬਣਾਇਆ ਸੀ। ਇਸ ਦੇ ਬਾਨੀ ਯੇਵਨੀ ਬਾਰੇ ਦੱਸਿਆ ਜਾਂਦਾ ਹੈ ਕਿ ਇਸ ਨੂੰ ਸੋਵੀਅਤ ਕਾਲ ਵਿੱਚ ਕੁੱਟਮਾਰ, ਕਤਲ ਅਤੇ ਬਲਾਤਕਾਰ ਦੇ ਦੋਸ਼ ਵਿੱਚ ਨੌਂ ਸਾਲ ਦੀ ਸਜ਼ਾ ਸੁਣਾਈ ਗਈ ਸੀ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਉਸਨੇ ਸੇਂਟ ਪੀਟਰਸਬਰਗ ਵਿੱਚ ਆਪਣੀ ਮਾਂ ਅਤੇ ਮਤਰੇਏ ਪਿਤਾ ਨਾਲ ਢਾਬਾ ਖੋਲ੍ਹਿਆ। ਬਾਅਦ ਵਿੱਚ ਉਸਨੂੰ ਅਣਜਾਣ ਸਰੋਤਾਂ ਤੋਂ ਇੰਨੇ ਪੈਸੇ ਮਿਲੇ ਕਿ ਉਸਨੇ ਪੂਰੇ ਰੂਸ ਵਿੱਚ ਰੈਸਟੋਰੈਂਟਾਂ ਦੀ ਇੱਕ ਲੜੀ ਖੋਲ੍ਹ ਦਿੱਤੀ। ਕੁਝ ਹੀ ਦੇਰ ਵਿੱਚ ਉਸ ਦਾ ਨਾਂ ਰੂਸ ਦੇ ਅਰਬਪਤੀਆਂ ਦੀ ਸੂਚੀ ਵਿੱਚ ਆ ਗਿਆ। ਬਾਅਦ ਵਿੱਚ ਉਸ ਨੇ ਪੁਤਿਨ ਨਾਲ ਆਪਣੇ ਇਕ ਰੈਸਟੋਰੈਂਟ ਵਿੱਚ ਮੁਲਾਕਾਤ ਕੀਤੀ। ਉਸ ਨੂੰ ਫੌਜ ਵਿੱਚ ਭੋਜਨ ਸਪਲਾਈ ਕਰਨ ਦਾ ਠੇਕਾ ਮਿਲ ਗਿਆ। ਇੱਥੋਂ ਹੀ ਉਸਨੇ 2014 ਵਿੱਚ ਵੈਗਨਰ ਗਰੁੱਪ ਦੀ ਸਥਾਪਨਾ ਕੀਤੀ। ਜਦੋਂ ਰੂਸ ਨੇ ਕ੍ਰੀਮੀਆ ਉਪਰ ਕਬਜ਼ਾ ਕਰ ਲਿਆ, ਤਾਂ ਇਸ ਮੁਹਿੰਮ ਵਿੱਚ ਪਹਿਲੀ ਵਾਰ ਰੂਸੀ ਫੌਜ ਵਿੱਚ ਵੈਗਨਰ ਗਰੁੱਪ ਸ਼ਾਮਲ ਸੀ। ਇਸ ਦੇ ਬਹੁਤੇ ਸਿਪਾਹੀ ਜੇਲ੍ਹ ਵਿੱਚ ਬੰਦ ਖਤਰਨਾਕ ਅਪਰਾਧੀ ਤੇ ਗੈਂਗਸਟਰ ਸਨ, ਜਿਨ੍ਹਾਂ ਨੂੰ ਇਸ ਸ਼ਰਤ 'ਤੇ ਇਸ ਨਿੱਜੀ ਫੌਜ ਵਿੱਚ ਭਰਤੀ ਕੀਤਾ ਗਿਆ ਸੀ ਕਿ ਜੇਕਰ ਉਹ 6 ਮਹੀਨੇ ਫੌਜ ਵਿੱਚ ਨੌਕਰੀ ਕਰਦੇ ਹਨ ਤਾਂ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਜਾਵੇਗਾ। ਸ਼ੁਰੂ ਵਿੱਚ ਇਹ ਇਕ ਗੁਪਤ ਸੰਗਠਨ ਸੀ ਅਤੇ ਇਸ ਵਿੱਚ ਲਗਭਗ 5 ਹਜ਼ਾਰ ਲੜਾਕੂ ਸਨ। ਇਨ੍ਹਾਂ ਵਿੱਚ ਜ਼ਿਆਦਾਤਰ ਰੂਸੀ ਰੈਜੀਮੈਂਟਾਂ ਅਤੇ ਵਿਸ਼ੇਸ਼ ਬਲਾਂ ਦੇ ਸਿਪਾਹੀ ਸ਼ਾਮਲ ਸਨ।



ਸਿਰਫ ਰੂਸ ਵਿੱਚ ਹੀ ਨਹੀਂ, ਲਗਭਗ 18 ਅਫ਼ਰੀਕੀ ਦੇਸ਼ਾਂ ਵਿੱਚ ਵੈਗਨਰ ਗਰੁੱਪ ਦਾ ਨੈੱਟਵਰਕ ਫੈਲਿਆ ਹੋਇਆ ਹੈ। 2015 ਤੋਂ, ਵੈਗਨਰ ਗਰੁੱਪ ਸੀਰੀਆ, ਲੀਬੀਆ, ਅਫ਼ਰੀਕਾ ਅਤੇ ਮੱਧ ਪੂਰਬ ਵਿੱਚ ਸਰਗਰਮ ਹੈ। ਇਸ ਤੋਂ ਇਲਾਵਾ, ਸੈਂਟਰਲ ਅਮਰੀਕਨ ਰੀਪਬਲਿਕ (ਸੀਏਆਰ) ਨੇ ਹੀਰੇ ਦੀਆਂ ਖਾਣਾਂ ਦੀ ਰਾਖੀ ਲਈ ਵੈਗਨਰ ਗਰੁੱਪ ਨੂੰ ਤਾਇਨਾਤ ਕੀਤਾ ਹੋਇਆ ਹੈ ਅਤੇ ਮੰਨਿਆ ਜਾਂਦਾ ਹੈ ਕਿ ਉਹ ਸੁਡਾਨ ਵਿੱਚ ਸੋਨੇ ਦੀਆਂ ਖਾਣਾਂ ਦੀ ਰਾਖੀ ਕਰਦਾ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਪੂਰਬੀ ਯੂਕਰੇਨ ਦੇ ਬਖਮੁਤ ਸ਼ਹਿਰ 'ਤੇ ਰੂਸ ਦਾ ਕਬਜ਼ਾ ਕਰਵਾਉਣ ਵਿੱਚ ਵੈਗਨਰ ਗਰੁੱਪ ਦੀ ਵੱਡੀ ਭੂਮਿਕਾ ਸੀ। ਵੈਗਨਰ ਦੇ ਲੜਾਕਿਆਂ ਨੂੰ ਇੱਥੇ ਵੱਡੀ ਗਿਣਤੀ ਵਿੱਚ ਹਮਲਾ ਕਰਨ ਲਈ ਭੇਜਿਆ ਗਿਆ ਸੀ, ਨਤੀਜੇ ਵਜੋਂ ਭਾਰੀ ਜਾਨੀ ਨੁਕਸਾਨ ਹੋਇਆ ਅਤੇ ਬਖਮੁਤ ਸ਼ਹਿਰ ਰੂਸੀਆਂ ਦੇ ਹੱਥਾਂ ਵਿੱਚ ਨਿਕਲ ਗਿਆ ਸੀ। ਇਸ ਤੋਂ ਬਾਅਦ, ਵੈਗਨਰ ਸੰਗਠਨ ਨੇ 2022 ਵਿੱਚ ਵੱਡੇ ਪੱਧਰ 'ਤੇ ਭਰਤੀ ਵੀ ਸ਼ੁਰੂ ਕੀਤੀ, ਕਿਉਂਕਿ ਰੂਸ ਨੂੰ ਨਿਯਮਤ ਫੌਜ ਲਈ ਫੌਜੀ ਲੱਭਣ ਵਿੱਚ ਮੁਸ਼ਕਲ ਆ ਰਹੀ ਸੀ। ਕਿਹਾ ਜਾਂਦਾ ਹੈ ਕਿ ਵੈਗਨਰ ਗਰੁੱਪ ਦੇ ਲੜਾਕੇ ਬਹੁਤ ਜ਼ਾਲਮ ਹਨ। ਇਸ ਸਮੇਂ ਗਰੁੱਪ ਵਿੱਚ ਕਰੀਬ 50,000 ਲੜਾਕੇ ਹਨ, ਜਿਨ੍ਹਾਂ ਵਿੱਚੋਂ 80 ਫੀਸਦੀ ਅਪਰਾਧੀ ਹਨ।

ਹਾਲਾਂ ਕਿ ਕਈ ਦੇਸ਼ਾਂ ਵਿੱਚ ਨਿੱਜੀ ਫੌਜਾਂ ਸਰਗਰਮ ਹਨ, ਪਰ ਆਮ ਤੌਰ 'ਤੇ ਰੂਸ ਦਾ ਵੈਗਨਰ ਗਰੁੱਪ ਅਤੇ ਅਮਰੀਕਾ ਦੀ ਅਕੈਡਮੀ ( ਪੁਰਾਣਾ ਨਾਂ ਬਲੈਕ ਵਾਟਰ)

(ਬਾਕੀ ਸਫ਼ਾ 30 'ਤੇ)

# ਸੱਟੇਬਾਜ਼ਾਂ ਲਈ ਸਵਰਗ ਬਣ ਗਿਆ ਭਾਰਤ ਦਾ ਸ਼ੇਅਰ ਬਾਜ਼ਾਰ

## ਹਰ ਦੇਸ਼ ਦੀ ਆਰਥਿਕਤਾ 'ਤੇ ਸ਼ੇਅਰ ਬਾਜ਼ਾਰ ਪਾਉਂਦਾ ਹੈ ਡੂੰਘਾ ਪ੍ਰਭਾਵ





ਸ਼ੇਅਰ ਬਾਜ਼ਾਰ ਤੋਂ ਇੱਕ ਆਰਥਿਕ ਬੈਰੋਮੀਟਰ ਵਜੋਂ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ ਜੋ ਕਿਸੇ ਦੇਸ਼ ਦੀ ਆਰਥਿਕਤਾ ਦੀ ਸਥਿਤੀ ਦਾ ਸੂਚਕ ਹੁੰਦਾ ਹੈ। ਮੁੱਖ ਬਾਜ਼ਾਰ ਸੂਚਕਾਂਕ ਨੂੰ ਆਰਥਿਕਤਾ ਦੀ ਨਬਜ਼ ਪ੍ਰਦਾਨ ਕਰਨੀ ਚਾਹੀਦੀ ਹੈ। ਹਾਲਾਂਕਿ, ਭਾਰਤ ਵਿੱਚ ਇਸ ਸਿਧਾਂਤ ਦੀ ਬਹੁਤ ਘੱਟ ਵਿਹਾਰਕ ਮਹੱਤਤਾ ਹੈ। ਭਾਰਤੀ ਸ਼ੇਅਰ ਬਾਜ਼ਾਰ (ਸਟਾਕ ਮਾਰਕੀਟ) ਸੱਟੇਬਾਜ਼ਾਂ ਦਾ ਸਵਰਗ ਬਣ ਗਿਆ ਹੈ, ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ ਲਈ ਜੂਏ ਦਾ ਅੱਡਾ ਬਣ ਗਿਆ ਹੈ, ਜੋ ਕਾਰੋਬਾਰ ਨੂੰ ਨਿਯੰਤਰਿਤ ਕਰਦੇ ਹਨ। ਵੱਡੇ ਖਿਡਾਰੀਆਂ ਨੂੰ ਵੱਡਾ ਮੁਨਾਫਾ ਕਮਾਉਣ ਵਿੱਚ ਮਦਦ ਕਰਨ ਲਈ ਅਣਜਾਣ ਕਾਰਨਾਂ ਕਰਕੇ ਸ਼ੇਅਰ ਬਾਜ਼ਾਰ ਵਿੱਚ ਉਤਰਾਓ ਚੜ੍ਹਾਓ ਵਾਰ-ਵਾਰ ਆ ਰਹੇ ਹਨ।



ਉਦਾਹਰਨ ਲਈ ਮੌਜੂਦਾ ਸਾਲ ਦੌਰਾਨ ਭਾਰਤ ਵਿੱਚ ਸ਼ੇਅਰ ਬਾਜ਼ਾਰ ਦੀ ਗਿਰਾਵਟ ਅਤੇ ਉਭਾਰ ਨੂੰ ਲਓ। 2022-23 ਵਿੱਚ ਅਰਥਚਾਰੇ ਦੇ ਛੇ ਪ੍ਰਤੀਸ਼ਤ ਤੋਂ ਵੱਧ ਵਾਧੇ ਦੀ ਉਮੀਦ ਦੇ ਨਾਲ, ਬੈਂਚਮਾਰਕ ਇਕੁਇਟੀ ਸੂਚਕਾਂਕ ਬੀਐਸਈ ਸੈਂਸੈਕਸ ਅਤੇ ਐਨਐਸਈ ਨਿਫਟੀ ਵਿੱਚ ਇਸ ਸਾਲ ਦੇ ਸ਼ੁਰੂ ਵਿੱਚ ਤਿੱਖੀ ਗਿਰਾਵਟ ਦੇਖੀ ਗਈ। ਮੌਜੂਦਾ ਵਿੱਤੀ ਸਾਲ ਦੌਰਾਨ ਅਰਥਚਾਰੇ ਦੇ ਸਿਰਫ ਪੰਜ ਫੀਸਦੀ ਦੀ ਧੀਮੀ ਦਰ ਨਾਲ ਵਧਣ ਦਾ ਅਨੁਮਾਨ ਹੈ। ਪਰ, ਪਿਛਲੇ ਹਫਤੇ ਸ਼ੇਅਰ ਬਾਜ਼ਾਰ ਨੇ ਅਚਾਨਕ ਛਾਲ ਮਾਰ ਦਿੱਤੀ ਅਤੇ ਫਿਰ ਇਸ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ। ਸੈਂਸੈਕਸ ਅਤੇ ਨਿਫਟੀ ਦੇ ਉਭਾਰ ਦਾ ਸਿਲਸਿਲਾ ਲਗਾਤਾਰ ਅੱਠ ਦਿਨਾਂ ਤੱਕ ਜਾਰੀ ਹੈ। ਸਿਰਫ ਚਾਰ ਸੈਸ਼ਨਾਂ ਵਿੱਚ, ਸੈਂਸੈਕਸ 2,000 ਅੰਕ ਤੋਂ ਵੱਧ ਗਿਆ। ਹਾਲਾਂਕਿ, ਹਫਤੇ ਦੇ ਅੰਤ ਤੋਂ ਪਹਿਲਾਂ, ਨਿਫਟੀ 165.50 ਪੁਆਇੰਟ ਅਤੇ ਸੈਂਸੈਕਸ 505 ਪੁਆਇੰਟ ਡਿੱਗ ਗਿਆ ਕਿਉਂਕਿ ਸੱਟੇਬਾਜ਼ਾਂ ਨੇ ਮੁਨਾਫਾ ਬੁੱਕ ਕਰਨ ਲਈ ਆਪਣੀ ਕੁਝ ਹੋਲਡਿੰਗਜ਼ ਨੂੰ ਚੋਣਵੇਂ ਤੌਰ 'ਤੇ ਆਫਲੋਡ ਕਰਨ ਲਈ ਤੇਜ਼ ਕੀਤਾ ਸੀ।

ਇਸ ਸਾਲ 24 ਜਨਵਰੀ ਨੂੰ ਬੀ.ਐੱਸ.ਈ. ਦਾ 30 ਸ਼ੇਅਰਾਂ ਵਾਲਾ ਸੈਂਸੈਕਸ 60,978.75 ਦੇ ਪਿਛਲੇ ਬੰਦ ਦੇ ਮੁਕਾਬਲੇ 1,800 ਅੰਕ ਘੱਟ ਕੇ 59,108 'ਤੇ ਕਾਰੋਬਾਰ ਕਰ ਰਿਹਾ ਸੀ। ਇਸੇ ਤਰ੍ਹਾਂ, 50 ਸ਼ੇਅਰਾਂ ਵਾਲਾ ਨਿਫਟੀ ਸੂਚਕਾਂਕ 18,118 ਤੋਂ 17,566 'ਤੇ 550 ਅੰਕਾਂ ਤੋਂ ਵੱਧ ਪਿੱਛੇ ਮੁੜ ਗਿਆ। ਦਲਾਲ ਸਟਰੀਟ 'ਤੇ 13 ਮਾਰਚ ਨੂੰ ਸ਼ੇਅਰ ਬਾਜ਼ਾਰ ਵਿੱਚ ਇਕ ਹੋਰ ਉਥਲ-ਪੁਥਲ ਦੇਖਣ ਨੂੰ ਮਿਲੀ, ਕਿਉਂਕਿ ਨਿਫਟੀ 2023 ਵਿੱਚ

(ਬਾਕੀ ਸਫ਼ਾ 30 'ਤੇ)

# ਅੰਮ੍ਰਿਤਸਰ ਦੇ ਦੋ ਅਵਾਰਾ ਕੁੱਤਿਆਂ ਨੂੰ ਜਾਰੀ ਹੋਵੇਗਾ ਪਾਸਪੋਰਟ, ਕੈਨੇਡਾ ਭੇਜਣ ਦੀ ਤਿਆਰੀ ਮੁਕੰਮਲ




ਅੰਮ੍ਰਿਤਸਰ/ਏ.ਟੀ.ਨਿਊਜ਼ : ਅੰਮ੍ਰਿਤਸਰ ਦੇ ਦੋ ਆਵਾਰਾ ਕੁੱਤਿਆਂ ਨੂੰ ਕੈਨੇਡਾ ਭੇਜਣ ਦੀ ਤਿਆਰੀ ਹੋ ਚੁੱਕੀ ਹੈ। ਦੋਹਾਂ ਨੂੰ ਪਾਸਪੋਰਟ ਜਾਰੀ ਕੀਤੇ ਜਾਣਗੇ। ਹੁਣ ਇਹ ਦੋਨੋਂ ਕੁੱਤੇ ਕੈਨੇਡਾ ਦੀ ਡਾਕਟਰ ਬ੍ਰੈਂਡਾ ਦੇ ਕੋਲ ਰਹਿਣਗੇ। ਦਰਅਸਲ, ਐਨੀਮਲ ਵੈੱਲਫੇਅਰ ਐਂਡ ਕੇਅਰ ਸੁਸਾਇਟੀ ਏਡਬਲਯੂਸੀਐੱਸ ਨੇ ਅੰਮ੍ਰਿਤਸਰ ਦੇ ਇਨ੍ਹਾਂ ਕੈਨੇਡਾ ਭੇਜਣ ਦੀ ਪ੍ਰਕਿਰਿਆ ਪੂਰੀ ਕਰ ਲਈ ਹੈ। ਏਡਬਲਯੂਸੀਐੱਸ ਦੀ ਡਾ. ਨਵਨੀਤ ਕੌਰ ਇਨ੍ਹਾਂ ਕੁੱਤਿਆਂ (ਲਿੱਲੀ ਤੇ ਡੇਜੀ) ਨੂੰ 15 ਜੁਲਾਈ ਨਾਲ ਲੈ ਕੇ ਜਾਵੇਗੀ।

ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਡਾ. ਨਵਨੀਤ ਕੌਰ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਏਡਬਲਯੂਸੀਐੱਸ ਦੁਆਰਾ 6 ਆਵਾਰਾ ਕੁੱਤਿਆਂ ਨੂੰ ਵਿਦੇਸ਼ ਪਹੁੰਚਾਇਆ ਗਿਆ ਹੈ, ਜਿਨ੍ਹਾਂ 'ਚੋਂ 2 ਅਮਰੀਕਾ ਰਹਿੰਦੇ ਹਨ। ਉਨ੍ਹਾਂ ਦੱਸਿਆ ਕਿ ਉਹ ਖੁਦ ਅਮਰੀਕਾ ਰਹਿੰਦੀ ਹੈ ਤੇ ਅੰਮ੍ਰਿਤਸਰ ਉਸਦਾ ਪਿਛੋਕੜ ਹੈ। 2020 'ਚ ਲਾਕਡਾਊਨ ਦੌਰਾਨ ਉਸਨੇ ਏਡਬਲਯੂਸੀਐੱਸ ਦਾ ਗਠਨ ਕੀਤਾ ਸੀ, ਜਿਸਦਾ ਦਫਤਰ ਰਣਜੀਤ ਐਵੇਨਿਊ ਸਥਿਤ ਈ ਬਲਾਕ 'ਚ ਹੈ। ਲਿੱਲੀ ਤੇ ਡੇਜੀ ਬਾਰੇ ਗੱਲਬਾਤ ਕਰਦਿਆਂ ਉਸਨੇ ਦੱਸਿਆ ਕਿ ਉਨ੍ਹਾਂ ਨੂੰ ਕੋਈ ਅਣਪਛਾਤਾ ਸ਼ਖ਼ਸ ਬਿਮਾਰੀ ਦੀ ਹਾਲਤ 'ਚ ਸਾਡੇ ਕੋਲ ਛੱਡ ਗਿਆ ਸੀ। ਇਨ੍ਹਾਂ ਦਾ ਇਲਾਜ ਕੀਤਾ ਗਿਆ, ਜੋ ਹੁਣ ਪੂਰੀ ਤਰ੍ਹਾਂ ਤੰਦਰੁਸਤ ਹਨ। ਕੈਨੇਡਾ ਦੀ ਡਾ. ਬ੍ਰੈਂਡਾ ਨੇ ਇਨ੍ਹਾਂ ਨੂੰ ਅਪਣਾਉਣ ਦੀ ਇੱਛਾ ਜ਼ਾਹਿਰ ਕੀਤੀ ਸੀ। ਡਾ. ਨਵਨੀਤ ਅਨਸਾਰ ਅਸੀਂ ਜਿਨ੍ਹਾਂ ਕੁੱਤਿਆਂ ਨੂੰ ਆਵਾਰਾ ਕਹਿੰਦੇ ਹਾਂ ਤੇ ਦੇਸੀ ਸਮਝਦੇ ਹਾਂ, ਕੈਨੇਡਾ ਦੇ ਲੋਕਾਂ ਲਈ ਇਹ ਵਿਦੇਸ਼ੀ ਨਸਲ ਹਨ ਜਿਨ੍ਹਾਂ ਨੂੰ ਉਹ ਬਹੁਤ ਖੁਸ਼ੀ ਨਾਲ ਅਪਣਾਉਣ ਲਈ ਤਿਆਰ ਰਹਿੰਦੇ ਹਨ।

## ਦਰਪਣ ਝੂਠ ਨਹੀਂ ਬੋਲਦਾ

# ਲੋਕ ਸਭਾ ਸੀਟਾਂ ਦੀ ਵੰਡ ਤੇ ਸਾਂਝੇ ਸਿਵਲ ਕੋਡ ਨੇ ਅਕਾਲੀ-ਭਾਜਪਾ ਗੱਠਜੋੜ ਦੀ ਸੰਭਾਵਨਾ ਦੀ ਉਲਝਾਈ ਤਾਣੀ

## ਭਾਜਪਾ ਨਾਲ ਗੱਠਜੋੜ ਦੀਆਂ ਸੰਭਾਵਨਾਵਾਂ ਨੂੰ ਨਕਾਰਿਆ ਨਹੀਂ ਜਾ ਸਕਦਾ: ਚੰਦੂਮਾਜਰਾ

### ਬੀਬੀ ਕਿਰਨਜੋਤ ਕੌਰ ਵੱਲੋਂ ਅਕਾਲੀ ਦਲ ਮਜ਼ਬੂਤ ਕਰਨ ਦਾ ਸੱਦਾ

### ਅਕਾਲੀ ਦਲ ਨੂੰ ਪਰਿਵਾਰਵਾਦ ਤੋਂ ਬਚਣ ਦੀ ਲੋੜ : ਬਾਬਾ ਬੇਦੀ

ਅਕਾਲੀ ਦਲ ਤੇ ਭਾਜਪਾ ਵਿਚਾਲੇ ਸਮਝੌਤਾ ਅਜੇ ਏਨੀ ਜਲਦੀ ਹੋਣ ਦੇ ਬਹੁਤੇ ਆਸਾਰ ਨਹੀਂ ਹਨ। ਇਸ ਵਿੱਚ ਅਜੇ ਕਾਫ਼ੀ ਸਮਾਂ ਲੱਗ ਸਕਦਾ ਹੈ। ਇਹ ਸਮਝੌਤਾ ਕਰਨ ਲਈ ਭਾਜਪਾ ਵਿੱਚ ਇਹ ਅਧਿਕਾਰ ਸਿਰਫ਼ 3 ਨੇਤਾਵਾਂ ਭਾਜਪਾ ਦੇ ਪ੍ਰਧਾਨ ਜੇ.ਪੀ. ਨੱਢਾ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥਾਂ ਤੱਕ ਸੀਮਤ ਹਨ।ਹਾਲਾਂ ਕਿ ਰੱਖਿਆ ਮੰਤਰੀ ਤੇ ਭਾਜਪਾ ਦੇ ਸੀਨੀਅਰ ਆਗੂ ਰਾਜਨਾਥ ਅਕਾਲੀ ਦਲ ਬਾਦਲ ਨਾਲ ਸਮਝੌਤੇ ਦੇ ਹੱਕ ਵਿੱਚ ਹਨ।ਸੂਤਰਾਂ ਅਨੁਸਾਰ ਅਜੇ ਤੱਕ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਇਸ ਵਿਸ਼ੇ 'ਤੇ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਨਾਲ ਵੀ ਕੋਈ ਮੁਲਾਕਾਤ ਨਹੀਂ ਹੋਈ।

ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦਾ ਇਸ ਬਾਰੇ ਕਹਿਣਾ ਹੈ ਕਿ ਹਾਈਕਮਾਂਡ ਪੰਜਾਬ ਵਿੱਚ ਇਕੱਲਿਆਂ ਚੋਣਾਂ ਲੜਨ ਦੇ ਹੱਕ ਵਿੱਚ ਹੈ। ਭਾਜਪਾ ਹਾਈਕਮਾਨ ਵੱਲੋਂ ਪੰਜਾਬ ਮਾਮਲਿਆਂ ਦੇ ਇੰਚਾਰਜ ਸ੍ਰੀ ਵਿਜੇ ਰੁਪਾਨੀ ਵੱਲੋਂ ਪੰਜਾਬ ਵਿੱਚ ਲੋਕ ਸਭਾ ਦੀਆਂ ਸਾਰੀਆਂ 13



ਸੀਟਾਂ ਨਵੇਂ ਨਿਯੁਕਤ ਸੂਬਾ ਪ੍ਰਧਾਨ ਸ੍ਰੀ ਸੁਨੀਲ ਜਾਖੜ ਦੀ ਅਗਵਾਈ ਵਿੱਚ ਚੋਣ ਲੜਨ ਦੇ ਕੀਤੇ ਗਏ ਜਨਤਕ ਐਲਾਨ ਨੇ ਅਕਾਲੀ-ਭਾਜਪਾ ਗੱਠਜੋੜ ਦੇ ਦੁਬਾਰਾ ਹੋਣ 'ਤੇ ਸੁਖਬੀਰ ਸਿੰਘ ਬਾਦਲ ਨੂੰ ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਿਲ ਕਰਨ ਦੀਆਂ ਚੱਲ ਰਹੀਆਂ ਅਟਕਲਾਂ 'ਤੇ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ ਹੈ । ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ ਨੇ ਵੀ ਅਕਾਲੀ-ਭਾਜਪਾ ਗੱਠਜੋੜ ਦੀਆਂ ਸੰਭਾਵਨਾ ਨੂੰ ਰੱਦ ਕਰਦਿਆਂ ਸਪੱਸ਼ਟ ਐਲਾਨ ਕੀਤਾ ਸੀ ਕਿ ਅਕਾਲੀ ਦਲ ਦਾ ਚੋਣ ਸਮਝੌਤਾ ਬਸਪਾ ਨਾਲ ਹੈ ਅਤੇ ਲੋਕ ਸਭਾ ਚੋਣਾਂ ਵੀ ਅਕਾਲੀ-ਬਸਪਾ ਹੀ ਇਕੱਠੇ ਲੜਨਗੇ ।

ਲੋਕ ਸਭਾ ਚੋਣਾਂ ਵਿੱਚ ਭਾਵੇਂ ਅਜੇ ਕਾਫ਼ੀ ਸਮਾਂ ਹੈ ਅਤੇ ਇਸ ਵਾਸਤੇ ਅਕਾਲੀ-ਭਾਜਪਾ ਗੱਠਜੋੜ ਲਈ ਕੋਈ ਕੋਸ਼ਿਸ਼ਾਂ ਸਿਰੇ ਚੜ੍ਹ ਸਕਣਗੀਆਂ, ਇਹ ਤਾਂ ਸਮਾਂ ਹੀ ਦੱਸੇਗਾ ਪਰ ਇਕਸਾਰ ਨਾਗਰਿਕ ਜ਼ਾਬਤੇ (ਯੂ.ਸੀ.ਸੀ.) ਸਮੇਤ ਕੁਝ ਅਜਿਹੇ ਮਸਲੇ ਜ਼ਰੂਰ ਹਨ, ਜਿਨ੍ਹਾਂ ਦਾ ਦੋਵਾਂ ਧਿਰਾਂ ਨੂੰ ਪਹਿਲਾਂ ਕੋਈ ਹੱਲ ਲੱਭਣਾ ਪਵੇਗਾ ।

ਅਕਾਲੀ ਦਲ ਦੇ ਅੰਦਰੂਨੀ ਸੂਤਰਾਂ ਅਨੁਸਾਰ ਵਿਦੇਸ਼ ਤੋਂ ਪਰਤੇ ਸੁਖਬੀਰ ਸਿੰਘ ਬਾਦਲ ਨੇ ਚੰਡੀਗੜ੍ਹ ਸਥਿਤ ਆਪਣੀ ਰਿਹਾਇਸ਼ 'ਤੇ ਪਾਰਟੀ ਦੇ ਟਕਸਾਲੀ ਅਤੇ ਸੀਨੀਅਰ ਆਗੂਆਂ ਦੀ 'ਬੰਦ ਕਮਰਾ' ਮੀਟਿੰਗ ਬੁਲਾਈ ਅਤੇ ਭਾਜਪਾ ਨਾਲ ਪ੍ਰਸਤਾਵਿਤ ਗਠਜੋੜ ਦੇ ਖਰੜੇ 'ਤੇ ਵਿਸਥਾਰ ਨਾਲ ਚਰਚਾ ਕੀਤੀ ਗਈ।ਭਰੋਸੇਯੋਗ ਸੂਤਰਾਂ ਅਨੁਸਾਰ ਭਾਜਪਾ ਨੇ ਸੁਖਬੀਰ ਸਿੰਘ ਬਾਦਲ ਨੂੰ ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਲ ਕਰਨ ਦੀ ਪੇਸ਼ਕਸ਼ ਕੀਤੀ ਹੈ। ਅਕਾਲੀ ਆਗੂ ਚਾਹੁੰਦੇ ਹਨ ਕਿ ਹਰਸਿਮਰਤ ਕੌਰ ਬਾਦਲ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਜਾਵੇ ਪਰ ਭਾਜਪਾ ਦਾ ਵਿਚਾਰ ਹੈ ਕਿ ਸੁਖਬੀਰ ਸਿੰਘ ਬਾਦਲ ਨੂੰ ਕੇਂਦਰੀ ਮੰਤਰੀ ਬਣਾਇਆ ਜਾਵੇ ਤਾਂ ਜੋ ਉਨ੍ਹਾਂ ਨੂੰ ਪੰਜਾਬ ਦੀ ਅਫ਼ਸਰਸ਼ਾਹੀ ਦਾ ਪੂਰਾ ਪ੍ਰੋਟੋਕੋਲ ਮਿਲ ਸਕੇ ਅਤੇ ਉਹ ਸੂਬੇ ਵਿੱਚ ਅਫ਼ਸਰਸ਼ਾਹੀ ਦਾ ਦਬਦਬਾ ਬਣਾ ਸਕਣ।ਕਈ ਅਕਾਲੀ ਆਗੂਆਂ ਤੇ ਵਰਕਰਾਂ ਦਾ ਮੰਨਣਾ ਹੈ ਕਿ ਜੇਕਰ ਸੁਖਬੀਰ ਕੇਂਦਰ ਸਰਕਾਰ ਵਿੱਚ ਸ਼ਾਮਲ ਹੋ ਜਾਂਦੇ ਹਨ ਤਾਂ ਉਨ੍ਹਾਂ ਕੋਲ ਪੰਜਾਬ ਦੀ ਅਗਵਾਈ ਲਈ ਬਹੁਤਾ ਸਮਾਂ ਨਹੀਂ ਬਚੇਗਾ ਪਰ ਹਾਲ ਦੀ ਘੜੀ ਨੀਤੀ ਅਤੇ ਵਿਚਾਰਧਾਰਾ ਵਿੱਚ ਵੱਡਾ ਵਿਰੋਧ ਹੋਣ ਦੇ ਬਾਵਜੂਦ, ਮੌਜੂਦਾ ਸਥਿਤੀਆਂ ਦੌਰਾਨ ਚੋਣ ਰਾਜਨੀਤੀ ਵਿੱਚ ਦੋਵਾਂ ਧਿਰਾਂ ਨੂੰ ਹੀ ਇਕ-ਦੂਜੇ ਦੀ ਲੋੜ ਮਹਿਸੂਸ ਹੋ ਰਹੀ ਹੈ।ਸਮਝੌਤੇ ਦੀ ਗਲ ਸਿਰੇ ਨਹੀਂ ਚੜ੍ਹ ਰਹੀ। ਸੰਗਰੂਰ ਅਤੇ

(ਬਾਕੀ ਸਫ਼ਾ 30 'ਤੇ)

# ਸ਼ੰਘਾਈ ਸਹਿਯੋਗ ਸੰਗਠਨ ਬਹੁਧਰੁਵੀ ਸੰਸਾਰ ਦਾ ਮੰਚ ਬਣਨ

- ➢ ਭਾਰਤ ਦੁਬਿਧਾ 'ਚ, ਮੁੱਖ ਧਾਰਾ ਦਾ ਹਿੱਸਾ ਨਹੀਂ ਬਣੇਗਾ
- ➢ ਚੀਨ ਅਮਰੀਕੀ ਵਪਾਰ ਤੇ ਡਾਲਰ ਨੂੰ ਠਿੱਬੀ ਲਗਾਉਣ ਲਈ ਸਰਗਰਮ

ਸ਼ੰਘਾਈ ਕੋਆਪਰੇਸ਼ਨ ਆਰਗ਼ੇਨਾਈਜ਼ੇਸ਼ਨ ਦੇ ਨਵੀਂ ਦਿੱਲੀ ਸਿਖਰ ਸੰਮੇਲਨ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਸੰਗਠਨ ਹੁਣ ਨਵੀਂ ਵਿਸ਼ਵ ਵਿਵਸਥਾ ਦੇ ਨਿਰਮਾਣ ਲਈ ਚੱਲ ਰਹੇ ਯਤਨਾਂ ਵਿੱਚ ਇੱਕ ਪ੍ਰਮੁੱਖ ਪਲੇਟਫਾਰਮ ਹੈ। ਇਸ ਯਤਨ ਵਿੱਚ ਸ਼ਾਮਲ ਹੋਰ ਮੰਚ ਬ੍ਰਿਕਸ ਅਤੇ ਯੂਰੇਸ਼ੀਅਨ ਆਰਥਿਕ ਯੂਨੀਅਨ (EAAU) ਹਨ। ਨਵੀਂ ਦਿੱਲੀ ਵਿੱਚ ਇੱਕ ਹੋਰ ਗੱਲ ਦੀ ਪੁਸ਼ਟੀ ਹੋਈ ਕਿ ਭਾਰਤ ਇਸ ਪਲੇਟਫਾਰਮ ਤੋਂ ਦੂਰ ਜਾ ਰਿਹਾ ਹੈ।ਨਵੀਂ ਦਿੱਲੀ ਸਿਖਰ ਸੰਮੇਲਨ ਨੇ ਸੰਕੇਤ ਦਿੱਤਾ ਕਿ ਭਾਰਤ, ਇਸ ਦੂਰੀ ਦੇ ਬਾਵਜੂਦ ਫਿਲਹਾਲ ਇਸ ਫੋਰਮ ਦੇ ਨਾਲ ਜੁੜਿਆ ਰਹੇਗਾ, ਪਰ ਇਸ ਦੀ ਮੁੱਖ ਧਾਰਾ ਦਾ ਹਿੱਸਾ ਨਹੀਂ ਬਣੇਗਾ। ਜਿਵੇਂ-ਜਿਵੇਂ ਭਾਰਤ ਅਮਰੀਕਾ ਦੀ ਅਗਵਾਈ ਵਾਲੇ ਪੱਛਮੀ ਧੁਰੇ ਦੇ ਨੇੜੇ ਆਇਆ ਹੈ, ਸ਼ੰਘਾਈ ਕੋਆਪਰੇਸ਼ਨ ਆਰਗ਼ੇਨਾਈਜ਼ੇਸ਼ਨ ਦੇ ਬਾਕੀ ਮੈਂਬਰ ਦੇਸ਼ਾਂ ਨੇ ਵੀ ਭਾਰਤ ਦੀਆਂ ਚਿੰਤਾਵਾਂ ਦੀ ਪਰਵਾਹ ਕਰਨੀ ਛੱਡ ਦਿੱਤੀ ਹੈ। ਵਰਣਨਯੋਗ ਹੈ ਕਿ ਨਵੀਂ ਦਿੱਲੀ ਵਿੱਚ ਹੋਈ ਪਿਛਲੀ ਸਿਖਰ ਮੀਟਿੰਗ ਦੀ ਤਰ੍ਹਾਂ ਸ਼ੰਘਾਈ ਕੋਆਪਰੇਸ਼ਨ ਆਰਗ਼ੇਨਾਈਜ਼ੇਸ਼ਨ ਆਗੂਆਂ ਨੇ ਸਪਸ਼ਟ ਰੂਪ ਵਿਚ ਇੱਕ ਬਹੁ-ਧਰੁਵੀ ਸੰਸਾਰ ਦੀ ਸਿਰਜਣਾ ਕਰਨ ਦਾ ਆਪਣਾ ਇਰਾਦਾ ਪ੍ਰਗਟ ਕੀਤਾ ਸੀ।

2022 ਵਿੱਚ ਉਜ਼ਬੇਕਿਸਤਾਨ ਦੇ ਸਮਰਕੰਦ ਵਿੱਚ ਹੋਏ ਸ਼ੰਘਾਈ ਕੋਆਪਰੇਸ਼ਨ ਆਰਗ਼ੇਨਾਈਜ਼ੇਸ਼ਨ ਦੇ ਸਿਖਰ ਸੰਮੇਲਨ ਦੌਰਾਨ ਇਹੋ ਜਿਹਾ ਸਪੱਸ਼ਟ ਸਟੈਂਡ ਪਹਿਲਾਂ ਕਦੇ ਦੇਖਣ ਨੂੰ ਨਹੀਂ ਮਿਲਿਆ ਸੀ। ਇਸ ਤੋਂ ਪਹਿਲਾਂ ਸ਼ੰਘਾਈ ਕੋਆਪਰੇਸ਼ਨ



ਆਰਗ਼ੇਨਾਈਜ਼ੇਸ਼ਨ ਦੀ ਪਛਾਣ ਯੂਰੇਸ਼ੀਆ ਵਿੱਚ ਸੁਰੱਖਿਆ ਸੰਬੰਧੀ ਮੁੱਦਿਆਂ 'ਤੇ ਇਸ ਖੇਤਰ ਦੇ ਦੇਸ਼ਾਂ ਦੇ ਵਿਚਾਲੇ ਗੱਲਬਾਤ ਅਤੇ ਆਪਸੀ ਸਹਿਯੋਗ ਕਾਇਮ ਕਰਨ ਵਾਲੇ ਇੱਕ ਪਲੇਟਫਾਰਮ ਦੇ ਰੂਪ ਵਿਚ ਸੀ। ਪਰ ਯੂਕਰੇਨ ਯੁੱਧ ਸ਼ੁਰੂ ਹੋਣ ਨਾਲ ਇਹ ਕਹਾਣੀ ਬਦਲ ਚੁੱਕੀ ਹੈ।ਸਮਰਕੰਦ ਤੋਂ ਲੈਕੇ ਨਵੀਂ ਦਿੱਲੀ ਆਉਂਦੇ ਆਉਂਦੇ ਹੀ ਇਹ ਇਰਾਦਾ ਖੁੱਲ੍ਹੇ ਮੈਨੀਫੈਸਟੋ ਵਿੱਚ ਬਦਲ ਚੁਕਾ ਹੈ।

ਨਵੀਂ ਦਿੱਲੀ ਸਿਖਰ ਸੰਮੇਲਨ ਵਿੱਚ ਸ਼ੰਘਾਈ ਕੋਆਪਰੇਸ਼ਨ ਆਰਗ਼ੇਨਾਈਜ਼ੇਸ਼ਨ ਦੇ ਨੌਵੇਂ ਪੂਰਨ ਮੈਂਬਰ ਵਜੋਂ ਇਰਾਨ ਦਾ ਸਵਾਗਤ ਕੀਤਾ ਗਿਆ ਸੀ। ਇਰਾਨ ਦੇ ਰਾਸ਼ਟਰਪਤੀ ਇਬਰਾਹਿਮ ਰਾਇਸੀ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਸੀ ਕਿ ਪਿਛਲੇ ਦਹਾਕਿਆਂ ਦੇ ਤਜਰਬੇ ਦੇ ਆਧਾਰ 'ਤੇ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਫੌਜੀ ਤਾਕਤ ਦੇ ਨਾਲ-ਨਾਲ, ਇੱਕ ਹੋਰ ਮਾਧਿਅਮ ਜੋ ਪੱਛਮੀ ਪ੍ਰਬਲਤਾ ਦਾ ਆਧਾਰ ਰਿਹਾ ਹੈ, ਉਹ ਹੈ ਡਾਲਰ (ਅਮਰੀਕੀ ਮੁਦਰਾ) ਦਾ ਦਬਦਬਾ।ਇਸ ਲਈ, ਇੱਕ ਨਿਆਂ ਪੂਰਨ ਅੰਤਰਰਾਸ਼ਟਰੀ ਪ੍ਰਬੰਧ ਉਸਾਰਨ ਦੀ ਕਿਸੇ ਵੀ ਕੋਸ਼ਿਸ਼ ਵਿੱਚ ਆਪਸੀ ਵਪਾਰ ਵਿੱਚ ਇਸ ਸਰਵਉੱਚਤਾ ਨੂੰ ਠਿੱਬੀ ਦੇਣ ਦੀ ਲੋੜ ਹੋਵੇਗੀ।

ਕਿਰਗਿਸਤਾਨ ਦੇ ਰਾਸ਼ਟਰਪਤੀ ਐਚ. ਜਾਪਾਰੋਵ ਨੇ ਪ੍ਰਸਤਾਵ ਰਖਿਆ ਸੀ ਕਿ ਐਸਸੀਓ ਦੇ ਮੈਂਬਰ ਦੇਸ਼ ਆਪਸੀ ਵਪਾਰ ਵਿੱਚ ਸਾਰੀਆਂ ਅਦਾਇਗੀਆਂ ਆਪਣੀਆਂ ਮੁਦਰਾਵਾਂ ਵਿੱਚ ਕਰਨ। ਇੱਕ ਸ਼ੰਘਾਈ ਕੋਆਪਰੇਸ਼ਨ ਆਰਗ਼ੇਨਾਈਜ਼ੇਸ਼ਨ ਵਿਕਾਸ ਬੈਂਕ ਅਤੇ ਵਿਕਾਸ ਫੰਡ ਵੀ ਸਥਾਪਿਤ ਕੀਤਾ ਜਾਵੇ।(ਭਾਵ, ਸ਼ੰਘਾਈ ਕੋਆਪਰੇਸ਼ਨ ਆਰਗ਼ੇਨਾਈਜ਼ੇਸ਼ਨ ਵਿਸ਼ਵ ਬੈਂਕ ਅਤੇ ਅੰਤਰਰਾਸ਼ਟਰੀ ਮੁਦਰਾ ਫੰਡ ਦਾ ਬਦਲ ਤਿਆਰ ਕਰੇ।)

ਕਜ਼ਾਕਿਸਤਾਨ ਦੇ ਰਾਸ਼ਟਰਪਤੀ ਕੇ ਤੋਕਾਯੇਵ ਨੇ ਪ੍ਰਸਤਾਵ ਰਖਿਆ ਕਿ ਸ਼ੰਘਾਈ ਕੋਆਪਰੇਸ਼ਨ ਆਰਗ਼ੇਨਾਈਜ਼ੇਸ਼ਨ ਅਰਥਾਤ ਐਸਸੀਓ ਦੇ ਮੈਂਬਰ ਦੇਸ਼ ਇੱਕ ਸਾਂਝਾ ਨਿਵੇਸ਼ ਫੰਡ ਸਥਾਪਤ ਕਰਨ।ਨਾਲ ਹੀ, ਬੈਲਟ ਐਂਡ ਰੋਡ ਇਨੀਸ਼ੀਏਟਿਵ ਦੇ ਤਹਿਤ ਰਣਨੀਤਕ ਬੰਦਰਗਾਹਾਂ ਦਾ ਇੱਕ ਨੈਟਵਰਕ ਤਿਆਰ ਕਰਨ।

ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੇ ਕਿਹਾ ਕਿ ਐਸਸੀਓ ਇੱਕ ਨਿਆਂ ਪੂਰਨ ਬਹੁ-ਧਰੁਵੀ ਵਿਸ਼ਵ ਵਿਵਸਥਾ

(ਬਾਕੀ ਸਫ਼ਾ 30 'ਤੇ)

# ਮਨੀਪੁਰ ਹਿੰਸਾ ਬਾਰੇ ਅਮਰੀਕੀ ਰਾਜਦੂਤ ਦੀ ਦਖ਼ਲਅੰਦਾਜ਼ੀ

### ➢ ਮੋਦੀ ਬਣੇ ਮੋਨੀ ਬਾਬਾ ➢ ਭਾਰਤ 'ਚ ਅਮਰੀਕਾ ਦੀ ਦਖ਼ਲਅੰਦਾਜ਼ੀ ਵਧੀ

ਭਾਵੇਂ ਭਾਰਤ ਦੇ ਲੋਕ ਮਨੀਪੁਰ ਬਾਰੇ ਪ੍ਰਧਾਨ ਮੰਤਰੀ ਮੋਦੀ ਦੀ ਚੁੱਪੀ ਟੁੱਟਣ ਦਾ ਇੰਤਜ਼ਾਰ ਕਰ ਰਹੇ ਹਨ। ਪਰ ਭਾਰਤ ਵਿੱਚ ਅਮਰੀਕਾ ਦੇ ਰਾਜਦੂਤ ਐਰਿਕ ਗਾਰਸੇਟੀ ਨੇ ਇਸ ਬਾਰੇ ਸਖ਼ਤ ਟਿੱਪਣੀ ਕੀਤੀ ਹੈ।ਇਸ ਦੇ ਲਈ ਉਹ ਕੋਲਕਾਤਾ ਗਏ ਸਨ ਅਤੇ ਉੱਥੇ ਪ੍ਰੈੱਸ ਕਾਨਫਰੰਸ ਵੀ ਕੀਤੀ ਸੀ।ਰਾਜਦੂਤ ਐਰਿਕ ਗਾਰਸੇਟੀ ਨੇ ਕਿਹਾ ਸੀ ਕਿ ਭਾਰਤ ਵਿੱਚ ਸਭ ਕੁਝ ਉਲਟਾ ਹੋ ਰਿਹਾ ਹੈ।ਇਹਨਾਂ ਹਾਲਾਤਾਂ ਬਾਰੇ ਭਾਰਤ ਦੀਆਂ ਜ਼ਿੰਮੇਵਾਰ ਅਥਾਰਟੀ ਦੇ ਬਿਆਨ ਦੀ ਲੋੜ ਹੈ ਪਰ ਉਹ ਚੁੱਪ ਹੈ। ਜਿਸ ਨੂੰ ਇਸ ਮਾਮਲੇ ਵਿੱਚ ਕਿਸੇ ਕਿਸਮ ਦੀ ਦਖਲਅੰਦਾਜ਼ੀ ਤੋਂ ਬਚਣਾ ਚਾਹੀਦਾ ਸੀ, ਉਹ ਖੁੱਲ੍ਹ ਕੇ ਬੋਲ ਰਿਹਾ ਹੈ।

ਇਹ ਮਾਮਲਾ ਉਨ੍ਹਾਂ ਦੇ ਬੋਲਣ ਤੱਕ ਸੀਮਤ ਨਹੀਂ ਹੈ, ਸਗੋਂ ਉਹ ਇਸ ਵਿੱਚ ਖੁੱਲ੍ਹੇਆਮ ਦਖਲ ਦੇਣ ਦਾ ਪ੍ਰਸਤਾਵ ਦੇ ਰਿਹਾ ਹੈ।ਇਹ ਹੈ ਮੋਦੀ ਦਾ ਨਵਾਂ ਭਾਰਤ, ਜਿਸ ਵਿੱਚ ਵਿਦੇਸ਼ੀਆਂ ਅਤੇ ਉਨ੍ਹਾਂ ਦੇ ਡਿਪਲੋਮੈਟਾਂ ਨੂੰ ਦਖਲ ਦੇਣ ਦੀ ਖੁੱਲ੍ਹ ਹੈ। ਜਦੋਂ ਕਿ ਡਿਪਲੋਮੈਟਾਂ ਅਤੇ ਰਾਜਦੂਤਾਂ ਦੇ ਮਾਮਲੇ ਵਿੱਚ, ਇਹ ਇੱਕ ਆਮ ਅੰਤਰਰਾਸ਼ਟਰੀ ਤੌਰ 'ਤੇ ਪ੍ਰਵਾਨਿਤ ਸਿਧਾਂਤ ਹੈ ਕਿ ਉਹ ਕਿਸੇ ਵੀ ਦੇਸ਼ ਦੇ ਘਰੇਲੂ ਮਾਮਲਿਆਂ ਵਿੱਚ ਦਖਲ ਨਹੀਂ ਦੇ ਸਕਦੇ।ਕਿਉਂਕਿ ਇਹ ਦੇਸ਼ ਦੀ ਪ੍ਰਭੂਸੱਤਾ ਦੇ ਵਿਰੁੱਧ ਹੈ।ਪਰ ਅਮਰੀਕੀ ਰਾਜਦੂਤ ਨੇ ਇਨ੍ਹਾਂ ਸ਼ਰਤਾਂ ਦੀ ਉਲੰਘਣਾ ਕਰ ਰਹੇ ਹਨ। ਐਰਿਕ ਗਾਰਸੇਟੀ ਨੇ ਇਸ ਬਾਰੇ ਇਕ ਵੱਖਰਾ ਸਿਧਾਂਤ ਘੜਿਆ ਹੈ।ਉਨ੍ਹਾਂ ਕਿਹਾ ਕਿ ਇਹ ਰਣਨੀਤਕ ਨਹੀਂ, ਸਗੋਂ ਮਨੁੱਖੀ ਅਧਿਕਾਰਾਂ ਦਾ ਮਾਮਲਾ ਹੈ ਅਤੇ ਉਹ ਇਸੇ ਨਜ਼ਰੀਏ ਤੋਂ ਬੋਲ ਰਹੇ ਹਨ।ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਬਾਰੇ ਵਿਸਥਾਰ ਵਿੱਚ ਦੱਸਿਆ ਮਨੀਪੁਰ ਵਿੱਚ ਕੀ-ਕੀ ਸੰਭਾਵਨਾਵਾਂ ਹਨ ਅਤੇ ਅਮਰੀਕਾ ਇਸ ਵਿੱਚ ਕਿਸ ਤਰ੍ਹਾਂ ਮਦਦ ਕਰ ਸਕਦਾ ਹੈ। ਇਸ ਸੰਦਰਭ ਵਿੱਚ ਉਨ੍ਹਾਂ ਅਮਰੀਕਾ ਵੱਲੋਂ ਨਿਵੇਸ਼ ਦਾ ਪ੍ਰਸਤਾਵ ਵੀ ਦਿੱਤਾ ਸੀ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਇਸ ਖੇਤਰ ਦੀ ਸਰਹੱਦ ਕਈ ਹੋਰ ਦੇਸ਼ਾਂ ਦੀ ਸਰਹੱਦਾਂ ਨਾਲ ਜੁੜਦੀ ਹੈ ਅਤੇ ਮਾਮਲਾ ਸੰਵੇਦਨਸ਼ੀਲ ਵੀ ਹੈ। ਇਹ ਮਾਮਲਾ ਹਲ ਕੀਤਾ ਜਾਣਾ ਚਾਹੀਦਾ ਹੈ।

ਸੁਆਲ ਇਹ ਹੈ ਕਿ ਅਮਰੀਕਾ ਇਸ ਸੰਦਰਭ ਵਿੱਚ ਦਖਲਅੰਦਾਜ਼ੀ ਕਿਉਂ ਕਰ ਰਿਹਾ ਹੈ ? ਕੀ ਅਮਰੀਕਾ ਦਾ ਭਾਰਤ ਸਰਕਾਰ ਨਾਲ ਕੋਈ ਸਮਝੌਤਾ ਹੈ ਜਿਸ ਤਹਿਤ ਅਮਰੀਕੀ ਰਾਜਦੂਤ ਅਜਿਹਾ ਬਿਆਨ ਜਾਰੀ ਕਰ ਰਹੇ ਹੋ ? ਕਿਉਂਕਿ ਅਜੇ ਤੱਕ ਇਸ 'ਤੇ ਭਾਰਤ ਸਰਕਾਰ ਵੱਲੋਂ ਕੋਈ ਬਿਆਨ ਨਹੀਂ ਆਇਆ ।

ਜਦੋਂ ਪੱਤਰਕਾਰਾਂ ਨੇ ਵਿਦੇਸ਼ ਮਾਮਲਿਆਂ ਦੇ ਬੁਲਾਰੇ ਅਰਿੰਦਮ ਬਾਗਚੀ ਤੋਂ ਪ੍ਰਤੀਕਿਰਿਆ ਮੰਗੀ ਤਾਂ ਉਨ੍ਹਾਂ

(ਬਾਕੀ ਸਫ਼ਾ 30 'ਤੇ)

# ਪੰਡਿਤ ਧੀਰੇਂਦਰ ਸ਼ਾਸਤਰੀ ਨੇ ਸਿੱਖਾਂ ਨੂੰ ਸਨਾਤਨ ਧਰਮ ਦੀ ਫੌਜ ਕਹਿ ਕੇ ਵਿਵਾਦ ਫੈਲਾਇਆ

## ਸਿੱਖ ਧਰਮ ਸਮੁੱਚੀ ਮਨੁੱਖਤਾ ਦਾ ਹਮਾਇਤੀ ਨਾ ਕਿ ਸਨਾਤਨੀ ਫੌਜ : ਸ਼੍ਰੋਮਣੀ ਕਮੇਟੀ
## ਸਿੱਖ ਪੰਥ ਸਿਰਫ਼ ਹਿੰਦੂ ਧਰਮ ਦਾ ਨਹੀਂ ਸਮੁੱਚੀ ਮਨੁੱਖਤਾ ਦਾ ਭਲਾ ਸੋਚਦਾ ਹੈ : ਬਾਬਾ ਬੇਦੀ

ਮੱਧ ਪ੍ਰਦੇਸ਼/ਏ.ਟੀ.ਨਿਊਜ਼: ਮੱਧ ਪ੍ਰਦੇਸ਼ ਵਿੱਚ ਸਥਿਤ ਹਿੰਦੂ ਰਾਸ਼ਟਰਵਾਦ ਦੇ ਪੈਰੋਕਾਰ ਬਾਬਾ ਬਾਗੇਸ਼ਵਰ ਧਾਮ ਦਾ ਪੰਡਿਤ ਧੀਰੇਂਦਰ ਸ਼ਾਸਤਰੀ ਨਵੇਂ ਵਿਵਾਦ ਵਿੱਚ ਘਿਰ ਗਿਆ ਹੈ। ਉਸ ਨੇ ਸਿੱਖਾਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ ਸਨਾਤਨ ਧਰਮ ਦੀ ਫੌਜ ਕਹਿ ਦਿੱਤਾ ਜਿਸ ਮਗਰੋਂ ਸਿੱਖ ਭੜਕ ਗਏ ਹਨ। ਪੰਡਿਤ ਧੀਰੇਂਦਰ ਸ਼ਾਸਤਰੀ ਨੇ ਇਹ ਗੱਲ ਪੰਜਾਬੀ ਗਾਇਕ ਇੰਦਰਜੀਤ ਨਿੱਕੂ ਦੇ ਸਾਹਮਣੇ ਕਹੀ ਜੋ ਬਾਗੇਸ਼ਵਰ ਧਾਮ ਪਹੁੰਚਿਆ ਸੀ ਤੇ ਉਸਨੇ ਬਾਬੇ ਨੂੰ ਸਤਿਗੁਰੂ ਵੀ ਕਿਹਾ।



ਇਸ ਹਿੰਦੂ ਰਾਸ਼ਟਰਵਾਦੀ ਬਾਬੇ ਦਾ ਸੋਸ਼ਲ ਮੀਡੀਆ ਉਪਰ ਕਾਫ਼ੀ ਵਿਰੋਧ ਹੋ ਰਿਹਾ ਹੈ। ਸਿੱਖਾਂ ਵੱਲੋਂ ਜਿੱਥੇ ਪੰਡਿਤ ਧੀਰੇਂਦਰ ਸ਼ਾਸਤਰੀ ਦੀ ਅਲੋਚਨਾ ਕੀਤੀ ਜਾ ਰਹੀ ਹੈ, ਉਥੇ ਹੀ ਗਾਇਕ ਇੰਦਰਜੀਤ ਨਿੱਕੂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਧਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਨੇ ਵੀ ਇਸ ਦਾ ਸਖ਼ਤ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਨੇ ਕਿਹਾ ਹੈ ਕਿ ਸਿੱਖ ਕੌਮ ਜ਼ੁਲਮ ਦਾ ਟਾਕਰਾ ਕਰਨ ਲਈ ਬਣੀ ਹੈ। ਇਹ ਕਹਿਣਾ ਗਲਤ ਹੈ ਕਿ ਸਿੱਖ ਸਨਾਤਨ ਧਰਮ ਦੀ ਫੌਜ ਹੈ। ਉਨ੍ਹਾਂ ਨੇ ਪੰਡਿਤ ਧੀਰੇਂਦਰ ਸ਼ਾਸਤਰੀ ਨੂੰ ਪਹਿਲਾਂ ਸਿੱਖ ਧਰਮ ਬਾਰੇ ਕੁਝ ਜਾਣਨ ਲਈ ਕਿਹਾ ਹੈ।

ਬਾਬਾ ਸਰਬਜੋਤ ਸਿੰਘ ਬੇਦੀ ਨੇ ਧੀਰੇਂਦਰ ਸ਼ਾਸਤਰੀ ਨੂੰ ਪਖੰਡੀ ਦੱਸਦਿਆਂ ਕਿਹਾ ਕਿ ਬਾਬਾ ਫਿਰਕੂ ਪ੍ਰਚਾਰ ਕਰ ਰਿਹਾ ਹੈ। ਉਹ ਸਿੱਖ ਧਰਮ ਦੀ ਵਿਰਾਸਤ ,ਇਤਿਹਾਸ ਫ਼ਲਸਫ਼ੇ ਨੂੰ ਫਿਰਕੂ ਲੀਹਾਂ ਉਪਰ ਜਾਣੇ ਅੱਖੋਂ ਪਰੋਖੇ ਕਰ ਰਿਹਾ ਹੈ। ਉਹਨਾਂ ਕਿਹਾ ਕਿ ਸਿੱਖ ਪੰਥ ਦਾ ਜਨਮ ਮਨੁੱਖਤਾ ਤੇ ਸਰਬਤ ਦੇ ਭਲੇ ਲਈ ਹੋਇਆ ਹੈ। ਇਕੱਲਾ ਹਿੰਦੂ ਧਰਮ ਨਾਲ ਕੋਈ ਵਾਸਤਾ ਨਹੀਂ। ਸਿੱਖ ਪੰਥ ਲਈ ਸਭ ਧਰਮ ਬਰਾਬਰ ਹਨ। ਸਿੱਖ ਪੰਥ ਨਿਆਂ ਪੱਖੀ ਰਾਜ ਦੀ ਵਿਰਾਸਤ ਦਾ ਹਮਾਇਤੀ ਹੈ।

ਦਰਅਸਲ ਗਾਇਕ ਇੰਦਰਜੀਤ ਨਿੱਕੂ ਨੇ ਬਾਗੇਸ਼ਵਰ ਧਾਮ ਪਹੁੰਚ ਕੇ ਜਦੋਂ ਧੀਰੇਂਦਰ ਸ਼ਾਸਤਰੀ ਨੂੰ ਸਿੱਖਾਂ ਬਾਰੇ ਕੁਝ ਬੋਲਣ ਲਈ ਕਿਹਾ ਤਾਂ ਅੱਗੋਂ ਉਸ ਨੇ ਕਿਹਾ - ਜਦੋਂ ਕਸ਼ਮੀਰੀ ਪੰਡਤਾਂ ਨੂੰ ਮਾਰਿਆ ਤੇ ਭਜਾਇਆ ਜਾ ਰਿਹਾ ਸੀ, ਉਸ ਵੇਲੇ ਨੌਵੇਂ ਗੁਰੂ ਸ਼੍ਰੀ ਤੇਗ ਬਹਾਦਰ ਸਾਹਿਬ ਹੀ ਸਨ ਜਿਨ੍ਹਾਂ ਨੇ ਉਨ੍ਹਾਂ ਕਸ਼ਮੀਰੀ ਪੰਡਤਾਂ ਦੀ ਰੱਖਿਆ ਲਈ ਤਲਵਾਰ ਉਠਾਈ ਸੀ। ਸਰਦਾਰ ਸਾਡੇ ਸਨਾਤਨ ਧਰਮ ਦੀ ਫੌਜ ਹਨ। ਪੰਜ ਪਿਆਰੇ (ਪੰਜ ਪਿਆਰੇ) ਸਨਾਤਨ ਧਰਮ ਦੀ ਰੱਖਿਆ ਲਈ ਹੀ ਹਨ। ਦਸਤਾਰ, ਕ੍ਰਿਪਾਨ.. ਇਹ ਸਭ ਸਨਾਤਨ ਧਰਮ ਦੀ ਰੱਖਿਆ ਲਈ ਹੀ ਹਨ। ਜੋ ਕੋਈ ਵੀ ਇਸ ਬਾਰੇ ਗਲਤ ਬੋਲਦਾ ਹੈ, ਉਨ੍ਹਾਂ ਦੇ ਮਨ ਵਿੱਚ ਗੰਦਗੀ ਹੈ, ਉਨ੍ਹਾਂ ਦੀ ਅਕਲ ਨੂੰ ਸ਼ੁੱਧ ਕਰਨ ਦੀ ਲੋੜ ਹੈ। ਸਰਦਾਰ ਸਨਾਤਨ ਧਰਮ ਦੀ ਫੌਜ ਹੈ। ਸਨਾਤਨ ਧਰਮ ਦੀ ਰੱਖਿਆ ਲਈ ਫੌਜ ਦੀ ਲੋੜ ਹੈ। ਇਸ ਲਈ ਹੀ ਸਰਦਾਰਾਂ ਦਾ ਨਿਰਮਾਣ ਕੀਤਾ ਗਿਆ ਹੈ।

ਧੀਰੇਂਦਰ ਸ਼ਾਸਤਰੀ ਨੇ ਅੱਗੇ ਕਿਹਾ- ਅਸੀਂ ਨੌਵੇਂ ਗੁਰੂ ਤੇਗ ਬਹਾਦਰ ਜੀ ਤੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਥਾ ਗਾਉਂਦੇ ਹਾਂ। ਇਹ ਸਾਡੇ ਸਨਾਤਨ ਧਰਮ ਦੇ ਆਦਰਸ਼ ਹਨ। ਇਹ ਸਾਡੇ ਸਨਾਤਨ ਦੀ ਚੰਗੀ ਕਿਸਮਤ ਹੈ ਕਿ ਉਨ੍ਹਾਂ ਨੇ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਆਪਣੇ ਬੱਚੇ ਕੁਰਬਾਨ ਕਰ ਦਿੱਤੇ ਤੇ ਸਨਾਤਨੀਆਂ ਦੀ ਰੱਖਿਆ ਲਈ ਹੱਥ ਵਿੱਚ ਤਲਵਾਰ ਚੁੱਕੀ।

ਉਧਰ, ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਗੁਰਚਰਨ ਸਿੰਘ ਗਰੇਵਾਲ ਨੇ ਕਿਹਾ ਕਿ ਬਾਬਾ ਬਾਗੇਸ਼ਵਰ ਨੂੰ ਪਹਿਲਾਂ ਸਿੱਖੀ ਬਾਰੇ ਜਾਣਨਾ ਚਾਹੀਦਾ ਹੈ। ਹਾਂ, ਇਹ ਸੱਚ ਹੈ ਕਿ ਸਾਡੇ ਨੌਵੇਂ ਗੁਰੂ ਨੇ ਕਸ਼ਮੀਰੀ ਪੰਡਿਤਾਂ ਦੀ ਰੱਖਿਆ ਲਈ ਕੁਰਬਾਨੀ ਦਿੱਤੀ ਸੀ, ਪਰ ਇਹ ਕਥਨ ਕਰਨ ਤੋਂ ਪਹਿਲਾਂ ਪੰਜ ਪਿਆਰਿਆਂ ਬਾਰੇ ਜਾਣ ਲੈਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੀ ਸ਼ੁਰੂਆਤ ਹਰ ਤਰ੍ਹਾਂ ਦੇ ਜ਼ੁਲਮ ਵਿਰੁੱਧ ਲੜਨ ਲਈ ਕੀਤੀ ਗਈ ਸੀ। ਇਸ ਦਾ ਮਤਲਬ ਇਹ ਨਹੀਂ ਕਿ ਸਿੱਖ ਭਾਈਚਾਰਾ ਸਿਰਫ਼ ਹਿੰਦੂਆਂ ਲਈ ਹੈ। ਕਿਸੇ ਖ਼ਿਲਾਫ਼ ਵੀ ਜ਼ੁਲਮ ਹੋਇਆ ਤਾਂ ਸਿੱਖ ਉਸ ਦਾ ਡਟ ਕੇ ਵਿਰੋਧ ਕਰਨਗੇ। ਜਦੋਂ ਅੰਗਰੇਜ਼ਾਂ ਨੇ ਜ਼ੁਲਮ ਕੀਤੇ, ਉਸ ਤੋਂ ਪਹਿਲਾਂ ਮੁਗਲ ਸਰਕਾਰ ਨੇ ਜ਼ੁਲਮ ਕੀਤੇ ਤਾਂ ਸਿੱਖ ਉਸ ਵਿਰੁੱਧ ਵੀ ਖੜ੍ਹੇ ਹੋਏ ਸੀ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਬਾਬਾ ਬਾਗੇਸ਼ਵਰ ਸੰਘ ਪਰਿਵਾਰ ਨਾਲ ਸੰਬੰਧਿਤ ਹੈ। ਉਹ ਸੰਘ ਪਰਿਵਾਰ ਦੀ ਰਾਜਨੀਤੀ ਮੁਤਾਬਕ ਸਿੱਖ ਪੰਥ ਦਾ ਭਗਵਾਂ ਕਰਨ ਦੀ ਸਾਜ਼ਿਸ਼ ਰਚ ਰਿਹਾ ਹੈ ਜੋ ਕਿ ਹਿੰਦੂ ਰਾਸ਼ਟਰਵਾਦ ਦਾ ਪੈਮਾਨਾ ਹੈ। ਸਿੱਖ ਪੰਥ ਨੂੰ ਗੁਰੂ ਦੇ ਦੈਵੀ ਅਸੂਲਾਂ ਉਪਰ ਪਹਿਰਾ ਦੇ ਕੇ ਇਹਨਾਂ ਪਖੰਡੀਆਂ ਦਾ ਵਿਰੋਧ ਕਰਨਾ ਚਾਹੀਦਾ ਹੈ।

## '84 ਸਿੱਖ ਨਸਲਕੁਸ਼ੀ ਮਾਮਲੇ 'ਚ ਟਾਈਟਲਰ ਖ਼ਿਲਾਫ਼ ਸੁਣਵਾਈ 19 ਤੱਕ ਮੁਲਤਵੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਸਿੱਖ ਕਤਲੇਆਮ 1984 ਨਾਲ ਸਬੰਧਿਤ ਇਕ ਮਾਮਲੇ ਵਿੱਚ ਦਿੱਲੀ ਦੀ ਅਦਾਲਤ ਵੱਲੋਂ ਕਾਂਗਰਸੀ ਜਗਦੀਸ਼ ਟਾਈਟਲਰ ਖ਼ਿਲਾਫ਼ ਦਾਇਰ ਦੋਸ਼ ਪੱਤਰ 'ਤੇ ਨੋਟਿਸ ਲੈਣ ਲਈ ਸੁਣਵਾਈ 19 ਜੁਲਾਈ ਤੱਕ ਮੁਲਤਵੀ ਕਰ ਦਿੱਤੀ ਗਈ। ਅਦਾਲਤ ਨੇ ਕਿਹਾ ਕਿ ਇਸ ਮਾਮਲੇ ਨਾਲ ਸਬੰਧਿਤ ਦਸਤਾਵੇਜ਼ ਉਨ੍ਹਾਂ ਨੂੰ



ਹੁਣੇ ਪ੍ਰਾਪਤ ਹੋਏ ਹਨ ਅਤੇ ਇਨ੍ਹਾਂ ਦਸਤਾਵੇਜ਼ਾਂ ਨੂੰ ਵੇਖਣ ਤੋਂ ਬਾਅਦ ਹੀ ਨੋਟਿਸ ਬਾਰੇ ਆਦੇਸ਼ ਜਾਰੀ ਕੀਤਾ ਜਾਵੇਗਾ। ਰਾਊਜ਼ ਐਵਨਿਊ ਸਥਿਤ ਵਧੀਕ ਮੁੱਖ ਮੈਟਰੋਪਾਲਿਟਨ ਜੱਜ ਵਿਧੀ ਗੁਪਤਾ ਆਨੰਦ ਦੀ ਅਦਾਲਤ ਨੇ ਸੁਣਵਾਈ ਦੀ ਅਗਲੀ ਤਾਰੀਖ਼ ਲਈ ਮੁਲਤਵੀ ਕਰਦੇ ਹੋਏ ਕਿਹਾ ਕਿ ਕੜਕੜਡੂਮਾ ਅਦਾਲਤ ਦੇ ਰਿਕਾਰਡ ਪ੍ਰਭਾਰੀ ਦੁਆਰਾ ਹੁਣੇ ਇਸ ਮਾਮਲੇ ਨਾਲ ਸਬੰਧਿਤ ਦਸਤਾਵੇਜ਼ ਸੌਂਪੇ ਗਏ ਹਨ। ਇਨ੍ਹਾਂ ਨੂੰ ਪੜ੍ਹਨ ਤੋਂ ਬਾਅਦ ਹੀ ਸਬੰਧਿਤ ਮਾਮਲੇ ਵਿੱਚ ਅਗਲੇਰੀ ਕਾਰਵਾਈ ਹੋਵੇਗੀ। ਦੱਸਣ ਯੋਗ ਹੈ ਕਿ ਕਾਂਗਰਸੀ ਆਗੂ ਸੱਜਣ ਕੁਮਾਰ ਤੋਂ ਬਾਅਦ ਜਗਦੀਸ਼ ਟਾਈਟਲਰ ਦਾ ਨਾਂ ਸਿੱਖ ਕਤਲੇਆਮ 'ਚ ਮੁਲਜ਼ਮ ਵਲੋਂ ਲਿਆ ਜਾਂਦਾ ਹੈ । ਦੋਸ਼ ਹੈ ਕਿ ਟਾਈਟਲਰ ਨੇ 1 ਨਵੰਬਰ 1984 ਨੂੰ ਪੁਲ ਬੰਗਸ਼ ਗੁਰਦੁਆਰਾ ਆਜ਼ਾਦ ਮਾਰਕੀਟ ਵਿੱਚ ਭੀੜ ਨੂੰ ਉਕਸਾਇਆ ਤੇ ਭੜਕਾਇਆ ਸੀ।




# ਅਮਰੀਕਾ ਵੱਲੋਂ ਯੂਕਰੇਨ ਨੂੰ ਕਲਸਟਰ ਬੰਬ ਦੇਣ ਦੇ ਫ਼ੈਸਲੇ ’ਤੇ ਰੂਸ ਔਖਾ

## ਦਮਿਤਰੀ ਮੇਦਵੇਦੇਵ ਨੇ ਅਮਰੀਕਾ ਨੂੰ ਪਰਮਾਣੂ ਯੁੱਧ ਦੀ ਦਿੱਤੀ ਚਿਤਾਵਨੀ






ਮਾਸਕੋ/ਏ.ਟੀ.ਨਿਊਜ਼ :ਅਮਰੀਕਾ ਵੱਲੋਂ ਯੂਕਰੇਨ ਨੂੰ ਕਲਸਟਰ ਬੰਬ ਦੇਣ ਦੇ ਫੈਸਲੇ ਤੋਂ ਰੂਸ ਗੁੱਸੇ ਵਿੱਚ ਹੈ। ਕ੍ਰੇਮਲਿਨ ਪਹਿਲਾਂ ਹੀ ਅਮਰੀਕਾ ਦੇ ਫੈਸਲੇ ਦੀ ਆਲੋਚਨਾ ਕਰ ਚੁੱਕਾ ਹੈ। ਉਸ ਨੇ ਇਸ ਫੈਸਲੇ ਨੂੰ ਅੱਗ ਵਿੱਚ ਪੈਟਰੋਲ ਪਾਉਣ ਵਾਲਾ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਸਾਬਕਾ ਰੂਸੀ ਰਾਸ਼ਟਰਪਤੀ ਅਤੇ ਨੇਤਾ ਨੰਬਰ ਦੋ ਦਿਮਿਤਰੀ ਮੇਦਵੇਦੇਵ ਨੇ ਅਮਰੀਕਾ ਦੇ ਫੈਸਲੇ ਨੂੰ ਲੈ ਕੇ ਬਿਡੇਨ ਨੂੰ ਤਾਅਨਾ ਮਾਰਿਆ ਕਿ ਬਿਡੇਨ ਪਰਮਾਣੂ ਯੁੱਧ ਨੂੰ ਭੜਕਾ ਕੇ ਅੱਧੀ ਮਨੁੱਖਤਾ ਨੂੰ ਆਪਣੇ ਨਾਲ ਅਗਲੀ ਦੁਨੀਆਂ ਵਿੱਚ ਲੈ ਕੇ ਜਾਣਾ ਚਾਹੁੰਦਾ ਹੈ। ਅਮਰੀਕਾ ਨੇ ਹੁਣੇ ਜਿਹੇ ਐਲਾਨ ਕੀਤਾ ਸੀ ਕਿ ਉਹ ਕਾਬਜ਼ ਰੂਸੀ ਫੌਜਾਂ ਦੇ ਖ਼ਿਲਾਫ਼ ਬਦਲਾ ਲੈਣ ਲਈ ਯੂਕਰੇਨ ਨੂੰ ਵਿਆਪਕ ਤੌਰ ’ਤੇ ਪਾਬੰਦੀਸ਼ੁਦਾ ਕਲੱਸਟਰ ਹਥਿਆਰਾਂ ਦੀ ਸਪਲਾਈ ਕਰੇਗਾ।

ਮੇਦਵੇਦੇਵ ਨੇ ਹੁਣ ਚਿਤਾਵਨੀ ਦਿੱਤੀ ਹੈ ਕਿ ਯੂਕਰੇਨ ਨੂੰ ਕਲੱਸਟਰ ਬੰਬਾਂ ਦੀ ਅਮਰੀਕਾ ਵੱਲੋਂ ਸਪਲਾਈ ਦੁਨੀਆਂ ਨੂੰ ਖਤਰਨਾਕ ਸਥਾਨ ’ਤੇ ਲਿਜਾ ਰਹੀ ਹੈ। ਉਸਨੇ ਬਿਡੇਨ ’ਤੇ ਚੁਟਕੀ ਲੈਂਦਿਆਂ ਕਿਹਾ ਕਿ ਮਰਨ ਵਾਲੇ ਦਾਦਾ ਜੀ, ਬਿਮਾਰ ਕਲਪਨਾਵਾਂ ਦਾ ਸ਼ਿਕਾਰ ਹੋਕੇ, ਪਰਮਾਣੂ ਯੁੱਧ ਨੂੰ ਭੜਕਾ ਕੇ ਅੱਧੀ ਮਨੁੱਖਤਾ ਨੂੰ ਆਪਣੇ ਨਾਲ ਅਗਲੀ ਦੁਨੀਆਂ ਵਿੱਚ ਲਿਜਾਉਣ ਦਾ ਫੈਸਲਾ ਕਰ ਚੁੱਕੇ ਹਨ। ਮੇਦਵੇਦੇਵ ਨੇ ਅਮਰੀਕਾ ਦੇ ਫੈਸਲੇ ਦੇ ਖ਼ਿਲਾਫ਼ ਸਖ਼ਤ ਜਵਾਬੀ ਕਾਰਵਾਈ ਦੀ ਚਿਤਾਵਨੀ ਵੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਮਰੀਕਾ ਦਾ ਹਰ ਫੈਸਲਾ ਯੂਕਰੇਨ ਵਿੱਚ ਚੱਲ ਰਹੀ ਜੰਗ ਨੂੰ ਹੋਰ ਭੜਕਾਏਗਾ।

**ਸੰਯੁਕਤ ਰਾਸ਼ਟਰ ਨੇ ਅਮਰੀਕਾ ਦੇ ਫੈਸਲੇ ’ਤੇ ਸਵਾਲ ਉਠਾਏ**

ਦੂਜੇ ਪਾਸੇ ਯੂਕਰੇਨ ਨੂੰ ਕਲਸਟਰ ਬੰਬ ਸਪਲਾਈ ਕਰਨ ਦੇ ਅਮਰੀਕਾ ਦੇ ਫੈਸਲੇ ’ਤੇ ਕਈ ਮਨੁੱਖੀ ਅਧਿਕਾਰ ਸਮੂਹਾਂ ਅਤੇ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਨੇ ਸਵਾਲ ਚੁੱਕੇ ਹਨ। ਅਮਰੀਕਾ ਦਾ ਇਹ ਐਲਾਨ ਯੂਕਰੇਨ ਨੂੰ /800 ਮਿਲੀਅਨ ਦੇ ਸੁਰੱਖਿਆ ਪੈਕੇਜ ਦਾ ਹਿੱਸਾ ਹੈ। ਫਰਵਰੀ 2022 ਵਿੱਚ ਰੂਸ ਦੇ ਹਮਲੇ ਤੋਂ ਬਾਅਦ, ਅਮਰੀਕਾ ਨੇ ਯੂਕਰੇਨ ਨੂੰ 40 ਬਿਲੀਅਨ ਡਾਲਰ ਤੋਂ ਵੱਧ ਦੀ ਫੌਜੀ ਸਹਾਇਤਾ ਦਿੱਤੀ ਹੈ। ਪੈਂਟਾਗਨ ਦੇ ਇੱਕ ਅਧਿਕਾਰੀ ਨੇ ਕਿਹਾ ਕਿ ਕਲੱਸਟਰ ਬੰਬ ਇੱਕ ਸਮਾਂ ਸੀਮਾ ਵਿੱਚ ਦਿੱਤੇ ਜਾਣਗੇ ਜੋ ਜਵਾਬੀ ਹਮਲੇ ਲਈ ਪ੍ਰਸੰਗਕ ਹਨ।

**100 ਦੇਸ਼ਾਂ ’ਚ ਕਲੱਸਟਰ ਬੰਬ ’ਤੇ ਪਾਬੰਦੀ**

ਹਾਲਾਂ ਕਿ 100 ਤੋਂ ਵੱਧ ਦੇਸ਼ਾਂ ਵਿੱਚ ਕਲੱਸਟਰ ਬੰਬਾਂ ’ਤੇ ਪਾਬੰਦੀ ਹੈ। ਰੂਸ, ਯੂਕਰੇਨ ਅਤੇ ਅਮਰੀਕਾ ਨੇ ਕਲੱਸਟਰ ਯੁੱਧ ਸਮਗਰੀ ਬਾਰੇ ਕਨਵੈਨਸ਼ਨ ’ਤੇ ਦਸਤਖ਼ਤ ਨਹੀਂ ਕੀਤੇ ਹਨ, ਜੋ ਹਥਿਆਰਾਂ ਦੇ ਉਤਪਾਦਨ, ਭੰਡਾਰਨ, ਵਰਤੋਂ ਅਤੇ ਟ੍ਰਾਂਸਫਰ ’ਤੇ ਪਾਬੰਦੀ ਲਗਾਉਂਦੇ ਹਨ। ਉਹ ਆਮ ਤੌਰ ’ਤੇ ਵੱਡੀ ਗਿਣਤੀ ਵਿੱਚ ਛੋਟੇ ਬੰਬ ਛੱਡਦੇ ਹਨ ਜੋ ਆਕਸੀਜਨ ਦੇ ਸੰਪਰਕ ਵਿੱਚ ਆਉਣ ਦੇ ਬਾਅਦ ਚਲਦੇ ਹਨ। ਉਹ ਬਹੁਤ ਜ਼ਿਆਦਾ ਗਰਮੀ ਅਤੇ ਚਿੱਟਾ ਧੂੰਆਂ ਛੱਡਦੇ ਹਨ। ਇਸ ਦੇ ਸੰਪਰਕ ਵਿੱਚ ਆਉਣ ਵਾਲਾ ਕੋਈ ਵੀ ਵਿਅਕਤੀ ਗੰਭੀਰ ਰੂਪ ਵਿੱਚ ਜ਼ਖਮੀ ਹੋ ਸਕਦਾ ਹੈ। ਕਈ ਵਾਰ ਤਾਂ ਉਸ ਦੀ ਮੌਤ ਵੀ ਹੋ ਜਾਂਦੀ ਹੈ।

**ਕਲੱਸਟਰ ਬੰਬ ਖ਼ਤਰਨਾਕ ਕਿਉਂ ਹੈ ?**

ਕਲੱਸਟਰ ਬੰਬ ਦੇ ਟੁਕੜੇ ਸਰੀਰ ਦੇ ਅੰਦਰ ਧਸ ਸਕਦੇ ਹਨ। ਅਜਿਹੇ ’ਚ ਗੰਭੀਰ ਜ਼ਖਮੀ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਸਕਦੀ ਹੈ। ਕਿਉਂਕਿ ਉਨ੍ਹਾਂ ਦੇ ਸਰੀਰ ਵਿਚ ਧਸੇ ਹੋਏ ਟੁਕੜਿਆਂ ਨੂੰ ਹਟਾਉਣ ਦੌਰਾਨ, ਉਹ ਹਵਾ ਦੇ ਸੰਪਰਕ ਵਿੱਚ ਆਉਣ ’ਤੇ ਦੁਬਾਰਾ ਜਲ ਉੱਠਦੇ ਹਨ। ਅਜਿਹੇ ਵਿੱਚ ਜ਼ਖਮੀ ਦੀ ਇਲਾਜ ਦੇ ਬਾਵਜੂਦ ਮੌਤ ਹੋ ਜਾਂਦੀ ਹੈ। ਕਲੱਸਟਰ ਬੰਬ ਜੋ ਬਿਨਾਂ ਵਿਸਫੋਟ ਦੇ ਪਏ ਰਹਿੰਦੇ ਹਨ ਉਹ ਸੰਘਰਸ਼ ਦੇ ਅੰਤ ਤੋਂ ਬਾਅਦ ਦਹਾਕਿਆਂ ਤੱਕ ਖ਼ਤਰਾ ਬਣੇ ਰਹਿੰਦੇ ਹਨ। ਵ੍ਹਾਈਟ ਹਾਊਸ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਾਨ ਨੇ ਕਿਹਾ ਕਿ ਯੂਕਰੇਨ ਨੇ ਲਿਖਤੀ ਭਰੋਸਾ ਦਿੱਤਾ ਹੈ ਕਿ ਉਹ ਨਾਗਰਿਕਾਂ ਨੂੰ ਹੋਣ ਵਾਲੇ ਖ਼ਤਰੇ ਨੂੰ ਘੱਟ ਕਰਨ ਲਈ ਉਨ੍ਹਾਂ ਦੀ ਵਰਤੋਂ ਬਹੁਤ ਸਾਵਧਾਨੀ ਨਾਲ ਕਰੇਗਾ।

# ਅਮਰੀਕਾ ਕੋਲ ਹੈ ਦੁਨੀਆਂ ਦੀ ਸਭ ਤੋਂ ਤਾਕਤਵਰ ਫ਼ੌਜ

## ਭਾਰਤ ਚੌਥੇ ਨੰਬਰ ’ਤੇ, ਪਾਕਿਸਤਾਨ 7ਵੇਂ ਨੰਬਰ ’ਤੇ

ਨਿਊਯਾਰਕ/ਏ.ਟੀ.ਨਿਊਜ਼ : ਗਲੋਬਲ ਫਾਇਰਪਾਵਰ ਇੱਕ ਅਜਿਹੀ ਡੇਟਾ ਵੈਬਸਾਈਟ ਹੈ ਜੋ ਕੌਮਾਂਤਰੀ ਪੱਧਰ ਉਪਰ ਰੱਖਿਆ ਜਾਣਕਾਰੀ ਨੂੰ ਟਰੈਕ ਕਰਦੀ ਹੈ, ਇਸ ਦੇ ਅਨੁਸਾਰ ਸੰਯੁਕਤ ਰਾਜ ਅਮਰੀਕਾ ਕੋਲ ਦੁਨੀਆਂ ਵਿੱਚ ਸਭ ਤੋਂ ਮਜ਼ਬੂਤ ਫ਼ੌਜੀ ਸ਼ਕਤੀ ਹੈ। ਰੂਸ ਅਤੇ ਚੀਨ ਦੂਜੇ ਅਤੇ ਤੀਜੇ ਸਥਾਨ ’ਤੇ ਹਨ ਅਤੇ ਭਾਰਤ ਚੌਥੇ ਸਥਾਨ ’ਤੇ ਹੈ।

2023 ਦੀ ਫ਼ੌਜੀ ਸ਼ਕਤੀ ਦੀ ਸੂਚੀ ਵਿੱਚ ਭੂਟਾਨ ਅਤੇ ਆਈਸਲੈਂਡ ਸਮੇਤ ਦੁਨੀਆਂ ਦੀਆਂ ਸਭ ਤੋਂ ਕਮਜ਼ੋਰ ਫ਼ੌਜੀ ਤਾਕਤਾਂ ਵਾਲੇ ਦੇਸ਼ ਵੀ ਸ਼ਾਮਲ ਹਨ,ਜਿਸ ਦਾ ਮੁਲਾਂਕਣ 60 ਤੋਂ ਵੱਧ ਕਾਰਕਾਂ ’ਤੇ ਕੀਤਾ ਗਿਆ ਹੈ। ਗਲੋਬਲ ਫਾਇਰਪਾਵਰ ਨੇ ਕਿਹਾ ਕਿ ਇਸ ਨੇ ਫ਼ੌਜੀ ਯੂਨਿਟਾਂ ਦੀ ਗਿਣਤੀ ਅਤੇ ਆਰਥਿਕ ਸਥਿਤੀ ਤੋਂ ਲੈ ਕੇ ਲੌਜਿਸਟਿਕ ਸਮਰੱਥਾ ਅਤੇ ਭੂਗੋਲ ਤੱਕ ਦੀਆਂ ਸ਼੍ਰੇਣੀਆਂ ਦੇ ਨਾਲ ਇੱਕ ਰਾਸ਼ਟਰ ਦਾ ਸਕੋਰ ਸਥਾਪਤ ਕੀਤਾ ਹੈ। ਰਿਪੋਰਟ ਵਿੱਚ 145 ਦੇਸ਼ਾਂ ਦੀ ਸੂਚੀ ਦਿੱਤੀ ਗਈ ਹੈ ਅਤੇ ਹਰੇਕ ਦੇਸ਼ ਦੀ ਰੈਂਕਿੰਗ ਵਿੱਚ ਸਾਲ-ਦਰ-ਸਾਲ ਬਦਲਾਅ ਹੁੰਦਾ ਰਿਹਾ ਹੈ ਜਿਸਦਾ ਵੇਰਵਾ ਵੀ ਪੇਸ਼ ਕੀਤਾ ਗਿਆ ਹੈ।



ਦੁਨੀਆਂ ਦੀਆਂ ਸਭ ਤੋਂ ਸ਼ਕਤੀਸ਼ਾਲੀ ਫ਼ੌਜਾਂ ਵਾਲੇ 10 ਦੇਸ਼

ਸੰਯੁਕਤ ਰਾਜ ਅਮਰੀਕਾ, ਰੂਸ, ਚੀਨ, ਭਾਰਤ, ਯੂਨਾਇਟੇਡ ਕਿੰਗਡਮ,

ਦੱਖਣ ਕੋਰੀਆ, ਪਾਕਿਸਤਾਨ, ਜਪਾਨ, ਫਰਾਂਸ, ਇਟਲੀ।

ਸਭ ਤੋਂ ਘੱਟ ਤਾਕਤਵਰ ਫ਼ੌਜਾਂ ਵਾਲੇ 10 ਦੇਸ਼

ਭੂਟਾਨ, ਬੇਨਿਨ, ਮੋਲਡੋਵਾ, ਸੋਮਾਲੀਆ, ਲਾਇਬੇਰੀਆ, ਸੂਰੀਨਾਮ, ਬੇਲੀਜ਼,

ਮੱਧ ਅਫ਼ਰੀਕੀ ਗਣਰਾਜ, ਆਈਸਲੈਂਡ, ਸੀਅਰਾ ਲਿਓਨ।

# ਰੂਸ ਨਹੀਂ, ਚੀਨ ਬਣੇਗਾ ਯੂਰਪ ਦਾ ‘ਨਵਾਂ ਦੁਸ਼ਮਣ’

➢ ਯੂਰਪ ਦੇ ਤਟਾਂ ਦੇ ਨੇੜੇ ਪਹੁੰਚਿਆ ਚੀਨ ➢ ਨਾਟੋ ਦੀ ਏਸ਼ੀਆ ਵਿੱਚ ਕਦਮ ਰੱਖਣ ਦੀ ਸੰਭਾਵਨਾ



ਲੰਡਨ/ ਏ.ਟੀ.ਨਿਊਜ਼: ਦੂਜੇ ਵਿਸ਼ਵ ਯੁੱਧ ਤੋਂ ਬਾਅਦ 1949 ਵਿੱਚ ਨਾਟੋ ਦੀ ਸਥਾਪਨਾ ਹੋਈ ਸੀ। ਇਸ ਦੀ ਸਥਾਪਨਾ ਦਾ ਉਦੇਸ਼ ਯੂਰਪ ਵਿੱਚ ਮੁੜ ਜੰਗ ਨੂੰ ਰੋਕਣਾ ਅਤੇ ਸੋਵੀਅਤ ਸੰਘ ਨੂੰ ਵਧਣ ਤੋਂ ਰੋਕਣਾ ਸੀ। ਇਸ ਨੇ ਯੂਰਪ ਵਿੱਚ ਸ਼ਾਂਤੀ ਅਤੇ ਸੁਰੱਖਿਆ ਬਣਾਕੇ ਰੱਖਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਹਾਲਾਂਕਿ, ਬੀਤੇ ਸਾਲਾਂ ਦੌਰਾਨ ਨਾਟੋ ਦੇ ਮੈਂਬਰਾਂ ਨੇ ਇਸਦੀ ਸਾਰਥਕਤਾ ਅਤੇ ਸਮਰਥਾ ’ਤੇ ਸਵਾਲ ਉਠਾਏ ਹਨ। ਸਾਲ 2019 ਵਿੱਚ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਨੇ ਕਿਹਾ ਕਿ ਨਾਟੋ ਹੁਣ ਦਿਮਾਗੀ ਤੌਰ ’ਤੇ ਡੈਡ ਹੈ। ਉਹ ਬਹੁਤਾ ਸਰਗਰਮ ਨਹੀਂ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਯੂਰਪ ’ਤੇ ਰੂਸ ਦੇ ਹਮਲੇ ਨੇ ਇਸ ਗਠਜੋੜ ਨਾਟੋ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ ਕਿਉਂਕਿ ਯੂਰਪ ਦੀ ਧਰਤੀ ਯੂਕਰੇਨ ਰਾਹੀਂ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਦੇ ਸਭ ਤੋਂ ਵੱਡੇ ਹਮਲੇ ਦਾ ਜਵਾਬ ਦੇ ਰਹੀ ਹੈ। ਨਾਟੋ ਹੁਣ ਯੂਰਪ ਦੇ ਪੂਰਬੀ ਹਿੱਸੇ ਵਿੱਚ ਆਪਣੀ ਫੌਜੀ ਮੌਜੂਦਗੀ ਨੂੰ ਵਧਾਉਂਦੇ ਹੋਏ ਯੂਕਰੇਨ ਨੂੰ ਹਥਿਆਰ ਅਤੇ ਮੁਹਾਰਤ ਪ੍ਰਦਾਨ ਕਰ ਰਿਹਾ ਹੈ। ਇਸ ਤੋਂ ਇਲਾਵਾ ਯੂਕਰੇਨ ’ਤੇ ਰੂਸ ਦੇ ਹਮਲੇ ਤੋਂ ਬਾਅਦ ਯੂਰਪ ਦੀ ਸੁਰੱਖਿਆ ਨੂੰ ਲੈ ਕੇ ਸਵਾਲ ਪੁੱਛੇ ਜਾ ਰਹੇ ਹਨ। ਹਾਲਾਂਕਿ, ਹੁਣ ਇਹ ਮੈਕਰੋਨ ਹੈ ਜੋ ਕਹਿੰਦਾ ਹੈ ਕਿ ਰੂਸੀ ਰਾਸ਼ਟਰਪਤੀ ਪੁਤਿਨ ਨੇ ਬਿਜਲੀ ਦੇ ਝਟਕੇ ਨਾਲ ਨਾਟੋ ਨੂੰ ਮੁੜ ਸੁਰਜੀਤ ਕੀਤਾ ਹੈ।

**ਚੀਨ ਹੋਵੇਗਾ ਨਵਾਂ ਦੁਸ਼ਮਣ**

ਪਿਛਲੇ ਅੱਠ ਦਹਾਕਿਆਂ ਵਿੱਚ ਯੂਰਪ ਨੇ ਸਭ ਤੋਂ ਵੱਡੇ ਸ਼ਰਨਾਰਥੀ ਸੰਕਟ ਨੂੰ ਦੇਖਿਆ ਹੈ, ਹਜ਼ਾਰਾਂ ਲੋਕ ਮਾਰੇ ਗਏ ਅਤੇ ਜ਼ਖਮੀ ਹੋਏ ਹਨ। ਇਸ ਦੇ ਨਾਲ ਹੀ ਲੱਖਾਂ ਲੋਕ ਆਪਣੀ ਜ਼ਮੀਨ ਛੱਡਣ ਲਈ ਮਜਬੂਰ ਹੋਏ ਸਨ। ਅਮਰੀਕੀ ਰਾਸ਼ਟਰਪਤੀ ਬਿਡੇਨ ਸਮੇਤ ਨਾਟੋ ਦੇ ਨੇਤਾ ਲਿਥੁਆਨੀਆ ਵਿੱਚ ਇੱਕ ਮੀਟਿੰਗ ਲਈ ਇਕੱਠੇ ਹੋ ਰਹੇ ਹਨ, ਅਜਿਹਾ ਮੰਨਿਆ ਜਾ ਰਿਹਾ ਹੈ ਕਿ ਇਸ ਵਿੱਚ ਸਭ ਤੋਂ ਅੱਗੇ ਯੂਕਰੇਨ ਦਾ ਮੁੱਦਾ ਹੋਵੇਗਾ। ਯੂਕਰੇਨ ਯੁੱਧ ਨੇ ਦਿਖਾ ਦਿਤਾ ਹੈ ਕਿ ਨਾਟੋ ਦਾ ਮਜ਼ਬੂਤ ਰਹਿਣਾ ਕਿੰਨਾ ਜ਼ਰੂਰੀ ਹੈ। ਪਰ ਲੰਬੇ ਸਮੇਂ ਤੋਂ, ਇਹ ਪੁਤਿਨ ਨਹੀਂ ਬਲਕਿ ਚੀਨ ਨੂੰ ਨਾਟੋ ਦੇ ਸਾਹਮਣੇ ਸਭ ਤੋਂ ਵੱਡਾ ਦੁਸ਼ਮਣ ਮੰਨਿਆ ਜਾ ਰਿਹਾ ਹੈ, ਜੋ ਯੂਰਪ ਦੇ ਤਟਾਂ ਦੇ ਨੇੜੇ ਪਹੁੰਚ ਗਿਆ ਹੈ।

**ਚੀਨ ਦੇ ਨੇੜੇ ਆ ਜਾਵੇਗਾ ਨਾਟੋ**

ਨਾਟੋ ਦੇ ਕੁਝ ਮੈਂਬਰ ਚੀਨ ਨੂੰ ਖ਼ਤਰੇ ਵਜੋਂ ਦੇਖਦੇ ਹਨ। ਇਸ ਕਾਰਨ ਉਹ ਏਸ਼ੀਆ-ਪ੍ਰਸ਼ਾਂਤ ਖੇਤਰ ਦੇ ਦੇਸ਼ਾਂ ਨੂੰ ਆਪਣੇ ਨਾਲ ਲਿਆਉਣ ਦੀ ਕੋਸ਼ਿਸ਼ ਕਰ ਰਹੇ ਹਨ। ਨਾਟੋ ਚੀਨ ਦੇ ਨੇੜੇ ਫੌਜੀ ਅਭਿਆਸਾਂ ਲਈ ਵੀ ਉਤਸੁਕ ਹੈ। ਪਰ ਨਾਟੋ ਨੂੰ ਇਸ ਉਦੇਸ਼ ਲਈ ਫਿੱਟ ਰੱਖਣਾ ਕੋਈ ਆਸਾਨ ਕੰਮ ਨਹੀਂ ਹੈ। ਕੁਝ ਮੈਂਬਰ ਇਸ ਨੂੰ ਯੂਰਪ ਤੋਂ ਬਾਹਰ ਨਹੀਂ ਲਿਜਾਣਾ ਚਾਹੁੰਦੇ। ਹਾਲਾਂਕਿ, ਮਾਹਿਰਾਂ ਦਾ ਮੰਨਣਾ ਹੈ ਕਿ

(ਬਾਕੀ ਸਫ਼ਾ 31 ’ਤੇ)

# ਚੀਨ ਚੰਦਰਮਾ ’ਤੇ ਬਣਾਏਗਾ ਖ਼ੋਜ ਕੇਂਦਰ



ਬੀਜਿੰਗ/ਏ.ਟੀ.ਨਿਊਜ਼ ਚੀਨ 2030 ਤੱਕ ਚੰਦਰਮਾ ’ਤੇ ਮਨੁੱਖੀ ਮਿਸ਼ਨ ਭੇਜਣ ਦੇ ਨਾਲ-ਨਾਲ ਉੱਥੇ ਖੋਜ ਅਤੇ ਪ੍ਰਯੋਗਾਤਮਕ ਸਟੇਸ਼ਨ ਬਣਾਉਣ ਦੀਆਂ ਸੰਭਾਵਨਾਵਾਂ ’ਤੇ ਵੀ ਕੰਮ ਕਰੇਗਾ। ਚੀਨ ਦੇ ਮਨੁੱਖੀ ਪੁਲਾੜ ਉਡਾਣ ਪ੍ਰੋਗਰਾਮ ਦੇ ਡਿਪਟੀ ਡਿਜ਼ਾਈਨਰ ਝਾਂਗ ਹੇਲੀਅਨ ਨੇ ਕਿਹਾ ਕਿ ਚੀਨ ਦੇ ਰਾਸ਼ਟਰੀ ਪੁਲਾੜ ਪ੍ਰਸ਼ਾਸਨ ਨੇ 2030 ਤੱਕ ਚੰਦਰਮਾ ’ਤੇ ਮਨੁੱਖ ਨੂੰ ਉਤਾਰਨ ਦੀ ਆਪਣੀ ਯੋਜਨਾ ਦਾ ਐਲਾਨ ਕੀਤਾ।

ਚੀਨ ਦੇ ਅਖ਼ਬਾਰ ਪੀਪਲਜ਼ ਡੇਲੀ ਨੇ ਝਾਂਗ ਦੇ ਹਵਾਲੇ ਨਾਲ ਕਿਹਾ ਕਿ ਸਾਡਾ ਦੇਸ਼ 2030 ਤੱਕ ਵਿਗਿਆਨਕ ਖੋਜ ਲਈ ਚੰਦਰਮਾ ’ਤੇ ਮਨੁੱਖ ਨੂੰ ਉਤਾਰਨ ਦੀ ਯੋਜਨਾ ਬਣਾ ਰਿਹਾ ਹੈ, ਜਿਸ ਤੋਂ ਬਾਅਦ ਅਸੀਂ ਚੰਦਰਮਾ ਖੋਜ ਅਤੇ ਪ੍ਰਯੋਗਾਤਮਕ ਸਟੇਸ਼ਨ ਬਣਾਉਣ ’ਤੇ ਧਿਆਨ ਕੇਂਦਰਿਤ ਕਰਾਂਗੇ, ਨਾਲ ਹੀ ਧਰਤੀ ਦੇ ਇਸ ਕੁਦਰਤੀ ਉਪਗ੍ਰਹਿ ਅਤੇ ਸਬੰਧਤ ਤਕਨੀਕੀ ਟੈਸਟਾਂ ਦੀ ਯੋਜਨਾਬੱਧ ਅਤੇ ਨਿਰੰਤਰ ਖੋਜ ਕਰਾਂਗੇ। ਚੀਨੀ ਇੰਜੀਨੀਅਰ ਨੇ ਕਿਹਾ ਕਿ ਚੀਨੀ ਖੋਜੀ ਇਸ ਮਿਸ਼ਨ ਲਈ ਨਵੇਂ ਉਪਕਰਨ ਵਿਕਸਤ ਕਰ ਰਹੇ ਹਨ, ਜਿਸ ਵਿੱਚ ਲਾਂਗ ਮਾਰਚ 10 ਕੈਰੀਅਰ ਰਾਕੇਟ, ਮਨੁੱਖ ਯੁਕਤ ਪੁਲਾੜ ਯਾਨ, ਚੰਦਰ ਲੈਂਡਰ ਅਤੇ ਮਾਨਵ ਚੰਦਰ ਰੋਵਰ ਸ਼ਾਮਲ ਹਨ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

# ਸੰਪਾਦਕੀ

12 ਜੁਲਾਈ ਤੋਂ 18 ਜੁਲਾਈ, 2023

## ਕੁਦਰਤੀ ਆਫਤ

ਪੂਰਬੀ ਪੰਜਾਬ ਦੇ ਲਗਭਗ ਸਾਰੇ ਇਲਾਕੇ ਵਿੱਚ ਪਿਛਲੇ ਦਿਨਾ ਤੋਂ ਭਾਰੀ ਮੀਂਹ ਜਾਰੀ ਹੈ ਜਿਸ ਨਾਲ ਪੰਜਾਬ ਭਰ ਵਿੱਚ ਹੜ੍ਹਾਂ ਵਰਗੇ ਹਲਾਤ ਪੈਦਾ ਹੋ ਗਏ ਹਨ। ਪਹਾੜੀ ਇਲਾਕਿਆਂ 'ਚ ਪਏ ਭਾਰੀ ਮੀਂਹ ਨੇ ਹਲਾਤ ਹੋਰ ਗੰਭੀਰ ਬਣਾ ਦਿੱਤੇ ਹਨ। ਪੂਰਬੀ ਪੰਜਾਬ ਦੇ ਦੋਵੇਂ ਮੁੱਖ ਦਰਿਆ ਸਤਲੁਜ ਅਤੇ ਬਿਆਸ ਆਪਣੀ ਪੂਰੀ ਸਮਰੱਥਾ ਨਾਲ਼ ਵਗ ਰਹੇ ਹਨ ਅਤੇ ਦਰਿਆਵਾਂ ਨਾਲ਼ ਲੱਗਦੇ ਕਈ ਨੀਵੇਂ ਥਾਂਵਾਂ 'ਤੇ ਪਾਣੀ ਭਰ ਗਿਆ ਹੈ। ਕਈ ਥਾਂਵਾਂ 'ਤੇ ਬੰਨ੍ਹ ਟੁੱਟ ਗਏ ਹਨ, ਪਿੰਡਾਂ- ਸ਼ਹਿਰਾਂ ਵਿੱਚ ਪਾਣੀ ਵੜ ਗਿਆ ਹੈ, ਸੜਕਾਂ ਟੁੱਟ ਗਈਆਂ ਹਨ, ਕਈ ਥਾਂ ਇਮਾਰਤਾਂ ਵੀ ਡਿੱਗੀਆਂ ਹਨ, ਘਰਾਂ ਵਿੱਚ ਪਾਣੀ ਦਾਖਲ ਹੋ ਗਿਆ ਹੈ। ਬਚਾਅ ਲਈ ਲੋਕਾਂ ਨੂੰ ਉਥੋਂ ਕੱਢ ਕੇ ਬਾਹਰ ਕਿਸੇ ਸੁਰੱਖਿਅਤ ਥਾਂ 'ਤੇ ਲਿਜਾਇਆ ਜਾ ਰਿਹਾ ਹੈ। ਕਈ ਪਿੰਡਾਂ ਨੂੰ ਖਾਲੀ ਕਰਨ ਲਈ ਕਹਿ ਦਿੱਤਾ ਗਿਆ ਹੈ।

ਪੰਜਾਬ 'ਚ ਪਿਛਲੇ ਦਿਨਾ ਤੋਂ ਪੈ ਰਹੇ ਮੀਂਹ ਕਾਰਨ ਹਾਲਾਤ ਲਗਾਤਾਰ ਵਿਗੜਦੇ ਜਾ ਰਹੇ ਹਨ। ਤੇਜ਼ ਮੀਂਹ ਅਤੇ ਪਾਣੀ ਦੇ ਵਹਾਅ ਨੇ ਹੁਣ ਤੱਕ ਕਈ ਜਾਨਾਂ ਲੈ ਲਈਆਂ ਹਨ ਅਤੇ ਦਰਜਨਾਂ ਪਸ਼ੂ ਵੀ ਲਪੇਟ ਵਿੱਚ ਆ ਗਏ ਹਨ। ਘੱਗਰ ਅਤੇ ਸਤਲੁਜ ਦਰਿਆਵਾਂ ਤੋਂ ਇਲਾਵਾ ਸਰਹਿੰਦ ਨਹਿਰ 'ਚ ਪਾਣੀ ਦਾ ਪੱਧਰ ਇਕਦਮ ਵਧਣ ਕਾਰਨ ਕਈ ਜ਼ਿਲ੍ਹਿਆਂ ਵਿੱਚ ਹਾਲਾਤ ਬੇਕਾਬੂ ਹੋ ਗਏ ਹਨ। ਰੋਪੜ, ਪਟਿਆਲਾ, ਫ਼ਤਿਹਗੜ੍ਹ ਸਾਹਿਬ ਅਤੇ ਮੁਹਾਲੀ ਜ਼ਿਲ੍ਹਿਆਂ ਦਾ ਵੱਡਾ ਹਿੱਸਾ ਪਾਣੀ ਵਿੱਚ ਡੁੱਬ ਗਿਆ ਹੈ। ਮੌਸਮ ਵਿਭਾਗ ਨੇ ਪਟਿਆਲਾ, ਰੋਪੜ, ਮੋਹਾਲੀ ਅਤੇ ਫ਼ਤਿਹਗੜ੍ਹ ਸਾਹਿਬ ਜ਼ਿਲ੍ਹਿਆਂ ਲਈ ਰੈੱਡ ਅਲਰਟ ਜਾਰੀ ਕੀਤਾ ਹੈ। ਮੌਸਮ ਵਿਗਿਆਨੀਆਂ ਨੇ 13 ਅਤੇ 14 ਜੁਲਾਈ ਨੂੰ ਮੁੜ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ ਅਤੇ ਖ਼ਾਸ ਕਰ ਕੇ ਇਸ ਦੀ ਮਾਰ ਹੇਠ ਪੂਰਬੀ ਮਾਲਵਾ ਆ ਸਕਦਾ ਹੈ। ਘੱਗਰ ਨੇ ਪਟਿਆਲਾ ਤੋਂ ਬਾਅਦ ਸੰਗਰੂਰ ਜ਼ਿਲ੍ਹੇ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ। ਸਰਹਿੰਦ ਨਹਿਰ ਵਿੱਚ 13 ਹਜ਼ਾਰ ਕਿਊਸਿਕ ਦੀ ਸਮਰੱਥਾ ਦੇ ਮੁਕਾਬਲੇ 23 ਹਜ਼ਾਰ ਕਿਊਸਿਕ ਪਾਣੀ ਚੱਲ ਰਿਹਾ ਹੈ। ਰੋਪੜ, ਮੋਹਾਲੀ, ਪਟਿਆਲਾ, ਸੰਗਰੂਰ, ਮੋਗਾ ਅਤੇ ਲੁਧਿਆਣਾ ਵਿੱਚ ਸਭ ਤੋਂ ਵੱਧ ਫ਼ਸਲਾਂ ਦਾ ਨੁਕਸਾਨ ਹੋਇਆ ਹੈ।

ਸਤਲੁਜ ਦਰਿਆ ਦੇ ਕਿਨਾਰੇ ਬਣੇ ਧੁੱਸੀ ਬੰਨ੍ਹ ਵਿੱਚ ਵੀ ਪਾੜ ਪੈ ਗਿਆ ਹੈ। ਇਸੇ ਤਰ੍ਹਾਂ ਨਰਵਾਣਾ ਬਰਾਂਚ, ਸਿਸਵਾਂ ਅਤੇ ਮੋਹਾਲੀ ਨੇੜੇ ਟਿਵਾਣਾ 'ਚ ਵੀ ਪਾੜ ਪੈ ਗਿਆ ਹੈ। ਹੁਸ਼ਿਆਰਪੁਰ ਦੇ ਪਿੰਡ ਮੈਲੀ ਕੋਲ ਡੈਮ ਦੇ ਓਵਰਫ਼ਲੋਅ ਹੋਣ ਕਾਰਨ ਦੋ ਦਰਜਨ ਪਿੰਡਾਂ 'ਚ ਅਲਰਟ ਜਾਰੀ ਕੀਤਾ ਗਿਆ ਹੈ। ਸਿੰਜਾਈ ਮਹਿਕਮੇ ਅਨੁਸਾਰ ਭਾਖੜਾ ਡੈਮ ਵਿੱਚ ਪਾਣੀ ਦਾ ਪੱਧਰ 1614.89 ਫੁੱਟ ਹੈ ਜਦੋਂ ਕਿ ਸਮਰੱਥਾ 1680 ਫੁੱਟ ਹੈ। ਇਸੇ ਤਰ੍ਹਾਂ ਪੌਂਗ ਡੈਮ ਵਿੱਚ 1390 ਦੇ ਮੁਕਾਬਲੇ ਪਾਣੀ ਦਾ ਪੱਧਰ 1350.63 ਫੁੱਟ ਹੈ। ਰਣਜੀਤ ਸਾਗਰ ਡੈਮ ਵਿੱਚ ਪਾਣੀ ਦਾ ਪੱਧਰ 1706.26 ਫੁੱਟ 'ਤੇ ਪਹੁੰਚ ਗਿਆ ਹੈ ਜਦੋਂ ਕਿ ਸਮਰੱਥਾ 1731.99 ਫੁੱਟ ਹੈ। ਉੱਤਰੀ ਭਾਰਤ ਦੇ ਚਾਰ ਸੂਬਿਆਂ 'ਚ ਮੋਹਲੇਧਾਰ ਮੀਂਹ ਅਤੇ ਹੜ੍ਹਾਂ ਨਾਲ ਸਿੱਝਣ ਲਈ ਐੱਨਡੀਆਰਐੱਫ ਦੀਆਂ 39 ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ।

ਇਹਨਾਂ ਹਲਾਤਾਂ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ ਨੇ ਦਾਅਵਾ ਕੀਤਾ ਕਿ ਸੰਭਾਵੀ ਹੜ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਪੰਜਾਬ ਸਰਕਾਰ ਪੂਰੀ ਤਰ੍ਹਾਂ ਸਮਰੱਥ ਹੈ। ਇਸ ਸਬੰਧੀ ਪੰਜਾਬ ਭਰ ਵਿੱਚ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਹੜ੍ਹ ਕੰਟਰੋਲ ਰੂਮ ਸਥਾਪਤ ਕੀਤੇ ਗਏ ਹਨ ਜਿਨ੍ਹਾਂ 'ਤੇ 24 ਘੰਟੇ ਕਰਮਚਾਰੀ ਤਾਇਨਾਤ ਰਹਿਣਗੇ। ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕੇਂਦਰ ਸਰਕਾਰ ਨੂੰ ਕਿਹਾ ਹੈ ਕਿ ਮੋਹਲੇਧਾਰ ਮੀਂਹ ਤੋਂ ਪ੍ਰਭਾਵਿਤ ਸੂਬਿਆਂ ਨੂੰ ਪੀਐੱਮ ਕੇਅਰਜ਼ ਫੰਡ 'ਚੋਂ ਵਾਧੂ ਰਾਹਤ ਉਪਲਬਧ ਕਰਵਾਈ ਜਾਵੇ। ਪੰਜਾਬ ਸਰਕਾਰ ਨੇ ਹੜ੍ਹਾਂ ਦੇ ਮੱਦੇ-ਨਜ਼ਰ ਸੂਬੇ ਦੇ ਸਾਰੇ ਸਰਕਾਰੀ, ਏਡਿਡ ਅਤੇ ਪ੍ਰਾਈਵੇਟ ਸਕੂਲਾਂ ਵਿੱਚ 13 ਜੁਲਾਈ ਤੱਕ ਛੁੱਟੀਆਂ ਐਲਾਨ ਦਿੱਤੀਆਂ ਹਨ। ਸੂਬਾ ਸਰਕਾਰ ਨੇ ਆਂਗਨਵਾੜੀ ਸੈਂਟਰ ਵੀ 13 ਜੁਲਾਈ ਤੱਕ ਬੰਦ ਰੱਖਣ ਦਾ ਫ਼ੈਸਲਾ ਕੀਤਾ ਹੈ। ਮੋਹਲੇਧਾਰ ਮੀਂਹ ਕਾਰਨ ਕਰੀਬ ਡੇਢ ਦਰਜਨ ਰੇਲਗੱਡੀਆਂ ਨੂੰ ਰੱਦ ਕੀਤਾ ਗਿਆ ਹੈ ਜਦੋਂ ਕਿ ਅੱਧੀ ਦਰਜਨ ਦੇ ਰੂਟ ਤਬਦੀਲ ਕੀਤੇ ਗਏ ਹਨ।

ਇਨ੍ਹਾਂ ਹਾਲਾਤਾਂ ਲਈ ਜਿੱਥੇ ਭਾਰੀ ਮੀਂਹ ਜਿੰਮੇਵਾਰ ਹੈ, ਉਸ ਦੇ ਨਾਲ਼ ਡੈਮਾਂ ਅਤੇ ਦਰਿਆਵਾਂ ਦਾ ਮਾੜਾ ਪ੍ਰਬੰਧ ਵੀ ਬਰਾਬਰ ਦਾ ਜਿੰਮੇਵਾਰ ਹੈ। ਸਤਲੁਜ ਦਰਿਆ ਤੇ ਬਣਿਆਂ ਭਾਖੜਾ-ਨੰਗਲ ਡੈਮ ਅਤੇ ਬਿਆਸ ਦਰਿਆ ਤੇ ਬਣਿਆਂ ਪੌਂਗ ਡੈਮ ਸਮਰੱਥਾ ਵਜੋਂ ਬਹੁਤ ਵੱਡੇ ਹਨ। ਸਾਲ ਭਰ ਭਾਖੜਾ ਡੈਮ ਅਤੇ ਪੌਂਗ ਡੈਮ ਤੋਂ ਸਿਰਫ਼ ਇੰਨਾਂ ਕੁ ਪਾਣੀ ਹੀ ਛੱਡਿਆ ਜਾਂਦਾ ਜੋ ਪੰਜਾਬ, ਹਰਿਆਣਾ, ਦਿੱਲੀ ਅਤੇ ਰਾਜਸਥਾਨ ਦੀ ਨਹਿਰੀ ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਜਰੂਰੀ ਹੈ। ਸਤਲੁਜ ਦਰਿਆ ਰੋਪੜ ਤੋਂ ਅੱਗੇ ਸਾਰਾ ਸਾਲ ਸੁੱਕਾ ਰਹਿੰਦਾ ਹੈ ਜਾਂ ਇਸ ਵਿੱਚ ਬੁੱਢੇ ਦਰਿਆ ਦਾ ਗੰਦਾ ਪਾਣੀ ਹੀ ਵਗਦਾ ਹੈ। ਬਿਆਸ ਦਰਿਆ ਵੀ ਇਸ ਕਰਕੇ ਵਗਦਾ ਹੈ ਕਿਉਂਕਿ ਸਰਹੰਦ ਫੀਡਰ ਅਤੇ ਰਾਜਸਥਾਨ ਫੀਡਰ ਨਹਿਰਾਂ ਹਰੀਕੇ ਤੋਂ ਕੱਢੀਆਂ ਗਈਆਂ ਹਨ।

ਕਿਸੇ ਵੀ ਦਰਿਆ ਨੂੰ ਜਿਉਂਦਾ ਰੱਖਣ ਲਈ ਉਸ ਦੀ ਸਮਰੱਥਾ ਦਾ 25% ਪਾਣੀ ਸਾਰਾ ਸਾਲ ਵਗਣਾ ਲਾਜ਼ਮੀ ਹੁੰਦਾ ਹੈ ਤਾਂ ਹੀ ਉਸ ਦੇ ਜਲ -ਜੀਵਨ ਅਤੇ ਆਸੇ-ਪਾਸੇ ਦੇ ਜੀਵਨ ਨੂੰ ਬਣਾਈਂ ਰੱਖਿਆ ਜਾ ਸਕਦਾ ਹੈ। ਪਰ ਸਤਲੁਜ ਦਰਿਆ ਵਰਗੇ ਵੱਡੇ ਦਰਿਆ ਦੇ ਸਾਰਾ ਸਾਲ ਸੁੱਕਾ ਰਹਿਣ ਕਾਰਨ ਇਸ ਦਾ ਜਲ-ਜੀਵਨ ਪੂਰੀ ਤਾਂ ਤਬਾਹ ਹੋ ਚੁੱਕਾ ਹੈ। ਡੈਮਾਂ ਵਿੱਚ ਪਾਣੀ ਪਹਿਲਾਂ ਤੋਂ ਜਮਾਂ ਹੋਣ ਕਾਰਨ ਮੀਂਹ ਦੇ ਮੌਸਮ ਇੱਕ ਭਾਰੀ ਬਾਰਸ਼ ਹੜ੍ਹ ਵਰਗੇ ਹਲਾਤ ਬਣਾ ਦਿੰਦੀ ਹੈ। ਜਿਸ ਦਾ ਸਾਰੇ ਦਾ ਸਾਰਾ ਨੁਕਸਾਨ ਪੰਜਾਬ ਦੇ ਕਿਸਾਨਾਂ ਨੂੰ ਹੁੰਦਾ ਹੈ।

ਜੇਕਰ ਸਾਰਾ ਸਾਲ ਦਰਿਆਵਾਂ ਵਿੱਚ ਪਾਣੀ ਵਗਦਾ ਰਹੇ ਤਾਂ ਜਿੱਥੇ ਆਸ ਪਾਸ ਦੇ ਇਲਾਕਿਆਂ ਵਿੱਚ ਪਾਣੀ ਦਾ ਪੱਧਰ ਅਤੇ ਦਰਿਆਵਾਂ ਤੇ ਨਿਰਭਰ ਹੋਰ ਜੀਵਨ ਬਣਿਆਂ ਰਹਿ ਸਕਦਾ ਹੈ, ਉੱਥੇ ਇੱਕਾ-ਦੁੱਕਾ ਭਾਰੀ ਮੀਹਾਂ ਦਾ ਪਾਣੀ ਡੈਮਾਂ ਵਿੱਚ ਰੋਕ ਕੇ ਹੜ੍ਹਾਂ ਦਾ ਬਚਾਅ ਕਾਫ਼ੀ ਹੱਦ ਤੱਕ ਕੀਤਾ ਜਾ ਸਕਦਾ ਹੈ। ਹੜ੍ਹਾਂ ਦੇ ਹਾਲਾਤਾਂ ਤੋਂ ਬਚਣ ਲਈ ਘੱਟੋ ਘੱਟ ਇਹ ਜ਼ਰੂਰ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਮਾਨਸੂਨ ਤੋਂ ਪਹਿਲਾਂ ਡੈਮਾਂ ਨੂੰ ਭਾਰੀ ਮੀਂਹ ਦੇ ਪਾਣੀ ਨੂੰ ਇਕੱਠਾ ਕਰਨ ਲਈ ਤਿਆਰ ਕੀਤਾ ਜਾਵੇ ਤਾਂ ਜੋ ਅਸੀਂ ਕੁਦਰਤ ਨੂੰ ਗੈਰ ਕੁਦਰਤੀ ਤਰੀਕੇ ਨਾਲ ਕਾਬੂ ਕਰਨ ਵੱਲ ਤੁਰ ਪਏ ਹਾਂ, ਉਸ ਵਿੱਚ ਘੱਟ ਤੋਂ ਘੱਟ ਨੁਕਸਾਨ ਹੋਵੇ।

**-ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਕਿਸਾਨੀ ਨੂੰ ਸੰਕਟ 'ਚੋਂ ਬਾਹਰ ਕੱਢਣ ਲਈ ਆਪਣੇ ਪ੍ਰਮੁੱਖ ਏਜੰਡੇ ਵਿੱਚ ਸ਼ਾਮਿਲ ਕਰੇ ਕੇਂਦਰ ਸਰਕਾਰ

**ਕੰਵਲਪ੍ਰੀਤ ਸਿੰਘ**



ਕਿਸਾਨੀ ਕਰਜ਼ਾ ਅਤੇ ਖ਼ੁਦਕੁਸ਼ੀਆਂ ਸਿਰਫ ਪੰਜਾਬ ਦੇ ਕਿਸਾਨਾਂ ਦਾ ਮਸਲਾ ਨਹੀਂ ਹੈ ਸਗੋਂ ਦੇਸ਼ ਦੀ ਕਿਸਾਨੀ ਦਾ ਮੁੱਦਾ ਹੈ। ਕਿਸਾਨੀ ਨੂੰ ਕਰਜ਼ੇ ਅਤੇ ਖ਼ੁਦਕੁਸ਼ੀਆਂ ਤੋਂ ਮੁਕਤੀ ਕਿਸੇ ਵੀ ਰਾਜਨੀਤਿਕ ਪਾਰਟੀ ਦੇ ਏਜੰਡੇ ਉੱਪਰ ਨਹੀਂ ਹੈ। ਇਸਦਾ ਹੱਲ ਕੇਂਦਰ ਸਰਕਾਰ ਪਾਸ ਹੈ। ਵੱਖ-ਵੱਖ ਸਰਕਾਰਾਂ ਦੀਆਂ ਖੇਤੀ ਵਿਰੋਧੀ ਨੀਤੀਆਂ ਕਾਰਨ ਕਿਸਾਨ ਕਰਜ਼ੇ ਦੀ ਕੁੜਿੱਕੀ ਵਿੱਚ ਫਸਿਆ ਹੋਇਆ ਹੈ। ਜਦੋਂ ਸਾਰੇ ਹੀਲੇ-ਵਸੀਲੇ ਜੋੜ ਕੇ ਵੀ ਇਸ ਕੁੜਿੱਕੀ ਵਿਚੋਂ ਨਿਕਲਣ ਦੇ ਯਤਨ ਅਸਫਲ ਹੋ ਜਾਂਦੇ ਹਨ , ਉਸ ਵਕਤ ਕਿਸਾਨ ਨਿਰਾਸ਼ ਅਤੇ ਹਤਾਸ਼ ਹੋਇਆ ਖ਼ੁਦਕੁਸ਼ੀ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ। ਕੇਂਦਰ ਵਿੱਚ ਵਿਕਾਸ ਦੇ ਨਾਂਅ 'ਤੇ ਕਈ ਸਰਕਾਰਾਂ ਆਈਆਂ ਕਈ ਗਈਆਂ ਪਰ ਕਿਸਾਨਾਂ ਸਿਰ ਕਰਜ਼ੇ ਦਾ ਭਾਰ ਵੱਧਦਾ ਗਿਆ। ਕਰਜ਼ਈ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿੱਚ ਵਾਧਾ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਮਿੱਟੀ ਨਾਲ ਮਿੱਟੀ ਹੋਣ ਵਾਲਾ ਕਿਸਾਨ ਆਪਣਾ ਸਾਰਾ ਕੁਝ ਦਾਅ ਉੱਪਰ ਲਗਾ ਕੇ ਜ਼ਮੀਨ ਵਿਚੋਂ ਜ਼ਿੰਦਗੀ ਨੂੰ ਧੜਕਦੀ ਰੱਖਣ ਵਾਲੀਆਂ ਫ਼ਸਲਾਂ ਪੈਦਾ ਕਰਦਾ ਹੈ। ਮਨੁੱਖਤਾ ਦੇ ਵਿਕਾਸ ਦਾ ਸਾਰਾ ਦਾਰੋਮਦਾਰ ਕਿਸਾਨੀ ਉੱਪਰ ਨਿਰਭਰ ਕਰਦਾ ਹੈ। ਜੇਕਰ ਕੁਦਰਤ ਦੀ ਕਰੋਪੀ ਵੱਸ ਹੜ੍ਹ ਜਾਂ ਸੋਕੇ ਕਾਰਨ ਕਿਸਾਨਾਂ ਦੀਆਂ ਫ਼ਸਲਾਂ ਨਸ਼ਟ ਹੁੰਦੀਆਂ ਹਨ ਤਾਂ ਸਾਰੇ ਦੇਸ਼ ਦਾ ਅਰਥਚਾਰਾ ਡਗਮਗਾ ਜਾਂਦਾ ਹੈ। ਕੋਰੋਨਾ ਕਾਲ ਵਿੱਚ ਵੀ ਸਿਰਫ਼ ਖੇਤੀ ਖੇਤਰ ਸੀ ਜਿਸਨੇ ਦੇਸ਼ ਦੇ ਅਰਥਚਾਰੇ ਨੂੰ ਥੰਮੀ ਰੱਖਿਆ। 1970 ਤੋਂ ਪਹਿਲਾਂ ਦੇਸ਼ ਅਨਾਜ ਦੇ ਖੇਤਰ ਵਿਚ ਵਿਦੇਸ਼ਾਂ ਉੱਪਰ ਨਿਰਭਰ ਸੀ। ਜਿਨ੍ਹਾਂ ਦੇਸ਼ਾਂ ਤੋਂ ਅਨਾਜ ਲਿਆ ਜਾਂਦਾ ਸੀ ਉਹ ਭਾਰਤ ਦੀ ਉਨ੍ਹਾਂ ਦੇਸ਼ਾਂ 'ਤੇ ਨਿਰਭਰਤਾ ਦਾ ਫਾਇਦਾ ਚੁੱਕ ਕੇ ਆਪਣੇ ਹਿੱਤ ਦੀਆਂ ਬੇਲੋੜੀਆਂ ਸ਼ਰਤਾਂ ਲਗਾ ਕੇ ਅਨਾਜ ਅਤੇ ਹੋਰ ਜ਼ਰੂਰੀ ਵਸਤਾਂ ਸਾਡੇ ਦੇਸ਼ ਨੂੰ ਦਿੰਦੇ ਸੀ। ਜਿੰਨਾ ਅਨਾਜ ਅਸੀਂ ਵਿਦੇਸ਼ਾਂ 'ਚੋਂ ਮੰਗਵਾਉਂਦੇ ਸੀ, ਉਸ ਨਾਲ ਸਾਡੇ ਦੇਸ਼ ਦੇ ਲੋਕਾਂ ਦਾ ਪੇਟ ਨਹੀਂ ਸੀ ਭਰਦਾ। ਸ਼ਾਹੂਕਾਰ ਕਾਲਾ ਬਾਜ਼ਾਰੀ ਕਰਦੇ ਸੀ। ਅਨਾਜ ਦੀ ਬਲੈਕ ਚੱਲਦੀ ਸੀ, ਗ਼ਰੀਬ ਲੋਕ ਭੁੱਖਮਰੀ ਦਾ ਸ਼ਿਕਾਰ ਸਨ। ਇਸ ਅਨਾਜ ਲਈ ਦੇਸ਼ ਨੂੰ ਵਿਦੇਸ਼ੀ ਕਰੰਸੀ ਖਰਚਣੀ ਪੈਂਦੀ ਸੀ। ਕੇਂਦਰ ਸਰਕਾਰ ਨੇ ਇਸ ਵੱਡੇ ਸੰਕਟ ਵਿਚੋਂ ਦੇਸ਼ ਨੂੰ ਬਾਹਰ ਕੱਢਣ ਲਈ ਪੰਜਾਬ, ਹਰਿਆਣਾ ਅਤੇ ਪੱਛਮੀ ਯੂ.ਪੀ. ਨੂੰ ਚੁਣਿਆ। ਪੰਜਾਬ ਵਿਚਲੀ ਜ਼ਮੀਨ ਜ਼ਰਖੇਜ ਸੀ, ਸਿੰਚਾਈ ਲਈ ਪਾਣੀ ਹਾਸਿਲ ਵੀ ਸੀ। ਪੰਜਾਬ ਦਾ ਕਿਸਾਨ ਜੈਵਿਕ ਅਤੇ ਵਿਭਿੰਨਤਾ ਵਾਲੀ ਖੇਤੀ ਕਰਦਾ ਸੀ। ਹਰ ਕਿਸਾਨ ਪਰਿਵਾਰ ਆਪਣੇ ਗੁਜ਼ਾਰੇ ਵਾਲੀਆਂ ਵਸਤਾਂ ਆਪਣੀ ਜ਼ਮੀਨ ਵਿਚੋਂ ਹੀ ਪੈਦਾ ਕਰਦਾ ਸੀ। ਕਿਸਾਨ ਦੀ ਮੰਡੀ ਉੱਤੇ ਨਿਰਭਰਤਾ ਬਹੁਟ ਘੱਟ ਸੀ। ਕੇਂਦਰ ਦਾ ਪੰਜਾਬ ਦੇ ਕਿਸਾਨਾਂ ਸਾਮ੍ਹਣੇ ਸਵਾਲ ਸੀ ਕਿ ਦੇਸ਼ ਨੂੰ ਅਨਾਜ ਦੇ ਖੇਤਰ ਵਿੱਚ ਨਿਰਭਰ ਕਿਵੇਂ ਕੀਤਾ ਜਾਵੇ? ਦੇਸ਼ ਨੂੰ ਭੁੱਖਮਰੀ ਦੀ ਬਿਮਾਰੀ ਤੋਂ ਨਿਜਾਤ ਕਿਵੇਂ ਦਿਵਾਈ ਜਾਵੇ? ਦੇਸ਼ ਦੀ ਕੁੱਲ ਵਾਹੀਯੋਗ ਜ਼ਮੀਨ ਦਾ ਪੰਜਾਬ ਕੋਲ ਹਿੱਸਾ ਸਿਰਫ 1.54 ਫ਼ੀਸਦੀ ਹੀ ਹੈ। ਪੰਜਾਬ ਪਾਸ ਕੁੱਲ 42.90 ਲੱਖ ਹੈਕਟੇਅਰ ਖੇਤੀ ਅਧੀਨ ਰਕਬਾ ਹੈ। ਇੰਨੀ ਘੱਟ ਵਾਹੀਯੋਗ ਜ਼ਮੀਨ ਦੇ ਮਾਲਕ ਕਿਸਾਨਾਂ ਨੇ ਖੇਤੀ ਖੇਤਰ ਵਿੱਚ ਵੱਡਾ ਇਨਕਲਾਬ ਕਰ ਦਿੱਤਾ। ਦੇਸ਼ ਦੇ ਅਨਾਜ ਭੰਡਾਰ ਵਿਚ 65 ਤੋਂ 70 ਫ਼ੀਸਦੀ ਦੇ ਲਗਭਗ ਹਿੱਸਾ ਪਾ ਕੇ ਪੈਦਾਵਾਰ ਪੱਖੋਂ ਦੇਸ਼ ਨੂੰ ਵਿਕਸਤ ਦੇਸ਼ਾਂ ਦੇ ਬਰਾਬਰ ਕਤਾਰ ਵਿਚ ਖੜ੍ਹਾ ਕਰ ਦਿੱਤਾ। ਦੇਸ਼ ਵਿੱਚ ਅਨਾਜ ਦੀ ਬਹੁਲਤਾ ਕਰ ਦਿੱਤੀ। ਕਿਸਾਨਾਂ ਦੀ ਮਿਹਨਤ ਨਾਲ ਦੇਸ਼ ਦੀ ਵਿਦੇਸ਼ੀ ਪੂੰਜੀ ਜੋ ਅਨਾਜ ਖਰੀਦਣ ਲਈ ਬਾਹਰ ਜਾਂਦੀ ਸੀ, ਉਸਦੀ ਵੀ ਬੱਚਤ ਹੋ ਗਈ। ਖੇਤੀ ਖੇਤਰ ਵਿਚ ਰੋਜ਼ਗਾਰ ਦੇ ਮੌਕੇ ਕਈ ਗੁਣਾ ਵੱਧ ਗਏ। ਕਣਕ, ਝੋਨੇ ਦੀ ਵੱਧ ਪੈਦਾਵਾਰ ਲਈ ਕਿਸਾਨਾਂ ਨੇ ਆਪਣੀ ਜ਼ਮੀਨ ਇਹਨਾਂ ਦੋਹਾਂ ਫ਼ਸਲਾਂ ਥੱਲ੍ਹੇ ਲੈ ਆਂਦੀ। ਵੱਧ ਪੈਦਾਵਾਰ ਲਈ ਨਵੇਂ ਬੀਜ, ਰਸਾਇਣਕ ਖਾਦਾਂ, ਕੀੜੇਮਾਰ, ਨਦੀਨ-ਨਾਸ਼ਕ ਦਵਾਈਆਂ ਨੇ ਖੇਤੀ ਅੰਦਰ ਪ੍ਰਵੇਸ਼ ਕਰ ਲਿਆ। ਦੋਵਾਂ ਫ਼ਸਲਾਂ ਦਾ ਸਮਰਥਨ ਮੁੱਲ ਮਿਲਣ ਅਤੇ ਸਰਕਾਰੀ ਖਰੀਦ ਦੀ ਗਾਰੰਟੀ ਵੀ ਹੋ ਗਈ। ਖੇਤੀ ਦਾ ਜੈਵਿਕ ਅਤੇ ਵਿਭਿੰਨਤਾ ਵਾਲਾ ਮਾਡਲ ਕਣਕ, ਝੋਨੇ ਦੇ ਫ਼ਸਲੀ ਚੱਕਰ ਦੀ ਭੇਟ ਚੜ੍ਹ ਗਿਆ। ਧਰਤੀ ਹੇਠਲਾ ਪਾਣੀ ਵੀ ਦਾਅ ਉੱਪਰ ਲੱਗ ਗਿਆ। ਦੇਸ਼ ਹਿੱਤ ਵਿਚ ਅਨਾਜ ਦੇ ਖੇਤਰ ਵਿਚ ਕੀਤੇ ਵੱਡੇ ਇਨਕਲਾਬ ਦਾ ਕਿਸਾਨਾਂ ਨੂੰ ਕੀ ਇਨਾਮ ਮਿਲਿਆ? ਕਿਸਾਨਾਂ ਸਿਰ ਕਰਜ਼ਾ ਵਧਿਆ ਅਤੇ ਕਰਜ਼ੇ ਕਾਰਨ ਖ਼ੁਦਕੁਸ਼ੀਆਂ। ਕਿਸਾਨ ਵੀ ਇਸ ਸਮਾਜ ਦਾ ਹਿੱਸਾ ਹਨ। ਉਸ ਦੀਆਂ ਵੀ ਘਰੇਲੂ ਲੋੜਾਂ ਹਨ। ਉਨ੍ਹਾਂ ਦੇ ਘਰਾਂ ਵਿੱਚ ਵੀ ਖ਼ੁਸ਼ੀ, ਗਮੀ ਆਉਂਦੀ ਰਹਿੰਦੀ ਹੈ। ਉਨ੍ਹਾਂ ਰਸਮਾਂ ਲਈ ਪੈਸੇ ਦੀ ਲੋੜ ਹੁੰਦੀ ਹੈ। ਹਰੇ ਇਨਕਲਾਬ ਦੇ ਮਾਡਲ ਨੇ ਦੇਸ਼ ਦੀ ਆਬਾਦੀ ਦੀ ਲੋੜ ਪੂਰੀ ਕਰ ਦਿੱਤੀ ਅਤੇ ਦੇਸ਼ ਦੇ ਹਾਕਮਾਂ ਦੇ ਹੱਥ ਵਿਚੋਂ ਅਨਾਜ ਮੰਗਣ ਵਾਲਾ ਠੂਠਾ ਛੁਡਵਾ ਦਿੱਤਾ। ਜਿੰਨ੍ਹਾਂ ਦੇਸ਼ਾਂ ਤੋਂ ਲੇਲੜੀਆਂ ਕੱਢ ਕੇ ਅਨਾਜ ਮੰਗਿਆ ਜਾਂਦਾ ਸੀ, ਪੰਜਾਬ ਦੇ ਕਿਸਾਨਾਂ ਨੇ ਦੇਸ਼ ਦੇ ਹਾਕਮਾਂ ਨੂੰ ਉਨ੍ਹਾਂ ਦੇਸ਼ਾਂ ਦੇ ਬਰਾਬਰ ਕੁਰਸੀ ਉੱਪਰ ਬਿਠਾ ਦਿੱਤਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਦੇਸ਼ ਲਈ ਇੰਨਾ ਕੁਝ ਕਰਨ ਵਾਲੇ ਕਿਸਾਨ ਸਿਰ ਕਰਜ਼ਾ ਚੜ੍ਹਨ ਅਤੇ ਖ਼ੁਦਕੁਸ਼ੀਆਂ ਲਈ ਜ਼ਿੰਮੇਵਾਰ ਕੌਣ ਹੈ? ਅਤੇ ਇਸਦਾ ਹੱਲ ਕੀ ਹੈ? ਇਸ ਵਰਤਾਰੇ ਲਈ ਜਿੰਨਾ ਚਿਰ ਜ਼ਿੰਮੇਵਾਰੀ ਤਹਿ ਨਹੀਂ ਕੀਤੀ ਜਾਂਦੀ, ਉਨਾਂ ਚਿਰ ਇਸ ਵਿਕਰਾਲ ਮਸਲੇ ਦਾ ਹੱਲ ਨਹੀਂ ਹੋ ਸਕਦਾ। ਕਿਸਾਨਾਂ ਨੇ ਖੇਤੀ ਖੇਤਰ ਵਿਚ ਜੋ ਵੀ ਕੀਤਾ ਉਹ ਕੇਂਦਰ ਅਤੇ ਪੰਜਾਬ ਸਰਕਾਰ ਦੇ ਦਿਸ਼ਾਂ ਨਿਰਦੇਸ਼ਾਂ ਉੱਪਰ ਕੀਤਾ। ਨਵੇਂ ਬੀਜ, ਖਾਦਾਂ ਅਤੇ ਦਵਾਈਆਂ ਵੀ ਸਰਕਾਰਾਂ ਦੀ ਹੀ ਦੇਣ ਹੈ। ਫ਼ਸਲਾਂ ਉੱਪਰ ਲਾਗਤ ਖਰਚੇ ਵੱਧਦੇ ਗਏ ਪਰ ਸਰਕਾਰਾਂ ਵੱਲੋਂ ਨਿਸਚਿਤ ਕੀਤੇ ਸਮਰਥਨ ਮੁੱਲਾਂ ਨੇ ਕਿਸਾਨਾਂ ਦੇ ਲਾਗਤ ਖਰਚੇ ਵੀ ਪੂਰੇ ਨਹੀਂ ਕੀਤੇ। ਮੁਨਾਫ਼ਾ ਤਾਂ ਉਨ੍ਹਾਂ ਨੂੰ ਕਿਸ ਨੇ ਦੇਣਾ ਸੀ। ਜਦੋਂ ਕੇਂਦਰ ਸਰਕਾਰ ਦੀ ਅੱਖ ਟੀਰੀ ਹੋ ਗਈ ਤਾਂ ਖੇਤੀ ਨੂੰ ਘਾਟੇ ਵਿਚ ਜਾਣ ਤੋਂ ਕੌਣ ਰੋਕ ਸਕਦਾ ਸੀ? ਕਿਸਾਨਾਂ ਨੂੰ ਆਪਣੀ ਖੇਤੀ ਦੀਆਂ ਲੋੜਾਂ ਅਤੇ ਘਰੇਲੂ ਲੋੜਾਂ ਦੀ ਪੂਰਤੀ ਲਈ ਕਰਜ਼ਾ ਲੈਣਾ ਪਿਆ। ਇਹ ਕਰਜ਼ਾ ਸਰਕਾਰੀ, ਸਹਿਕਾਰੀ, ਪ੍ਰਾਈਵੇਟ ਬੈਂਕਾਂ, ਆੜ੍ਹਤੀਆਂ ਅਤੇ ਸ਼ਾਹੂਕਾਰਾਂ ਤੋਂ ਲੈਣਾ ਪੈਂਦਾ ਹੈ। ਜਿੱਥੇ ਕਰਜ਼ੇ ਦੀ ਰਕਮ ਉੱਪਰ ਵੀ ਵਿਆਜ ਜੁੜਦਾ ਹੈ। ਜਿਸ ਕਾਰਨ ਹਰ ਛਿਮਾਹੀ ਕਿਸਾਨ ਦੀ ਫ਼ਸਲ ਉਸ ਨੂੰ ਰਾਹਤ ਦੇਣ ਦੀ ਥਾਂ ਉਸਦੇ ਕਰਜ਼ੇ ਵਿਚ ਵਾਧਾ ਕਰਦੀ ਆ ਰਹੀ ਹੈ। ਕਿਸਾਨਾਂ ਸਿਰ ਵੱਧਦਾ ਕਰਜ਼ਾ ਅਤੇ ਖ਼ੁਦਕੁਸ਼ੀਆਂ ਕੇਂਦਰ ਸਰਕਾਰ ਦੀਆਂ ਗ਼ਲਤ ਨੀਤੀਆਂ ਦੀ ਦੇਣ ਹੈ।

ਪਰ ਰਾਜਨੀਤਿਕ ਪਾਰਟੀਆਂ ਕਿਸਾਨਾਂ ਦੇ ਕਰਜ਼ੇ ਅਤੇ ਖ਼ੁਦਕੁਸ਼ੀਆਂ ਵਾਲੇ ਗੰਭੀਰ ਮਸਲੇ ਉੱਪਰ ਰਾਜਨੀਤੀ ਕਰਦੀਆਂ ਹਨ। ਕਿਸਾਨੀ ਵੋਟਾਂ ਦੀ ਪ੍ਰਾਪਤੀ ਲਈ ਕਰਜ਼ਾ ਮੁਆਫੀ ਵਰਗੇ ਵਾਅਦੇ ਕੀਤੇ ਜਾਂਦੇ ਹਨ। ਪੰਜਾਬ ਵਿੱਚ ਕਾਂਗਰਸ ਪਾਰਟੀ ਨੇ ਵੀ ਕਿਸਾਨਾਂ ਨਾਲ ਚੋਣਾਂ ਵਿਚ ਵਾਅਦਾ ਕੀਤਾ ਸੀ ਕਿ ਜੇਕਰ ਕਾਂਗਰਸ ਪਾਰਟੀ ਸੱਤਾ ਵਿਚ ਆਉਂਦੀ ਹੈ ਤਾਂ ਉਹ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰ ਦੇਵੇਗੀ। ਸਰਕਾਰੀ, ਸਹਿਕਾਰੀ, ਪ੍ਰਾਈਵੇਟ ਬੈਂਕਾਂ ਸਮੇਤ ਆੜ੍ਹਤੀਆਂ ਅਤੇ ਸ਼ਾਹੂਕਾਰਾਂ ਦਾ ਸਮੁੱਚਾ ਕਰਜ਼ਾ ਪੰਜਾਬ ਸਰਕਾਰ ਆਪਣੇ ਸਿਰ ਲਵੇਗੀ। ਪੰਜਾਬ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਬਣੀ, ਪਰ ਵਾਅਦੇ ਮੁਤਾਬਿਕ ਕਿਸਾਨਾਂ ਦਾ ਸਮੁੱਚਾ ਕਰਜ਼ਾ ਖ਼ਤਮ ਨਹੀਂ ਹੋਇਆ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਕਿਸਾਨਾਂ ਦੀ ਕਰਜ਼ ਮੁਆਫੀ ਕਿਉਂ ਹੋਵੇ? ਮੁਆਫ਼ੀ ਤਾਂ ਮਿਲਦੀ ਹੈ ਜੇਕਰ ਕੋਈ ਗ਼ਲਤੀ ਕੀਤੀ ਹੋਵੇ, ਚਾਹੇ ਜਾਣੇ ਜਾਂ ਅਨਜਾਣੇ ਵਿੱਚ। ਕਿਸਾਨਾਂ ਨੇ ਦੇਸ਼ ਨੂੰ ਅਨਾਜ ਦੇ ਖੇਤਰ ਵਿੱਚ ਨਿਰਭਰ ਕਰ ਕੇ ਕੋਈ ਗ਼ਲਤੀ ਨਹੀਂ ਕੀਤੀ। ਕਿਸਾਨਾਂ ਨੂੰ ਕਰਜ਼ੇ ਵਿੱਚ ਮੁਆਫੀ ਨਹੀਂ ਚਾਹੀਦੀ। ਸਰਕਾਰਾਂ ਦੀਆਂ ਖੇਤੀ ਵਿਰੋਧੀ ਨੀਤੀਆਂ ਕਾਰਨ ਕਿਸਾਨਾਂ ਸਿਰ ਕਰਜ਼ਾ ਚੜ੍ਹਿਆ ਹੈ। ਕੇਂਦਰ ਸਰਕਾਰ ਇਸਨੂੰ ਆਪਣੇ ਸਿਰ ਲਵੇ ਅਤੇ ਕਿਸਾਨਾਂ ਦਾ ਸਮੁੱਚਾ ਕਰਜ਼ਾ ਖ਼ਤਮ ਕਰੇ। ਵੱਡੇ-ਵੱਡੇ ਉਦਯੋਗਪਤੀਆਂ ਨੇ ਦੇਸ਼ ਨਾਲ ਜੋ ਧੋਖਾਧੜੀਆਂ ਕੀਤੀਆਂ ਹਨ, ਉਹ ਕਈ ਲੱਖ ਕਰੋੜਾਂ ਦੀਆਂ ਹਨ। ਇਸੇ ਤਰ੍ਹਾਂ ਵੱਡੀਆਂ-ਵੱਡੀਆਂ ਕੰਪਨੀਆਂ ਨੇ ਜੋ ਕਰਜ਼ੇ ਬੈਂਕਾਂ ਤੋਂ ਲਏ ਹਨ, ਉਹ ਨਾ-ਤਰਨ ਯੋਗ ਕਹਿ ਕੇ ਵੱਟੇ ਖਾਤੇ ਪਾ ਦਿੱਤੇ ਗਏ। ਉਹ ਰਕਮ ਵੀ ਕਈ ਲੱਖ ਕਰੋੜ ਸੀ। ਹੁਣ ਵੀ ਉਨ੍ਹਾਂ ਕੰਪਨੀਆਂ ਨੂੰ ਮੁਨਾਫ਼ੇ ਵਿੱਚ ਰੱਖਣ ਲਈ ਕੇਂਦਰ ਸਰਕਾਰ ਉਨ੍ਹਾਂ ਨੂੰ ਵੱਡੀਆਂ ਰਾਹਤਾਂ ਦੇ ਰਹੀ ਹੈ। ਦੇਸ਼ ਦੇ ਅਰਥਚਾਰੇ ਨੂੰ ਜਿਊਂਦਾ ਰੱਖਣ ਲਈ ਖੇਤੀ ਖੇਤਰ ਨੂੰ ਕਾਇਮ ਰੱਖਣਾ ਬਹੁਤ ਜ਼ਰੂਰੀ ਹੈ। ਖੇਤੀ ਨੂੰ ਕਰਜ਼ਾ ਮੁਕਤ ਅਤੇ ਲਾਹੇਵੰਦਾਂ ਬਣਾਉਣ ਲਈ ਵੱਖਰੇ ਕੇਂਦਰੀ ਅਤੇ ਸੂਬਾਈ ਖੇਤੀ ਬਜਟ ਦੀ ਵਿਵਸਥਾ ਕੀਤੀ ਜਾਵੇ। ਸਾਰੀਆਂ ਫ਼ਸਲਾਂ, ਫਲ, ਸਬਜ਼ੀਆਂ ਆਦਿ ਦਾ ਸਮਰਥਨ ਮੁੱਲ ਵਿਗਿਆਨਕ ਤਰੀਕੇ ਨਾਲ ਤਹਿ ਕੀਤਾ ਜਾਵੇ, ਜਿਸ ਵਿੱਚ ਕਿਸਾਨ ਦੀ ਲਾਗਤ, ਮਿਹਨਤ ਅਤੇ ਮੁਨਾਫ਼ਾ ਉਸਦੇ ਪੱਲੇ ਪੈਣ। ਕਰਜ਼ਾ ਰਹਿਤ ਜੈਵਿਕ ਵਿਭਿੰਨਤਾ ਵਾਲਾ ਖੇਤੀ ਮਾਡਲ ਲਾਗੂ ਕੀਤਾ ਜਾਵੇ। ਜਿਸ ਨਾਲ ਪੰਜਾਬ ਦੇ ਪਾਣੀ ਦੀ ਬੱਚਤ ਹੋਵੇ। ਜ਼ਮੀਨ ਜ਼ਹਿਰਾਂ ਤੋਂ ਮੁਕਤ ਹੋ ਕੇ ਜ਼ਰਖੇਜ ਹੋਵੇ। ਕਰਜ਼ੇ ਅਤੇ ਖ਼ੁਦਕੁਸ਼ੀਆਂ ਤੋਂ ਕਿਸਾਨਾਂ ਨੂੰ ਪੱਕੀ ਮੁਕਤੀ ਮਿਲੇ। ਕੇਂਦਰ ਸਰਕਾਰ ਖੇਤੀ ਨੂੰ ਅਤੇ ਕਿਸਾਨੀ ਨੂੰ ਇਸ ਸੰਕਟ ਵਿਚੋਂ ਬਾਹਰ ਕੱਢਣ ਲਈ ਇਸਨੂੰ ਆਪਣੇ ਪ੍ਰੋਗਰਾਮ ਦੇ ਪ੍ਰਮੁੱਖ ਏਜੰਡੇ ਵਿੱਚ ਸ਼ਾਮਿਲ ਕਰੇ। ਇਸ ਖੇਤਰ ਵਿੱਚ ਠੋਸ ਕਦਮ ਚੁੱਕ ਕੇ ਹੀ ਇਸ ਸੰਕਟ ਦਾ ਹੱਲ ਸੰਭਵ ਹੈ।

# ਪੰਜਾਬ ਸੰਕਟ ਨਾਲ ਜੂਝਣ ਲਈ ਪੰਜਾਬੀ ਸਾਂਝੀ ਪਹੁੰਚ ਅਪਨਾਉਣ

ਰਣਜੀਤ ਸਿੰਘ



ਪੰਜਾਬ ਦੇ ਮਸਲੇ ਇਕੱਲੇ ਸਿੱਖਾਂ ਦੇ ਮਸਲੇ ਨਹੀਂ ਹਨ। ਇਹ ਸਮੁੱਚੇ ਪੰਜਾਬੀਆਂ ਦੇ ਹਨ। ਸਹੀ ਵਿਖਿਆਨ ਨਾ ਹੋਣ ਕਰਕੇ ਇਹ ਮਸਲੇ ਸਿੱਖਾਂ ਦੇ ਮਸਲੇ ਬਣ ਕੇ ਰਹਿ ਜਾਂਦੇ ਹਨ। ਪੰਜਾਬ ਅੱਜ ਫਿਰ ਤੋਂ ਗੰਭੀਰ ਹਾਲਾਤ ਵੱਲ ਨੂੰ ਵਧ ਰਿਹਾ ਹੈ। ਜੋ ਪਹਿਲਾਂ ਕਦੇ ਨਹੀਂ ਹੋਇਆ। ਭਾਈਚਾਰਕ ਸਾਂਝ 'ਤੇ ਸੱਟ ਵੱਜ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਆਜ਼ਾਦੀ ਤੋਂ ਬਾਅਦ ਲਗਾਤਾਰ ਪੰਜਾਬ ਨਾਲ ਵਿਤਕਰੇ ਹੋਏ ਹਨ ਅਤੇ ਅੱਜ ਵੀ ਹੋ ਰਹੇ ਹਨ। ਪਤਾ ਨਹੀਂ ਕੇਂਦਰ ਸਰਕਾਰਾਂ ਪੰਜਾਬ ਨੂੰ ਦੇਸ਼ ਦਾ ਅੰਗ ਸਮਝ ਰਹੀਆਂ ਹਨ ਜਾਂ ਨਹੀਂ ? ਇਸੇ ਲਈ ਆਜ਼ਾਦੀ ਤੋਂ ਬਾਅਦ ਪਹਿਲੇ ਦਿਨ ਤੋਂ ਹੀ ਪੰਜਾਬ ਨਾਲ ਵਿਤਕਰੇਬਾਜ਼ੀ ਸ਼ੁਰੂ ਕੀਤੀ ਹੋਈ ਹੈ।ਪੰਜਾਬੀਆਂ ਨੇ ਖ਼ਾਸ ਕਰਕੇ ਸਿੱਖਾਂ ਨੇ ਹਰ ਪ੍ਰਕਾਰ ਦੀ ਕੁਰਬਾਨੀ ਕਰਕੇ ਦੇਸ਼ ਆਜ਼ਾਦ ਕਰਵਾਇਆ। ਦੇਸ਼ ਆਜ਼ਾਦੀ ਦੇ ਜਸ਼ਨ ਮਨਾ ਰਿਹਾ ਸੀ, ਪੰਜਾਬੀ ਉੱਜੜ ਕੇ ਇਧਰੋਂ-ਉਧਰ ਅਤੇ ਉਧਰੋਂ-ਇਧਰ ਆ-ਜਾ ਰਹੇ ਸਨ ਅਤੇ ਖ਼ੂਨ ਦੀ ਹੋਲੀ ਖੇਡ ਰਹੇ ਸਨ। ਪੰਜਾਬੀ ਆਪਣੀਆਂ ਜਾਇਦਾਦਾਂ ਛੱਡ ਕੇ ਘਰੋਂ ਬੇਘਰ ਹੋ ਗਏ ਅਤੇ ਰਿਫ਼ਿਊਜੀ ਕੈਂਪਾਂ 'ਚ ਉਨ੍ਹਾਂ ਨੇ ਗੁਜ਼ਰ ਬਸਰ ਕੀਤਾ। ਕੇਂਦਰ ਸਰਕਾਰ ਨੇ ਪੰਜਾਬੀਆਂ ਨੂੰ ਜਰਾਇਮਪੇਸ਼ਾ ਹੋਣ ਦਾ ਖ਼ਿਤਾਬ ਦੇ ਦਿੱਤਾ। ਭਾਸ਼ਾ ਦੇ ਆਧਾਰ 'ਤੇ ਸੂਬੇ ਬਣਾਉਣ ਲਈ ਕਮਿਸ਼ਨ ਗਠਨ ਕੀਤਾ ਗਿਆ, ਉਸ ਨੇ ਸਾਰੇ ਦੇਸ਼ ਦੇ ਸੂਬਿਆਂ ਨੂੰ ਭਾਸ਼ਾ ਦੇ ਆਧਾਰ 'ਤੇ ਨਵੇਂ ਸਿਰਿਓਂ ਗਠਿਤ ਕਰ ਦਿੱਤਾ ਪਰ ਪੰਜਾਬ ਨੂੰ ਇਸ ਪ੍ਰਕਿਰਿਆ ਤੋਂ ਵਾਂਝਾ ਰੱਖਿਆ ਗਿਆ। ਪੰਜਾਬੀ ਬੋਲੀ ਆਧਾਰਿਤ ਸੂਬਾ ਗਠਿਤ ਕਰਾਉਣ ਲਈ ਅਕਾਲੀ ਦਲ ਨੂੰ ਮੋਰਚਾ ਲਾਉਣਾ ਪਿਆ ਤਾਂ ਜਾ ਕੇ ਆਹ-ਅਧੂਰਾ ਜਿਹਾ ਪੰਜਾਬੀ ਸੂਬਾ ਨਹੀਂ, ਸੂਬੀ ਬਣਾਈ ਗਈ, ਜਿਸ ਨੂੰ ਮੰਨਣ ਤੋਂ ਅਕਾਲੀਆਂ ਨੇ ਇਨਕਾਰ ਕਰ ਦਿੱਤਾ ਸੀ ਅਤੇ ਖਰੜੇ 'ਤੇ ਦਸਤਖ਼ਤ ਤੱਕ ਨਹੀਂ ਸਨ ਕੀਤੇ ਉਜਾੜੇ ਤੋਂ ਬਾਅਦ ਗੁਰੂ ਜੀ ਦੀ ਕਿਰਪਾ ਸਦਕਾ ਬੜੇ ਹੌਸਲੇ ਨਾਲ ਪੰਜਾਬੀਆਂ ਨੇ ਦਿਨ-ਰਾਤ ਮਿਹਨਤ ਕਰਕੇ ਆਪਣੇ ਆਪ ਨੂੰ ਪੈਰਾਂ 'ਤੇ ਖੜ੍ਹੇ ਕੀਤਾ ਅਤੇ ਜ਼ਮੀਨਾਂ ਨੂੰ ਜ਼ਰਖੇਜ਼ ਬਣਾਇਆ, ਪੂਰੇ ਦੇਸ਼ ਦਾ ਢਿੱਡ ਭਰਿਆ। ਜਦੋਂ ਕਿ ਪੂਰੇ ਦੇਸ਼ ਵਿਚੋਂ ਪੰਜਾਬ ਤੇ ਬੰਗਾਲ ਹੀ ਵੰਡੇ ਗਏ ਸਨ। ਬਾਕੀ ਦੇਸ਼ ਖਾਣ ਜੋਗਾ ਅਨਾਜ ਵੀ ਪੈਦਾ ਕਰਨ ਦੀ ਹਿੰਮਤ ਨਹੀਂ ਰੱਖਦਾ ਸੀ। ਫਿਰ ਵੀ ਕੇਂਦਰ ਆਪਣੀਆਂ ਚਾਲਾਂ ਤੋਂ ਬਾਜ਼ ਨਹੀਂ ਆਇਆ। ਪੰਜਾਬ ਦੇ ਪਿੰਡ ਉਜਾੜ ਕੇ ਬਣਾਇਆ ਚੰਡੀਗੜ੍ਹ ਵੀ ਜੋ ਪੰਜਾਬ ਵਾਸਤੇ ਰਾਜਧਾਨੀ ਬਣਾਈ ਗਈ ਸੀ, ਉਹ ਵੀ ਪੰਜਾਬ ਨੂੰ ਨਾ ਦੇ ਕੇ ਕੇਂਦਰ ਨੇ ਵਾਅਦਾ ਖ਼ਿਲਾਫ਼ੀ ਕੀਤੀ। ਇਸੇ ਤਰ੍ਹਾਂ ਬਹੁਤ ਮਸਲੇ ਹਨ ਪੰਜਾਬ ਦੇ ਪਹਿਲ ਦੇ ਆਧਾਰ 'ਤੇ ਸਰਕਾਰਾਂ ਨੂੰ ਹੱਲ ਕਰਨੇ ਚਾਹੀਦੇ ਸਨ, ਪਰ ਪਤਾ ਨਹੀਂ ਕਿਉਂ ਸਰਕਾਰਾਂ ਗੱਡੇ ਨਾਲ ਕੱਟਾ ਬੰਨ੍ਹਣ ਦੀ ਨੀਤੀ ਨਾਲ ਚੱਲ ਰਹੀਆਂ ਹਨ।

ਇਹ ਸਾਰੇ ਮਸਲੇ ਪੰਜਾਬ ਦੇ ਹਨ, ਪੰਜਾਬ 'ਚ ਵੱਸਦੇ ਹਰ ਪੰਜਾਬੀ ਦੇ ਹਨ, ਪਰ ਇਉਂ ਪ੍ਰਭਾਵ ਬਣਾ ਦਿੱਤਾ ਜਾਂਦਾ ਹੈ ਕਿ ਇਹ ਮਸਲੇ ਸਿੱਖਾਂ ਦੇ ਮਸਲੇ ਹਨ। ਸਾਡੇ ਆਗੂ ਲੋਕ ਪੰਜਾਬੀਆਂ ਨੂੰ ਸਮਝਾ ਨਹੀਂ ਸਕੇ ਕਿ ਇਹ ਪੰਜਾਬ ਦੇ ਹਰ ਬਾਸ਼ਿੰਦੇ ਦੇ ਮਸਲੇ ਹਨ, ਜੇ ਇਹ ਹੱਲ ਨਹੀਂ ਹੁੰਦੇ ਤਾਂ ਇਸ ਦਾ ਨੁਕਸਾਨ ਹਰ ਪੰਜਾਬ ਨਿਵਾਸੀ ਨੂੰ ਝੱਲਣਾ ਪਵੇਗਾ। ਇਹ ਨਹੀਂ ਹੋ ਸਕਦਾ ਕਿ ਪੰਜਾਬ ਦਾ ਪਾਣੀ ਖ਼ਤਮ ਹੋਣ ਦਾ ਖ਼ਮਿਆਜ਼ਾ ਇਕੱਲੇ ਸਿੱਖਾਂ ਨੂੰ ਝੱਲਣਾ ਪਵੇਗਾ, ਜੇ ਪੰਜਾਬ ਦੇ ਵਪਾਰ ਜਾਂ ਉਦਯੋਗ ਦਾ ਕੋਈ ਨੁਕਸਾਨ ਹੁੰਦਾ ਹੈ ਤਾਂ ਵੀ ਸਮੂਹ ਪੰਜਾਬੀਆਂ ਦਾ ਹੈ। ਜੇ ਪੰਜਾਬ ਵਿਚ ਏਜੰਸੀਆਂ ਨੇ ਨਸ਼ਿਆਂ ਦਾ ਪ੍ਰਕੋਪ ਵਧਾਇਆ ਹੈ, ਇਸ ਦਾ ਨੁਕਸਾਨ ਵੀ ਪੰਜਾਬ 'ਚ ਵਸਦੇ ਸਭ ਪਰਿਵਾਰ ਝੱਲ ਰਹੇ ਹਨ। ਇਸ ਲਈ ਇਹ ਸਾਰੀਆਂ ਸਮੱਸਿਆਵਾਂ ਪੰਜਾਬੀਆਂ ਦੀਆਂ ਹਨ। ਸਭ ਤੋਂ ਪਹਿਲਾਂ ਇਹ ਗੱਲ ਪੰਜਾਬੀਆਂ ਦੇ ਮਨਾਂ ਵਿੱਚ ਬਿਠਾਉਣੀ ਪਵੇਗੀ। ਫਿਰ ਇਨ੍ਹਾਂ 'ਤੇ ਪੰਜਾਬੀਆਂ ਨੂੰ ਇਕ ਮਤ ਕਰਕੇ ਸੰਘਰਸ਼ ਵਿੱਢਣਾ ਪਵੇਗਾ। ਇਸ ਦੀ ਤਾਜ਼ਾ ਮਿਸਾਲ ਕਿਸਾਨ ਮੋਰਚਾ ਹੈ। ਉਸ ਮੋਰਚੇ ਦੀ ਜਿੱਤ ਦੇ ਕਾਰਨ ਇਹ ਸੀ ਕਿ ਕਿਸਾਨ ਆਮ ਲੋਕਾਂ ਨੂੰ ਇਹ ਗੱਲ ਸਮਝਾਉਣ ਵਿੱਚ ਕਾਮਯਾਬ ਰਹੇ ਕਿ ਇਨ੍ਹਾਂ ਬਿੱਲਾਂ ਨਾਲ ਅਖ਼ੀਰ ਨੂੰ ਨੁਕਸਾਨ ਖਪਤਕਾਰ ਦਾ ਵੀ ਹੈ। ਇਸੇ ਤਰ੍ਹਾਂ ਦੀ ਆਮ ਸਹਿਮਤੀ ਬਣਾਉਣੀ ਪਵੇਗੀ। ਪੰਜਾਬ ਵਿੱਚ ਵਸਦੇ ਦਲਿਤ, ਹਿੰਦੂ, ਮੁਸਲਮਾਨ, ਜੈਨੀਆਂ, ਬੋਧੀਆਂ ਨੂੰ ਪੰਜਾਬ ਦੇ ਮਸਲਿਆਂ ਬਾਰੇ ਜਾਣਕਾਰੀ ਦੇ ਕੇ ਉਨ੍ਹਾਂ ਨੂੰ ਇਸ ਲੜਾਈ ਵਿੱਚ ਬਰਾਬਰ ਦੇ ਭਾਗੀਦਾਰ ਬਣਾਉਣ ਦੀ ਲੋੜ ਹੈ।

ਖ਼ਾਲਿਸਤਾਨ ਪੰਜਾਬ ਦੇ ਮਸਲਿਆਂ ਦਾ ਹੱਲ ਨਹੀਂ। ਏਨਾ ਛੋਟਾ ਜਿਹਾ ਦੇਸ਼ ਜਿਸ ਦੇ ਸਾਰੇ ਪਾਸੇ ਦੁਸ਼ਮਣ ਹੋਣਗੇ ਕਿਵੇਂ ਤਰੱਕੀ ਕਰ ਸਕੇਗਾ। ਹਾਂ, ਇਹ ਜ਼ਰੂਰੀ ਹੈ ਪੰਜਾਬ ਦੇ ਮਸਲੇ ਹੱਲ ਹੋਣੇ ਚਾਹੀਦੇ ਹਨ। ਮਸਲੇ ਹੱਲ ਕਰਵਾਉਣ ਲਈ ਦਲਿਤ, ਹਿੰਦੂ, ਮੁਸਲਿਮ, ਈਸਾਈ, ਜੈਨੀ ਸਾਰਿਆਂ ਦਾ ਸਾਥ ਬਹੁਤ ਜ਼ਰੂਰੀ ਹੈ। ਸਾਰੇ ਸਾਥ ਤਾਂ ਹੀ ਦੇਣਗੇ ਜੇ ਉਨ੍ਹਾਂ ਨਾਲ ਬੈਠ ਕੇ ਗੱਲ ਕਰਾਂਗੇ ਅਤੇ ਸਾਥ ਮੰਗਾਂਗੇ। ਇਸ ਲਈ ਸਭ ਤੋਂ ਪਹਿਲਾਂ ਸਾਰਿਆਂ ਤੋਂ ਸਾਥ ਮੰਗਿਆ ਜਾਵੇ। ਸਾਰਿਆਂ ਨੂੰ ਨਾਲ ਲੈ ਕੇ ਇਨ੍ਹਾਂ ਮਸਲਿਆਂ 'ਤੇ ਪੰਜਾਬ ਵਿੱਚ ਸੈਮੀਨਾਰ ਕਰਵਾਏ ਜਾਣੇ ਚਾਹੀਦੇ ਹਨ। ਪੰਜਾਬ ਨਾਲ 75 ਸਾਲਾਂ ਵਿੱਚ ਹੋਏ ਧੱਕਿਆਂ 'ਤੇ ਇਕ ਫ਼ਿਲਮ ਬਣਾਈ ਜਾਵੇ। ਉਸ ਨੂੰ ਪੰਜਾਬ ਵਿੱਚ ਹਰ ਘਰ ਤੱਕ ਦਿਖਾਇਆ ਜਾਵੇ। ਪੰਜਾਬੀਆਂ ਨੂੰ ਜਗਾਇਆ ਜਾਵੇ। ਹੌਲੀ-ਹੌਲੀ ਸਾਰੇ ਪੰਜਾਬੀਆਂ ਨੂੰ ਲਾਮਬੰਦ ਕਰਕੇ ਕੇਂਦਰ ਸਰਕਾਰ ਦੇ ਖ਼ਿਲਾਫ਼ ਸ਼ਾਂਤਮਈ ਸੰਘਰਸ਼ ਵਿੱਢਿਆ ਜਾਵੇ।

ਦੂਜੇ ਪਾਸੇ ਪੰਜਾਬ ਦੇ ਵਿਦਵਾਨਾਂ ਦੀਆਂ ਟੀਮਾਂ ਤਿਆਰ ਕੀਤੀਆਂ ਜਾਣ, ਜੋ ਭਾਰਤ ਦੇ ਸਾਰੇ ਸੂਬਿਆਂ 'ਚ ਸੈਮੀਨਾਰ ਕਰਕੇ ਉੱਥੋਂ ਦੀ ਪ੍ਰੈੱਸ ਰਾਹੀਂ ਉਨ੍ਹਾਂ ਲੋਕਾਂ ਨੂੰ ਪੰਜਾਬ ਦੀਆਂ ਕੁਰਬਾਨੀਆਂ ਅਤੇ ਹੁਣ ਤੱਕ ਹੋਏ ਧੱਕਿਆਂ ਬਾਰੇ ਜਾਣਕਾਰੀ ਪਹੁੰਚਾਉਣ 'ਤੇ ਸਾਰੇ ਦੇਸ਼ ਦੀ ਹਮਦਰਦੀ ਲਈ ਜਾਵੇ। ਉੱਥੋਂ ਦੇ ਸਥਾਨਕ ਲਿਖਾਰੀਆਂ ਤੋਂ ਲੇਖ ਲਿਖਵਾਏ ਜਾਣ। ਦੇਸ਼ ਦੇ ਲੋਕਾਂ ਦੀ ਹਮਦਰਦੀ ਲੈਣ ਦੇ ਹੋਰ ਵੀ ਢੰਗ-ਤਰੀਕੇ ਅਪਣਾਏ ਜਾਣ। ਪੰਜਾਬ ਪ੍ਰਤੀ ਸਰਕਾਰਾਂ ਦੀ ਬੇਈਮਾਨੀ ਹਰ ਦੇਸ਼ ਵਾਸੀ ਨੂੰ ਪਤਾ ਲੱਗੇ। ਇਸ ਬੇਇਨਸਾਫ਼ੀ ਦੇ ਖ਼ਿਲਾਫ਼ ਪੰਜਾਬ ਵਿਚ ਲੋਕ ਲਹਿਰ ਅਤੇ ਦੇਸ਼ ਵਿਚ ਹਮਦਰਦੀ ਦੀ ਲਹਿਰ ਖੜ੍ਹੀ ਕੀਤੀ ਜਾਵੇ। ਦੇਸ਼ ਨੂੰ ਅਨੰਦਪੁਰ ਸਾਹਿਬ ਦੇ ਮਤੇ ਦੀ ਅਸਲੀਅਤ ਤੋਂ ਵੀ ਜਾਣੂ ਕਰਵਾਇਆ ਜਾਵੇ। ਇਸ ਤਰ੍ਹਾਂ ਪੰਜਾਬ ਦੇ ਮਸਲੇ ਹੱਲ ਹੋਣ ਦੀ ਸੰਭਾਵਨਾ ਬਣ ਸਕਦੀ ਹੈ। ਪੰਜਾਬ ਦਾ ਭਾਈਚਾਰਾ ਵੀ ਹੋਰ ਮਜ਼ਬੂਤ ਹੋਵੇਗਾ। ਪੰਜਾਬ ਪਹਿਲਾਂ ਦੀ ਤਰ੍ਹਾਂ ਖ਼ੁਸ਼ਹਾਲ ਤੇ ਅਗਾਂਹਵਧੂ ਸੂਬਾ ਬਣ ਜਾਵੇਗਾ।

# ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਢਾਂਚੇ 'ਚ ਪੂਰਨ ਪਾਰਦਰਸ਼ਿਤਾ ਲਿਆਉਣਾ ਸਮੇਂ ਦੀ ਮੁੱਖ ਲੋੜ



ਤਲਵਿੰਦਰ ਸਿੰਘ ਬੁੱਟਰ

ਦੁਨੀਆਂ ਭਰ ਤੋਂ ਕੇਵਲ ਸਿੱਖ ਹੀ ਨਹੀਂ, ਬਲਕਿ ਵੱਖ-ਵੱਖ ਧਰਮਾਂ ਨਾਲ ਸਬੰਧਿਤ ਲੋਕ ਸਿੱਖੀ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਸ਼ਰਧਾ ਵਿਚ ਭਿੱਜ ਕੇ ਆਉਂਦੇ ਹਨ ਅਤੇ ਸ੍ਰੀ ਗੁਰੂ ਰਾਮਦਾਸ ਜੀ ਦੇ ਲੰਗਰ 'ਚ ਸੇਵਾ ਕਰਨ ਨੂੰ ਆਪਣੇ ਧੰਨਭਾਗ ਸਮਝਦੇ ਹਨ ਅਤੇ ਪੰਗਤ ਵਿੱਚ ਬੈਠ ਕੇ ਲੰਗਰ ਛਕਣ ਤੋਂ ਪਹਿਲਾਂ ਪ੍ਰਸ਼ਾਦੇ ਨੂੰ ਮੱਥੇ ਨਾਲ ਲਾ ਕੇ ਸਤਿਕਾਰ ਦਿੰਦੇ ਹਨ, ਉਸ ਲੰਗਰ ਦੀਆਂ ਸੁੱਕੀਆਂ ਰੋਟੀਆਂ ਅਤੇ ਲੰਗਰ ਦੀ ਜੂਠ ਦੇ ਫੋਕਟ ਪਦਾਰਥਾਂ ਦੇ ਨਿਪਟਾਰੇ ਦੀ ਪ੍ਰਕਿਰਿਆ ਵਿੱਚ ਬੇਨਿਯਮੀ ਕਰਕੇ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮ ਲਗਪਗ ਇਕ ਕਰੋੜ ਰੁਪਏ ਦੀ ਹੇਰਾਫੇਰੀ ਕਰ ਗਏ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਮਾਮਲੇ ਦੀ ਮੁੱਢਲੀ ਪੜਤਾਲ ਤੋਂ ਬਾਅਦ ਸਖ਼ਤ ਤੇ ਮਿਸਾਲੀ ਕਾਰਵਾਈ ਕਰਦਿਆਂ 51 ਸ਼੍ਰੋਮਣੀ ਕਮੇਟੀ ਮੁਲਾਜ਼ਮਾਂ ਨੂੰ ਮੁਅੱਤਲ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ ਪਰ ਕੁਝ ਮੁਲਾਜ਼ਮਾਂ ਦੀ ਗਿਰੇਵਾਨ ਤੋਂ ਡਿੱਗੀ ਹਰਕਤ ਨੇ ਸ਼ਰਧਾਵਾਨ ਸੰਸਾਰ ਭਰ 'ਚ ਵਸਦੇ ਸਿੱਖ ਭਾਈਚਾਰੇ ਦੇ ਮਨਾਂ ਨੂੰ ਭਾਰੀ ਠੇਸ ਪਹੁੰਚਾਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਣ ਤੋਂ ਪਹਿਲਾਂ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਦੇ ਮਹੰਤ ਅੰਗਰੇਜ਼ ਸਰਕਾਰ ਦੀ ਸ਼ਹਿ 'ਤੇ ਜਿੱਥੇ ਗੁਰਦੁਆਰਿਆਂ 'ਚ ਅਨੈਤਿਕ ਕੰਮ ਕਰਦੇ ਸਨ, ਉੱਥੇ ਗੁਰਦੁਆਰਿਆਂ ਦੇ ਚੜ੍ਹਤ-ਚੜ੍ਹਾਵੇ ਨੂੰ ਐਸ਼-ਪ੍ਰਸਤੀ ਲਈ ਵਰਤਦੇ ਸਨ। ਗੁਰਦੁਆਰਾ ਸੰਸਥਾ, ਜਿਸ ਮਕਸਦ ਲਈ ਗੁਰੂ ਸਾਹਿਬਾਨ ਨੇ ਖੜ੍ਹੀ ਕੀਤੀ ਸੀ, ਉਸ ਤੋਂ ਦੂਰ ਜਾਂਦੀ ਵੇਖਦਿਆਂ ਉਸ ਵੇਲੇ ਦੇ ਸਿੱਖਾਂ ਨੇ ਆਪਣੇ ਪਾਵਨ ਗੁਰਧਾਮਾਂ ਨੂੰ ਗੁਰਮਤਿ ਅਨੁਸਾਰੀ ਸੰਗਤੀ ਸੇਵਾ-ਸੰਭਾਲ ਵਿੱਚ ਲਿਆਉਣ ਅਤੇ ਗੁਰਦੁਆਰਾ ਸੰਸਥਾ ਨੂੰ ਆਪਣੇ ਬੁਨਿਆਦੀ ਮਨੋਰਥ ਦੇ ਮੁਖ਼ਾਤਿਬ ਕਰਨ ਲਈ, ਲਾਸਾਨੀ ਕੁਰਬਾਨੀਆਂ ਦੇ ਕੇ 1920 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਸੀ।

ਇੱਕ ਸਦੀ ਦੇ ਸਫ਼ਰ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਰਗੀ ਖ਼ੁਦਮੁਖਤਿਆਰ ਗੁਰਦੁਆਰਾ ਸੰਸਥਾ, ਜਿਸ ਨੂੰ ਕਿ ਪੰਜਾਬ ਦੀ ਰਵਾਇਤ 'ਚ 'ਸਰਕਾਰ ਦੇ ਅੰਦਰ ਇਕ ਸਰਕਾਰ' ਵਜੋਂ ਵੀ ਵੇਖਿਆ ਜਾਂਦਾ ਹੈ, ਨੇ ਬਹੁਤ ਉਤਰਾਅ-ਚੜ੍ਹਾਅ ਵੇਖੇ ਹਨ। ਕਦੇ ਇਹ ਸੰਸਥਾ ਰਾਜਨੀਤੀ ਨੂੰ ਪ੍ਰਭਾਵਿਤ ਕਰਦੀ ਰਹੀ ਅਤੇ ਕਦੇ ਰਾਜਨੀਤੀ ਇਸ ਨੂੰ। ਇਸ ਦੇ ਸਭ ਤੋਂ ਲੰਬਾ ਸਮਾਂ 26 ਸਾਲ ਪ੍ਰਧਾਨ ਸਿੱਖ ਸਿਆਸਤ ਦੇ ਬਾਬਾ ਬੋਹੜ ਜਥੇਦਾਰ ਗੁਰਚਰਨ ਸਿੰਘ ਟੌਹੜਾ ਰਹੇ, ਜਿਨ੍ਹਾਂ ਦੇ ਕਾਰਜਕਾਲ ਨੂੰ ਅਜੇ ਤੱਕ ਚੇਤੇ ਕੀਤਾ ਜਾਂਦਾ ਹੈ। ਉਨ੍ਹਾਂ ਤੋਂ ਬਾਅਦ ਲਗਪਗ 11 ਸਾਲ ਜਥੇਦਾਰ ਅਵਤਾਰ ਸਿੰਘ ਮੱਕੜ ਪ੍ਰਧਾਨ ਰਹੇ। ਇੱਕ ਸਮੇਂ ਸ਼੍ਰੋਮਣੀ ਕਮੇਟੀ ਦਾ ਅਕਸ ਇਸ ਕਦਰ ਧੁੰਦਲਾ ਹੋਣ ਲੱਗਾ ਸੀ ਕਿ ਗੁਰਦੁਆਰਿਆਂ ਦੇ ਪ੍ਰਬੰਧਾਂ 'ਚ ਵਿੱਤੀ ਬੇਨਿਯਮੀਆਂ, ਭ੍ਰਿਸ਼ਟਾਚਾਰ, ਅਨੈਤਿਕ ਕਾਰਵਾਈਆਂ ਅਤੇ ਧਰਮ ਪ੍ਰਚਾਰ ਵਿੱਚ ਅਵੇਸਲੇਪਨ ਵਰਗੇ ਦੋਸ਼ਾਂ ਦੀ ਚਰਚਾ ਆਮ ਜਿਹੀ ਗੱਲ ਹੋ ਗਈ ਸੀ। ਇਮਾਰਤੀ ਉਸਾਰੀਆਂ, ਮੈਨੇਜਰਾਂ ਦੀਆਂ ਨਿਯੁਕਤੀਆਂ ਅਤੇ ਹੋਰ ਕੰਮਾਂ ਵਿੱਚ ਲੈਣ-ਦੇਣ ਅਤੇ ਭਾਈ-ਭਤੀਜਾਵਾਦ ਭਾਰੂ ਹੋਣ ਦੇ ਦੋਸ਼ ਤੱਕ ਲਗਦੇ ਰਹੇ। ਸਾਲ 2005 'ਚ ਇਕ ਅਖ਼ਬਾਰ ਵਿੱਚ ਸੂਚਨਾ ਦੇ ਅਧਿਕਾਰ ਤਹਿਤ ਪੰਜਾਬ ਪੁਲਿਸ ਮੁਖੀ ਦੇ ਹਵਾਲੇ ਨਾਲ ਖ਼ਬਰ ਛਪੀ ਸੀ ਕਿ ਸ਼੍ਰੋਮਣੀ ਕਮੇਟੀ ਦੇ ਹਰ ਚੌਥੇ ਮੁਲਾਜ਼ਮ ਦੇ ਖ਼ਿਲਾਫ਼ ਕੋਈ ਅਪਰਾਧਿਕ ਮੁਕੱਦਮਾ ਚੱਲਦਾ ਹੈ। ਬੇਸ਼ੱਕ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੇ ਪ੍ਰਧਾਨ ਬਣਨ (2016) ਤੋਂ ਬਾਅਦ ਸ਼੍ਰੋਮਣੀ ਕਮੇਟੀ ਦੀ ਕਾਰਜਸ਼ੈਲੀ ਵਿੱਚ ਸੁਧਾਰ ਵਾਲੇ ਪਾਸੇ ਗੱਲ ਤੁਰੀ ਅਤੇ ਅਗਲੇ ਪ੍ਰਧਾਨਾਂ ਨੇ ਵੀ ਸ਼੍ਰੋਮਣੀ ਕਮੇਟੀ ਦੀ ਕਾਰਜਸ਼ੈਲੀ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਨੂੰ ਰਾਜਸੀ ਮੁੱਦਾ ਬਣਦਾ ਦੇਖਦਿਆਂ ਗੰਭੀਰਤਾ ਨਾਲ ਸੰਸਥਾ ਦਾ ਅਕਸ ਸੁਧਾਰਨ ਲਈ ਕਈ ਠੋਸ ਕਦਮ ਵੀ ਪੁੱਟੇ ਪਰ ਗ਼ੈਰ-ਜ਼ਰੂਰੀ ਸਿਆਸੀ ਦਖ਼ਲ, ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਚਲੀ ਧੜੇਬੰਦੀ ਅਤੇ ਬਹੁਤ ਸਾਰੇ ਕਰਮਚਾਰੀਆਂ ਵਿੱਚ ਗ਼ੈਰ-ਪੇਸ਼ੇਵਾਰਾਨਾ ਤੇ ਗ਼ੈਰ-ਜ਼ਿੰਮੇਵਾਰਾਨਾ ਸੱਭਿਆਚਾਰ ਕਾਰਨ ਢਾਂਚੇ 'ਚ ਪੂਰਨ ਦਰੁਸਤੀ ਹੋਣੋਂ ਰਹਿ ਗਈ।



ਭਾਵੇਂ ਕਿ ਸ਼੍ਰੋਮਣੀ ਕਮੇਟੀ ਦੀ ਕਾਰਜਪ੍ਰਣਾਲੀ ਨਾਲ ਜੁੜੀਆਂ ਬੇਨਿਯਮੀਆਂ ਕੁਝ ਅਹੁਦੇਦਾਰਾਂ, ਅਧਿਕਾਰੀਆਂ ਜਾਂ ਮੁਲਾਜ਼ਮਾਂ ਦੀ ਗ਼ੈਰ-ਜ਼ਿੰਮੇਵਾਰੀ ਜਾਂ ਬੇਇਮਾਨੀ ਦਾ ਨਤੀਜਾ ਹੁੰਦੀਆਂ ਹਨ ਪਰ ਪੰਜਾਬ ਦੀ ਸਿਆਸਤ ਨੂੰ ਪ੍ਰਭਾਵਿਤ ਕਰਦੀ ਸੰਸਥਾ ਹੋਣ ਕਾਰਨ ਸ਼੍ਰੋਮਣੀ ਕਮੇਟੀ ਨਾਲ ਜੁੜੇ ਹਰ ਵਿਵਾਦ ਦਾ ਪ੍ਰਭਾਵ ਸ਼੍ਰੋਮਣੀ ਅਕਾਲੀ ਦਲ ਤੱਕ ਜ਼ਰੂਰ ਜਾਂਦਾ ਹੈ। ਆਮ ਲੋਕ ਇਹ ਸਮਝਦੇ ਹਨ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਨੂੰ ਸ਼੍ਰੋਮਣੀ ਅਕਾਲੀ ਦਲ ਚਲਾ ਰਿਹਾ ਹੈ ਅਤੇ ਇਸ ਵਿਚ ਹਰੇਕ ਵਿੱਤੀ ਬੇਨਿਯਮੀ ਜਾਂ ਗੜਬੜ ਲਈ ਸਿੱਧੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਹੀ ਜ਼ਿੰਮੇਵਾਰ ਹੈ। ਪੰਜਾਬ ਦੀਆਂ ਪਿਛਲੀਆਂ ਦੋ ਸੂਬਾਈ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦੀ ਮਾੜੀ ਕਾਰਗੁਜ਼ਾਰੀ ਪਿੱਛੇ ਵੀ ਸ਼੍ਰੋਮਣੀ ਕਮੇਟੀ ਦੀ ਕਾਰਜਸ਼ੈਲੀ ਵਿੱਚ ਆਏ ਵਿਗਾੜਾਂ ਦਾ ਮੁੱਦਾ ਵੀ ਇਕ ਕਾਰਨ ਰਿਹਾ ਹੈ।

ਦੁਨੀਆਂ ਭਰ ਦੇ ਸਿੱਖ ਗੁਰਦੁਆਰਾ ਪ੍ਰਬੰਧਾਂ ਵਿੱਚ ਵਧੇਰੇ ਸੁਧਾਰ ਤੇ ਪਾਰਦਰਸ਼ਿਤਾ ਚਾਹੁੰਦੇ ਹਨ ਅਤੇ ਉਹ ਆਸ ਕਰਦੇ ਹਨ ਕਿ ਗੁਰਦੁਆਰਿਆਂ ਦੇ ਚੜ੍ਹਤ-ਚੜ੍ਹਾਵੇ ਨੂੰ ਸੰਗਤ ਦੀ ਸੇਵਾ ਅਤੇ ਧਰਮ ਪ੍ਰਚਾਰ ਦੇ ਬਿਹਤਰੀਨ ਕਾਰਜਾਂ ਦੇ ਲੇਖੇ ਲਾਇਆ ਜਾਵੇ। ਸਿੱਖ ਸਮਾਜ ਦੇ ਬਹੁਤ ਸਾਰੇ ਅਜਿਹੇ ਤਰਜੀਹੀ ਕਾਰਜ ਹਨ, ਜਿਨ੍ਹਾਂ ਲਈ ਸਿੱਖ ਭਾਈਚਾਰਾ ਸ਼੍ਰੋਮਣੀ ਕਮੇਟੀ ਕੋਲੋਂ ਤਵੱਕੋਂ ਰੱਖਦਾ ਹੈ। ਜਿਵੇਂ ਕਿ ਸਿੱਖ ਸਮਾਜ ਦੇ ਗ਼ਰੀਬ ਤੇ ਪੱਛੜੇ ਵਰਗਾਂ ਦੇ ਆਰਥਿਕ ਤੇ ਸਮਾਜਿਕ ਉਥਾਨ ਦੇ ਯਤਨ ਤੇਜ਼ ਕਰਨੇ, ਧਰਮ ਪ੍ਰਚਾਰ ਦੇ ਨਾਲ-ਨਾਲ ਸਿਹਤ, ਸਿੱਖਿਆ ਅਤੇ ਨੈਤਿਕਤਾ ਦੇ ਪ੍ਰਚਾਰ-ਪ੍ਰਸਾਰ ਲਈ ਸਰਗਰਮ ਲਹਿਰ ਚਲਾਉਣੀ ਸਮੇਂ ਦੀ ਵੱਡੀ ਲੋੜ ਹੈ।

ਬਿਨਾਂ ਸ਼ੱਕ ਸ਼੍ਰੋਮਣੀ ਕਮੇਟੀ ਦੇ ਮੌਜੂਦਾ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਸਾਦਗੀ ਦੀ ਚਰਚਾ ਰਹਿੰਦੀ ਹੈ। ਉਹ ਅਕਸਰ ਹੁਸ਼ਿਆਰਪੁਰ ਦੀਆਂ ਕਚਹਿਰੀਆਂ ਵਿੱਚ ਵਕਾਲਤ ਲਈ ਸਕੂਟਰੀ 'ਤੇ ਚਲੇ ਜਾਂਦੇ ਹਨ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਵਜੋਂ ਮਿਲੀ ਸੰਸਥਾ ਦੀ ਗੱਡੀ ਵਿੱਚ ਤੇਲ ਵੀ ਆਪਣੇ ਕੋਲੋਂ ਹੀ ਪਵਾਉਂਦੇ ਹਨ, ਜਦੋਂਕਿ ਇਕ ਪ੍ਰਧਾਨ ਦੇ ਵੇਲੇ ਗੁਰੂ ਦੀ ਗੋਲਕ ਵਿਚੋਂ ਪੰਜ ਸਾਲਾਂ ਵਿੱਚ ਡੇਢ ਕਰੋੜ ਦਾ ਤੇਲ ਫੂਕ ਦੇਣ ਦਾ ਵਿਵਾਦ ਚਰਚਿਤ ਰਿਹਾ ਹੈ। ਇਸ ਤੋਂ ਪਹਿਲਾਂ ਮਾਸਟਰ ਤਾਰਾ ਸਿੰਘ ਬਾਰੇ ਆਖਿਆ ਜਾਂਦਾ ਹੈ ਕਿ ਉਹ ਪੈੱਨ ਤੱਕ ਵੀ ਸ਼੍ਰੋਮਣੀ ਕਮੇਟੀ ਦਾ ਨਹੀਂ ਵਰਤਦੇ ਸਨ। ਐਡਵੋਕੇਟ ਧਾਮੀ ਵਲੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਾਂ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਲਈ ਇੱਛਾ-ਸ਼ਕਤੀ ਨਾਲ ਕੀਤੀ ਸ਼ੁਰੂਆਤੀ ਕਾਰਵਾਈ ਦੀ ਪ੍ਰਸੰਸਾ ਕਰਨੀ ਬਣਦੀ ਹੈ, ਜਿਸ ਵਿੱਚ ਉਨ੍ਹਾਂ ਖ਼ੁਦ ਪੜਤਾਲ ਕਰਵਾ ਕੇ ਲੰਗਰ ਨਾਲ ਜੁੜੀ ਵੱਡੀ ਬੇਨਿਯਮੀ ਵਿੱਚ 51 ਮੁਲਾਜ਼ਮ ਮੁਅੱਤਲ ਕਰਕੇ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਲਈ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਤਾਂ ਜੋ ਦੋਸ਼ੀਆਂ ਨੂੰ ਬਿਨਾਂ ਪੱਖਪਾਤ ਤੋਂ ਬਣਦੀ ਤੇ ਸਖ਼ਤ ਸਜ਼ਾ ਮਿਲ ਸਕੇ। ਇਸ ਦੇ ਨਾਲ ਇਹ ਆਸ ਕਰਨੀ ਵੀ ਬਣਦੀ ਹੈ ਕਿ ਉਹ ਸ਼੍ਰੋਮਣੀ ਕਮੇਟੀ ਦੇ ਢਾਂਚੇ ਨੂੰ ਚੁਸਤ-ਦਰੁਸਤ ਕਰਨ ਦੇ ਨਾਲ-ਨਾਲ ਗੁਰਦੁਆਰਾ ਸੰਸਥਾ ਦੀ ਬਿਹਤਰੀ ਤੇ ਸਿੱਖ ਸਮਾਜ ਦੀ ਭਲਾਈ ਦੇ ਸਰਬੱਪਖੀ ਮਨੋਰਥਾਂ ਨੂੰ ਮੁਖ਼ਾਤਿਬ ਹੋਣ ਵੱਲ ਵਿਸ਼ੇਸ਼ ਤਵੱਜੋਂ ਦੇਣਗੇ।



# ਰਿਸ਼ਤੇਦਾਰੀਆਂ ਬਨਾਮ ਸ਼ਰੀਕੇਬਾਜ਼ੀਆਂ

## ਪੰਜਾਬ 'ਚ ਜੱਦੀ ਜ਼ਮੀਨ ਤੇ ਘਰ ਵੇਚ ਕੇ ਵਿਦੇਸ਼ ਜਾਣ ਦਾ ਵਧਿਆ ਰੁਝਾਨ




ਪੰਜਾਬ ਵਿੱਚ ਰਿਸ਼ਤੇਦਾਰੀਆਂ ਖਾਸ ਕਰਕੇ ਨੇੜਲੀਆਂ ਰਿਸ਼ਤੇਦਾਰੀਆਂ ਨੂੰ ਬਹੁਤ ਮਹੱਤਤਾ ਦਿੱਤੀ ਜਾਂਦੀ ਹੈ ਅਤੇ ਖ਼ੂਨ ਦੇ ਰਿਸ਼ਤੇ ਵਾਲੇ ਨੇੜਲੇ ਰਿਸ਼ਤੇਦਾਰਾਂ ਨਾਲ ਤਾਂ ਪਰਿਵਾਰਕ ਮੈਂਬਰਾਂ ਵਰਗਾ ਮੋਹ ਪਿਆਰ ਹੁੰਦਾ ਹੈ, ਇਸ ਦੇ ਬਾਵਜੂਦ ਪੰਜਾਬ ਵਿੱਚ ਅੱਜ ਕੱਲ੍ਹ ਵੱਡੀ ਗਿਣਤੀ ਰਿਸ਼ਤੇਦਾਰੀਆਂ ਹੁਣ ਸ਼ਰੀਕੇਬਾਜ਼ੀਆਂ ਵਿੱਚ ਬਦਲਦੀਆਂ ਜਾ ਰਹੀਆਂ ਹਨ। ਹਾਲ ਤਾਂ ਇਹ ਹੈ ਕਿ ਕਈ ਪਰਿਵਾਰਾਂ 'ਚ ਸਕੇ ਭਰਾ ਅਤੇ ਸਕੇ ਭੈਣ ਭਰਾਵਾਂ ਵਿੱਚ ਵੀ ਆਪਸੀ ਮੋਹ ਪਿਆਰ ਹੋਣ ਦੀ ਥਾਂ ਸ਼ਰੀਕੇਬਾਜ਼ੀ ਭਾਰੂ ਹੋ ਗਈ ਹੈ, ਜਿਸ ਕਾਰਨ ਆਪਸੀ ਮਤਭੇਦ ਵੱਧਦੇ ਜਾ ਰਹੇ ਹਨ। ਕਈ ਪਰਿਵਾਰਾਂ 'ਚ ਵੇਖਣ ਵਿੱਚ ਆਇਆ ਹੈ ਕਿ ਜੱਦੀ ਜਾਇਦਾਦ ਦੀ ਵੰਡ ਸਮੇਂ ਅਕਸਰ ਰਿਸ਼ਤਿਆਂ 'ਚ ਪਈਆਂ ਤ੍ਰੇੜਾਂ ਫਿਰ ਸਾਰੀ ਉਮਰ ਵੱਡੀਆਂ ਖਾਈਆਂ ਬਣ ਜਾਂਦੀਆਂ ਹਨ। ਜੱਦੀ ਜਮੀਨ ਤੇ ਜੱਦੀ ਘਰ ਦੀ ਵੰਡ ਤੋਂ ਬਾਅਦ ਭਾਵੇਂ ਲੋਕਾਂ ਨੂੰ ਦਿਖਾਉਣ ਲਈ ਸਕੇ ਭੈਣ ਭਰਾਵਾਂ ਵਿੱਚ ਵਿਆਹ ਸ਼ਾਦੀਆਂ ਮੌਕੇ ਇਕ ਦੂਜੇ ਨਾਲ ਖੜਨ ਦਾ ਢਕਵੰਜ ਕੀਤਾ ਜਾਂਦਾ ਹੈ ਪਰ ਕੰਧਾਂ 'ਤੇ ਪਈਆਂ ਤ੍ਰੇੜਾਂ ਨੂੰ ਕਾਗ਼ਜ਼ ਲਗਾ ਕੇ ਨਹੀਂ ਮੇਟਿਆ ਜਾ ਸਕਦਾ।

ਅੱਜ ਦੇ ਸਮੇਂ ਵਿੱਚ ਪੰਜਾਬ ਵਿਚੋਂ ਸਾਂਝੇ ਪਰਿਵਾਰਾਂ ਦਾ ਵਜੂਦ ਖ਼ਤਮ ਹੁੰਦਾ ਜਾ ਰਿਹਾ ਹੈ ਅਤੇ ਬੱਚਿਆਂ ਨੂੰ ਹੁਣ ਚਾਚੇ, ਤਾਏ, ਮਾਮੇ ਸਿਰਫ਼ ਅੰਕਲ ਬਣ ਕੇ ਰਹਿ ਗਏ ਹਨ। ਹਰ ਰਿਸ਼ਤੇ ਵਿਚੋਂ ਮੋਹ ਪਿਆਰ ਖ਼ਤਮ ਹੁੰਦਾ ਜਾ ਰਿਹਾ ਹੈ।

ਪੰਜਾਬ ਦੇ ਵੱਡੀ ਗਿਣਤੀ ਲੋਕ ਪਰਵਾਸ ਕਰਕੇ ਸੱਤ ਸਮੁੰਦਰ ਪਾਰ ਕਰਕੇ ਵਿਦੇਸ਼ਾਂ ਵਿੱਚ ਵਸੇ ਹੋਏ ਹਨ। ਪੰਜਾਬ ਵਿੱਚ ਐਨ. ਆਰ. ਆਈ. ਪੰਜਾਬੀਆਂ ਦੇ ਘਰ ਖਾਲੀ ਅਤੇ ਜ਼ਮੀਨਾਂ ਸੁੰਨੀਆਂ ਪਈਆਂ ਹਨ। ਇਸੇ ਦੌਰਾਨ ਅਨੇਕਾਂ ਐਨ.ਆਰ.ਆਈ. ਪੰਜਾਬੀਆਂ ਦੇ ਪੰਜਾਬ ਵਿਚਲੇ ਆਲੀਸ਼ਾਨ ਘਰਾਂ ਅਤੇ ਜ਼ਮੀਨਾਂ 'ਤੇ ਉਨ੍ਹਾਂ ਦੇ ਆਪਣੇ ਹੀ ਰਿਸ਼ਤੇਦਾਰਾਂ ਨੇ ਕਬਜ਼ੇ ਕਰ ਰੱਖੇ ਹਨ। ਜਦੋਂ ਐਨ.ਆਰ.ਆਈ. ਪੰਜਾਬੀ ਪੰਜਾਬ ਵਿੱਚ ਵਾਪਸ ਆਉਂਦੇ ਹਨ ਤਾਂ ਉਹਨਾਂ ਨੂੰ ਇਹ ਦੇਖ ਕੇ ਬਹੁਤ ਦੁੱਖ ਹੁੰਦਾ ਹੈ ਕਿ ਉਹਨਾਂ ਵੱਲੋਂ ਚਾਵਾਂ ਮਲਾਰਾਂ ਨਾਲ ਬਣਾਏ ਘਰਾਂ 'ਤੇ ਉਹਨਾਂ ਦੇ ਰਿਸ਼ਤੇਦਾਰਾਂ ਨੇ ਪੱਕਾ ਕਬਜ਼ਾ ਕਰ ਰਖਿਆ ਹੈ। ਕਈ ਐਨ.ਆਰ.ਆਈ. ਪੰਜਾਬੀਆਂ ਨੇ ਆਪਣੇ ਘਰਾਂ ਦੀ ਦੇਖ-ਭਾਲ਼ ਲਈ ਆਪਣੇ ਰਿਸ਼ਤੇਦਾਰਾਂ ਜਾਂ ਜਾਣ ਪਹਿਚਾਣ ਵਾਲਿਆਂ ਨੂੰ ਜ਼ਿੰਮੇਵਾਰੀ ਦਿੱਤੀ ਹੁੰਦੀ ਹੈ। ਅਕਸਰ ਇਹ ਦੇਖ-ਭਾਲ਼ ਕਰਨ ਵਾਲੇ ਲੋਕ ਹੀ ਐਨ.ਆਰ.ਆਈ. ਪੰਜਾਬੀਆਂ ਦੇ ਆਲੀਸ਼ਾਨ ਘਰਾਂ ਅਤੇ ਜ਼ਮੀਨਾਂ 'ਤੇ ਕਬਜ਼ੇ ਕਰ ਲੈਂਦੇ ਹਨ। ਫਿਰ ਐਨ.ਆਰ.ਆਈ. ਪੰਜਾਬੀ ਜਾਂ ਤਾਂ ਆਪਣੇ ਘਰ ਅਤੇ ਜ਼ਮੀਨ ਤੋਂ ਰਿਸ਼ਤੇਦਾਰਾਂ ਦੇ ਕਬਜ਼ੇ ਹਟਵਾਉਣ ਲਈ ਕਾਨੂੰਨੀ ਲੜਾਈਆਂ ਲੜਦੇ ਹਨ ਜਾਂ ਫਿਰ ਪਰੇਸ਼ਾਨ ਹੋ ਕੇ ਵਾਪਸ ਵਿਦੇਸ਼ ਚਲੇ ਜਾਂਦੇ ਹਨ, ਜਾਂ ਫਿਰ ਸਸਤੇ ਭਾਅ ਜ਼ਮੀਨ ਤੇ ਜਾਇਦਾਦ ਵੇਚ ਜਾਂਦੇ ਹਨ। ਇਸ ਤਰਾਂ ਪਰਵਾਸੀ ਪੰਜਾਬੀਆਂ ਦੇ ਆਪਣੇ ਰਿਸ਼ਤੇਦਾਰ ਹੀ ਉਹਨਾਂ ਦੇ ਸ਼ਰੀਕ ਬਣ ਜਾਂਦੇ ਹਨ।

ਇਸੇ ਕਾਰਨ ਅਜਿਹੇ ਮਾਮਲਿਆਂ ਅਤੇ ਝਗੜਿਆਂ ਤੋਂ ਬਚਣ ਲਈ ਐਨ.ਆਰ. ਆਈ. ਪੰਜਾਬੀ ਪੰਜਾਬ ਵਿਚਲੀ ਆਪਣੀ ਜ਼ਮੀਨ/ ਜਾਇਦਾਦ ਅਤੇ ਮਹੱਲਾਂ ਵਰਗੇ ਘਰ ਵੇਚਣ ਲੱਗ ਪਏ ਹਨ।





ਪੰਜਾਬੀ ਭਾਵੇਂ ਦੁਨੀਆਂ ਦੇ ਕਿਸੇ ਵੀ ਮੁਲਕ ਵਿੱਚ ਰਹਿੰਦੇ ਹੋਣ, ਉਹਨਾਂ ਦੇ ਪੇਕੇ ਪੰਜਾਬ ਵਿੱਚ ਹੀ ਹੁੰਦੇ ਹਨ। ਵਿਦੇਸ਼ ਰਹਿੰਦੇ ਪੰਜਾਬੀਆਂ ਦੀ ਨਵੀਂ ਪੀੜ੍ਹੀ ਭਾਵੇਂ ਵਿਦੇਸ਼ੀ ਸਭਿਆਚਾਰ ਵਿੱਚ ਪੂਰੀ ਤਰਾਂ ਰਚ ਮਿਚ ਗਈ ਹੈ ਪਰ ਫਿਰ ਵੀ ਉਹਨਾਂ ਦੀਆਂ ਜੜਾਂ ਕਿਸੇ ਨਾ ਕਿਸੇ ਰੂਪ ਵਿੱਚ ਪੰਜਾਬ ਨਾਲ ਜੁੜੀਆਂ ਰਹਿੰਦੀਆਂ ਹਨ।

ਸ਼ਰੀਕੇਬਾਜ਼ੀ ਦੇ ਕਲੇਸ਼ ਤੋਂ ਡਰਦਿਆਂ ਹੀ ਹੁਣ ਵਿਦੇਸ਼ ਜਾਣ ਵਾਲੇ ਪੰਜਾਬੀ ਆਪਣੇ ਘਰਾਂ ਅਤੇ ਜ਼ਮੀਨ ਵੇਚ ਕੇ ਹੀ ਵਿਦੇਸ਼ ਜਾਣ ਨੂੰ ਤਰਜੀਹ ਦੇ ਰਹੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ ਅਜਿਹੇ ਵੀ ਹਨ ਜਿਹਨਾਂ ਕੋਲ ਵਿਦੇਸ਼ ਜਾਣ ਲਈ ਪੈਸੇ ਅਤੇ ਹੋਰ ਸਾਧਨਾਂ ਦੀ ਘਾਟ ਕਾਰਨ ਉਹਨਾਂ ਨੂੰ ਆਪਣੀ ਜਮੀਨ ਅਤੇ ਘਰਾਂ ਨੂੰ ਵੇਚਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਪੰਜਾਬ ਵਿੱਚ ਕਹਾਵਤ ਹੈ ਕਿ ਸ਼ਰੀਕ ਦੀ ਮੱਝ ਮਾਰਨ ਲਈ ਅਕਸਰ ਸ਼ਰੀਕ ਆਪਣੀ ਕੰਧ ਹੀ ਢਾਹ ਦਿੰਦੇ ਹਨ। ਕਹਿਣ ਦਾ ਭਾਵ ਇਹ ਹੈ ਕਿ ਜਿਹੜੇ ਪੰਜਾਬ ਵਿੱਚ ਚਾਚੇ ਤਾਏ ਆਪਣੇ ਪਰਿਵਾਰ ਹੁੰਦੇ ਸਨ, ਉਹੀ ਚਾਚੇ ਤਾਏ ਹੁਣ ਸ਼ਰੀਕ ਵਿੱਚ ਬਦਲਦੇ ਜਾ ਰਹੇ ਹਨ, ਕਈ ਪਰਿਵਾਰਾਂ ਵਿੱਚ ਤਾਂ ਸਕੇ ਭੈਣ ਭਰਾ ਵੀ ਆਪਸ ਵਿੱਚ ਸ਼ਰੀਕ ਬਣ ਜਾਂਦੇ ਹਨ। ਇਸ ਤਰਾਂ ਆਧੁਨਿਕ ਯੁੱਗ ਵਿੱਚ ਰਿਸ਼ਤਿਆਂ ਦੇ ਰੰਗ ਵੀ ਬਦਲ ਰਹੇ ਹਨ ਅਤੇ ਆਪਸ ਵਿੱਚ ਮੋਹ ਪਿਆਰ ਖ਼ਤਮ ਹੁੰਦਾ ਜਾ ਰਿਹਾ ਹੈ।

ਕੁਝ ਪਰਵਾਸੀ ਪੰਜਾਬੀਆਂ ਨੇ ਆਪਣਾ ਦੁੱਖ ਦੱਸਦੇ ਹੋਏ ਕਿਹਾ ਕਿ ਵਿਦੇਸ਼ ਵਿਚੋਂ ਜਦੋਂ ਤਕ ਉਹ ਪੰਜਾਬ ਰਹਿੰਦੇ ਆਪਣੇ ਨੇੜਲੇ ਰਿਸ਼ਤੇਦਾਰਾਂ ਨੂੰ ਵੱਖ- ਵੱਖ ਕਿਸਮਾਂ ਦਾ ਸਮਾਨ ਅਤੇ ਡਾਲਰ ਭੇਜਦੇ ਰਹਿੰਦੇ ਹਨ, ਉਨ੍ਹੀਂ ਦੇਰ ਉਹਨਾਂ ਦੇ ਰਿਸ਼ਤੇਦਾਰ ਉਹਨਾਂ ਨਾਲ ਸਹੀ ਵਰਤਾਓ ਰਖਦੇ ਹਨ ਪਰ ਜਿਵੇਂ ਹੀ ਵਿਦੇਸ਼ਾਂ ਵਿੱਚ ਵੱਡੇ ਖਰਚੇ ਹੋਣ ਕਰਕੇ ਉਹ ਰਿਸ਼ਤੇਦਾਰਾਂ ਨੂੰ ਡਾਲਰ ਅਤੇ ਸਮਾਨ ਭੇਜਣਾ ਬੰਦ ਕਰ ਦਿੰਦੇ ਹਨ ਜਾਂ ਘੱਟ ਸਮਾਨ ਭੇਜਦੇ ਹਨ ਤਾਂ ਪੰਜਾਬ ਰਹਿੰਦੇ ਰਿਸ਼ਤੇਦਾਰਾਂ ਦਾ ਵਤੀਰਾ ਬਦਲ ਜਾਂਦਾ ਹੈ।

ਅੱਜ ਦੇ ਸਮੇਂ ਵਿੱਚ ਪੂਰੀ ਦੁਨੀਆਂ ਇੱਕ ਗਲੋਬਲ ਪਿੰਡ ਬਣ ਚੁੱਕੀ ਹੈ। ਕਿਸੇ ਵੀ ਇਲਾਕੇ ਵਿੱਚ ਵਾਪਰੀ ਘਟਨਾ ਮਿੰਟਾਂ ਸਕਿੰਟਾਂ ਵਿੱਚ ਹੀ ਪੂਰੀ ਦੁਨੀਆਂ ਵਿੱਚ ਫੈਲ ਜਾਂਦੀ ਹੈ। ਜਦੋਂ ਪੰਜਾਬ ਵਿੱਚ ਕਿਸੇ ਐਨ.ਆਰ.ਆਈ. ਪੰਜਾਬੀ ਦੀ ਜ਼ਮੀਨ ਤੇ ਘਰ ਉੱਪਰ ਰਿਸ਼ਤੇਦਾਰਾਂ ਜਾਂ ਲੈਂਡ ਮਾਫੀਆ ਜਾਂ ਗੁੰਡਾ ਅਨਸਰਾਂ ਵੱਲੋਂ ਕੀਤੇ ਗਏ ਕਬਜ਼ੇ ਦੀ ਗਲ ਫੈਲਦੀ ਹੈ ਤਾਂ ਵੱਡੀ ਗਿਣਤੀ ਐਨ.ਆਰ.ਆਈ. ਪੰਜਾਬ ਵਿੱਚ ਆਪਣੀ ਜ਼ਮੀਨ ਤੇ ਜਾਇਦਾਦ ਨੂੰ ਵੇਚਣ ਲਈ ਸੋਚਣ ਲੱਗ ਜਾਂਦੇ ਹਨ। ਵੱਡੀ ਗਿਣਤੀ ਲੋਕ ਤਾਂ ਅਜਿਹਾ ਕਰ ਵੀ ਚੁੱਕੇ ਹਨ ਅਤੇ ਜਿਹੜੇ ਹੋਰ ਲੋਕ ਵਿਦੇਸ਼ ਜਾ ਰਹੇ ਹਨ ਉਹ ਵੀ ਆਰਥਿਕ ਤੰਗੀ ਦੂਰ ਕਰਨ ਅਤੇ ਵਿਦੇਸ਼ ਜਾਣ ਲਈ ਹਰ ਤਰਾਂ ਦਾ ਜੁਗਾੜ ਕਰਨ ਲਈ ਆਪਣੀ ਜ਼ਮੀਨ ਅਤੇ ਘਰ ਵੇਚਣ ਲਈ ਮਜਬੂਰ ਹਨ ਅਤੇ ਪੰਜਾਬ ਵਿਚੋਂ ਆਪਣੀ ਹਰ ਚੀਜ਼ ਵੇਚ ਕੇ ਵਿਦੇਸ਼ ਜਾ ਰਹੇ ਹਨ। ਇਸ ਤਰਾਂ ਰਿਸ਼ਤੇਦਾਰਾਂ ਵਿੱਚ ਮੋਹ ਪਿਆਰ ਖ਼ਤਮ ਹੁੰਦਾ ਜਾ ਰਿਹਾ ਹੈ ਅਤੇ ਨੇੜਲੀਆਂ ਰਿਸ਼ਤੇਦਾਰੀਆਂ ਵੀ ਹੁਣ ਸ਼ਰੀਕੇਬਾਜ਼ੀਆਂ ਵਿੱਚ ਬਦਲ ਰਹੀਆਂ ਹਨ।






# ਅਮੀਰ ਨੋਟ ਬੈਂਕ, ਗ਼ਰੀਬ ਵੋਟ ਬੈਂਕ ਪਰ ਮੱਧ ਵਰਗ...?

ਸਿਆਸੀ ਪਾਰਟੀਆਂ ਲਈ ਅਮੀਰ ਲੋਕ 'ਨੋਟ ਬੈਂਕ' ਅਤੇ ਗ਼ਰੀਬ ਲੋਕ 'ਵੋਟ ਬੈਂਕ' ਹਨ ਪਰ ਇਹਨਾਂ ਦੋਵਾਂ ਵਰਗਾਂ ਦੇ ਵਿਚਾਲੇ 'ਮੱਧ ਵਰਗ' ਦੀ ਕੋਈ ਸਾਰ ਲੈਣ ਵਾਲਾ ਨਹੀਂ ਹੈ। ਅਕਸਰ ਸਿਆਸੀ ਪਾਰਟੀਆਂ ਸੱਤਾ ਪ੍ਰਾਪਤੀ ਤੋਂ ਬਾਅਦ ਆਪਣੇ ਨੋਟ ਬੈਂਕ ਭਾਵ ਅਮੀਰ ਲੋਕਾਂ ਪੱਖੀ ਨੀਤੀਆਂ ਬਣਾਉਂਦੀਆਂ ਹਨ, ਦੂਜੇ ਪਾਸੇ ਸੱਤਾ ਪ੍ਰਾਪਤੀ ਤੋਂ ਬਾਅਦ ਸੱਤਾਧਾਰੀ ਪਾਰਟੀ ਗ਼ਰੀਬ ਵਰਗ ਦੀ ਭਲਾਈ ਲਈ ਵੀ ਉਪਰਾਲੇ ਕਰਨ ਦੇ ਦਾਅਵੇ ਕਰਦੀ ਹੈ। ਜਦੋਂਕਿ ਹਰ ਪਾਰਟੀ ਦੀ ਸਰਕਾਰ ਵਿੱਚ ਮੱਧ ਵਰਗ ਅਕਸਰ ਅਣਗੌਲਿਆ ਰਹਿ ਜਾਂਦਾ ਹੈ। ਸਿਤਮ ਦੀ ਗਲ ਇਹ ਹੈ ਕਿ ਮੱਧ ਵਰਗ ਦੇ ਅਨੇਕਾਂ ਨੇਤਾ ਵੀ ਆਪਣੇ ਭਾਈਚਾਰੇ ਦੀ ਮਦਦ ਕਰਨ ਦੀ ਥਾਂ ਵੋਟ ਬੈਂਕ ਨੂੰ ਵਧੇਰੇ ਮਹੱਤਤਾ ਦਿੰਦੇ ਹਨ।



ਅਸਲੀਅਤ ਤਾਂ ਇਹ ਹੈ ਕਿ ਮੱਧ ਵਰਗ ਵਿੱਚ ਵੀ ਦੋ ਵਰਗ ਮੌਜੂਦ ਹਨ। ਇਹਨਾਂ ਵਿਚੋਂ ਪਹਿਲਾ ਉੱਚ ਮੱਧ ਵਰਗ ਹੈ ਅਤੇ ਦੂਜਾ ਹੇਠਲਾ ਮੱਧ ਵਰਗ। ਉੱਚ ਮੱਧ ਵਰਗ ਦੇ ਲੋਕ ਆਪਣੇ ਆਪ ਨੂੰ ਅਮੀਰ ਸਮਝਣ ਦਾ ਭਰਮ ਪਾਲ ਲੈਂਦੇ ਹਨ, ਜਦੋਂਕਿ ਉਹਨਾਂ ਦੀ ਆਰਥਿਕ ਸਥਿਤੀ ਅਮੀਰਾਂ ਤੋਂ ਕੁਝ ਘੱਟ ਹੁੰਦੀ ਹੈ। ਦੂਜੇ ਪਾਸੇ ਹੇਠਲਾ ਮੱਧ ਵਰਗ, ਅਸਲ ਵਿੱਚ ਗਰੀਬ ਵਰਗ ਦੇ ਨੇੜੇ ਹੁੰਦਾ ਹੈ ਅਤੇ ਇਹ ਲੋਕ ਗਰੀਬ ਤਾਂ ਨਹੀਂ ਹੁੰਦੇ ਪਰ ਗਰੀਬਾਂ ਤੋਂ ਕੁਝ ਅਮੀਰ ਹੁੰਦੇ ਹਨ।

ਭਾਰਤ ਵਿੱਚ ਭਾਵੇਂ ਲੋਕਤੰਤਰੀ ਪ੍ਰਣਾਲੀ ਦੀ ਵਿਵਸਥਾ ਹੈ ਪਰ ਪੂੰਜੀਵਾਦ ਵੀ ਭਾਰਤ ਵਿੱਚ ਪੂਰੀ ਤਰਾਂ ਫੈਲ ਗਿਆ ਹੈ। ਹਰ ਸਿਆਸੀ ਪਾਰਟੀ ਨੂੰ ਚੋਣਾਂ ਲੜਨ ਲਈ ਪੈਸੇ ਦੀ ਲੋੜ ਪੈਂਦੀ ਹੈ। ਸਿਆਸੀ ਪਾਰਟੀਆਂ ਦੀ ਇਹ ਲੋੜ ਪੂੰਜੀਪਤੀ ਅਤੇ ਅਮੀਰ ਲੋਕ ਪੂਰੀ ਕਰਦੇ ਹਨ, ਜੋ ਕਿ ਇਹਨਾਂ ਸਿਆਸੀ ਪਾਰਟੀਆ ਨੂੰ ਚੰਦਾ ਦਿੰਦੇ ਹਨ। ਇਸੇ ਕਾਰਨ ਚੋਣਾਂ ਜਿੱਤਣ ਤੋਂ ਬਾਅਦ ਸਰਕਾਰ ਵੱਲੋਂ ਅਮੀਰਾਂ ਦੇ ਹੱਕ ਵਿੱਚ ਨੀਤੀਆਂ ਬਣਾਈਆਂ ਜਾਂਦੀਆਂ ਹਨ ਪਰ ਦਿਖਾਵਾ ਇਹ ਕੀਤਾ ਜਾਂਦਾ ਹੈ ਕਿ ਸਰਕਾਰ ਨੇ ਆਮ ਲੋਕਾਂ ਦੀ ਭਲਾਈ ਲਈ ਇਹ ਨੀਤੀਆਂ ਬਣਾਈਆਂ ਹਨ।

ਸਿਆਸਤਦਾਨ, ਭਾਵੇਂ ਉਹ ਕਿੰਨੇ ਵੀ ਚਲਾਕ ਕਿਉਂ ਨਾ ਹੋਣ, ਲੰਬੇ ਸਮੇਂ ਤੋਂ ਇਹ ਮਹਿਸੂਸ ਕਰ ਚੁੱਕੇ ਹਨ ਕਿ ਮੱਧ ਵਰਗ ਆਪਣੇ ਆਪ ਨੂੰ ਅਜਿਹੀ ਸਥਿਤੀ ਵਿੱਚ ਪਾਉਂਦਾ ਹੈ ਜੋ ਮੁੱਖ ਤੌਰ 'ਤੇ ਰੋਜ਼ਾਨਾ ਦੇ ਕੰਮਾਂ ਅਤੇ ਇੱਛਾਵਾਂ ਦੀਆਂ ਚਿੰਤਾਵਾਂ ਵਿੱਚ ਰੁੱਝਿਆ ਹੋਇਆ ਹੈ। ਕਮਜ਼ੋਰ ਆਰਥਿਕਤਾ ਵਾਲੇ ਦੇਸ਼ ਵਿੱਚ 'ਸਥਿਤੀ' ਰੱਖਣ ਦੀ ਲੜਾਈ ਵੀ ਇਸ ਨੂੰ ਵੱਡੇ ਪੱਧਰ 'ਤੇ ਆਪਣੇ ਆਪ ਵਿੱਚ ਲੀਨ ਰਹਿਣ ਲਈ ਮਜਬੂਰ ਕਰਦੀ ਹੈ। ਉਨ੍ਹਾਂ ਨੂੰ ਆਪਣੇ ਆਲੇ ਦੁਆਲੇ ਦੀ ਦੁਨੀਆਂ ਵਿੱਚ ਤੇਜ਼ੀ ਨਾਲ ਤਬਦੀਲੀਆਂ ਦੇ ਵਿਚਕਾਰ ਆਪਣੀ ਨੌਕਰੀ, ਈਐਮਆਈ, ਬੀਮਾ ਪ੍ਰੀਮੀਅਮ, ਬੱਚਿਆਂ ਦੀ ਸਿੱਖਿਆ ਦੀ ਰੱਖਿਆ ਕਰਨੀ ਪੈਂਦੀ ਹੈ, ਜਿਸ ਨੂੰ ਉਹ ਅਸਲ ਵਿੱਚ ਸ਼ਾਇਦ ਹੀ ਸਮਝ ਸਕਣ।

ਦੁਨੀਆਂ ਭਰ ਵਿੱਚ ਨਵੀਂ ਪੀੜ੍ਹੀ ਦੀਆਂ ਤਕਨੀਕੀ ਤਬਦੀਲੀਆਂ ਹੋ ਰਹੀਆਂ ਹਨ ਜਿਨ੍ਹਾਂ ਦੇ ਆਯਾਤ ਅਤੇ ਨਤੀਜਿਆਂ ਦਾ ਸਾਡੇ ਕੋਲ ਭਵਿੱਖਬਾਣੀ ਕਰਨ ਦਾ ਕੋਈ ਸਾਧਨ ਨਹੀਂ ਹੈ, ਅਜਿਹੀਆਂ ਚੀਜ਼ਾਂ ਬਦਲ ਰਹੀਆਂ ਹਨ ਜਿਵੇਂ ਪਹਿਲਾਂ ਕਦੇ ਨਹੀਂ ਹੋਈਆਂ। ਇੱਕ ਅਸੰਭਵ ਦੌੜ ਵਿੱਚ, ਉਹ ਡਿਜ਼ੀਟਲ ਵੰਡ ਅਤੇ ਫੰਡਾਂ ਦੀ ਵੰਡ ਨੂੰ ਲਗਾਤਾਰ ਵਧਾ ਰਹੇ ਹਨ।

ਇਹ ਵੀ ਇੱਕ ਵਿਡੰਬਨਾ ਹੈ ਕਿ ਸਿਆਸੀ ਪਾਰਟੀਆਂ ਹਮੇਸ਼ਾ (ਚਾਹੇ ਗੁਪਤ ਰੂਪ ਵਿੱਚ) ਅਮੀਰ ਲੋਕਾਂ ਨਾਲ ਨੇੜਤਾ ਰਖਦੀਆਂ ਹਨ। ਇਸਦੇ ਨਾਲ ਹੀ ਸਿਆਸੀ ਪਾਰਟੀਆਂ ਵੋਟਾਂ ਪ੍ਰਾਪਤ ਕਰਨ ਲਈ ਗ਼ਰੀਬ ਅਤੇ ਪਿਛੜੇ ਵਰਗ ਦੀ ਸਹਾਇਤਾ ਕਰਨ ਦਾ ਦਿਖਾਵਾ ਕਰਦੀਆਂ ਹਨ। ਦੂਜੇ ਪਾਸੇ ਮੱਧ ਵਰਗ ਬਾਰੇ ਨਾ ਤਾਂ ਸਿਆਸੀ ਪਾਰਟੀਆਂ ਕੁਝ ਸੋਚਦੀਆਂ ਹਨ ਤੇ ਨਾ ਸਰਕਾਰਾਂ। ਮੱਧ ਵਰਗ ਦੇ ਆਪਣੇ ਹੀ ਝਮੇਲੇ ਇਨੇ ਜਿਆਦਾ ਹੁੰਦੇ ਹਨ ਕਿ ਉਸ ਨੂੰ ਸਿਆਸਤ ਵਿੱਚ ਸਰਗਰਮੀਆਂ ਕਰਨ ਲਈ ਨਾ ਤਾਂ ਸਮਾਂ ਮਿਲਦਾ ਹੈ ਤੇ ਨਾ ਹੀ ਉਸ ਵਿੱਚ ਸਿਆਸੀ ਸਰਗਰਮੀਆਂ ਵਿੱਚ ਹਿਸਾ ਲੈਣ ਦੀ ਇੱਛਾ ਹੁੰਦੀ ਹੈ। ਅਜਿਹਾ ਮੱਧ ਵਰਕ ਅਕਸਰ ਚੋਣਾਂ ਮੌਕੇ ਵੋਟਾਂ ਪਾਉਣ ਲਈ ਵੀ ਉਦਾਸ ਰਹਿੰਦਾ ਹੈ। ਵੱਡੀ ਗਿਣਤੀ ਮੱਧ ਵਰਗੀ ਲੋਕਾਂ ਨੂੰ ਆਪਣੀ ਆਮਦਨ ਨੂੰ ਵਧਾਉਣ ਅਤੇ ਅਮੀਰਾਂ ਵਰਗੀਆਂ ਸੁੱਖ ਸਹੂਲਤਾਂ ਪ੍ਰਾਪਤ ਕਰਨ ਲਈ ਜੱਦੋਜਹਿਦ ਕਰਦੇ ਦੇਖਿਆ ਜਾਂਦਾ ਹੈ, ਜਿਸ ਕਰਕੇ ਅਜਿਹਾ ਮੱਧ ਵਰਗ ਸਿਆਸੀ ਤੌਰ 'ਤੇ ਜਾਗਰੂਕ ਨਹੀਂ ਹੁੰਦਾ। ਸਿਆਸੀ ਪਾਰਟੀਆਂ ਨੂੰ ਵੀ ਪਤਾ ਹੈ ਕਿ ਚੋਣਾਂ ਮੌਕੇ ਮੱਧ ਵਰਗ ਆਪਣੀ ਮਰਜ਼ੀ ਨਾਲ ਵੋਟਾਂ ਪਾ ਦਿੰਦਾ ਹੈ ਪਰ ਇਹ ਕਿਸੇ ਵੀ ਸਿਆਸੀ ਪਾਰਟੀ ਦਾ ਪੱਕਾ ਵੋਟ ਬੈਂਕ ਨਹੀਂ ਬਣਦਾ, ਇਸ ਕਰਕੇ ਸਿਆਸੀ ਪਾਰਟੀਆਂ ਵੀ ਸਿਰਫ਼ ਅਮੀਰ ਅਤੇ ਗ਼ਰੀਬ ਵਰਗ ਦੀ ਭਲਾਈ ਲਈ ਸਰਗਰਮ ਹੁੰਦੀਆਂ ਹਨ।







ਭਾਰਤ ਵਿੱਚ ਦੋ ਤਰਾਂ ਦੇ ਸਿਆਸਤਦਾਨ ਹਨ। ਇਕ ਤਾਂ ਅਮੀਰ ਸਿਆਸਤ ਦਾਨ ਹਨ ਜੋ ਕਿ ਅਮੀਰ ਘਰਾਂ ਵਿੱਚੋਂ ਆਏ ਹਨ ਅਤੇ ਕੁਝ ਸਿਆਸਤਦਾਨ ਸ਼ਾਹੀ ਖ਼ਾਨਦਾਨ ਨਾਲ ਸਬੰਧ ਰਖਦੇ ਹਨ। ਦੂਜੇ ਪਾਸੇ ਅਨੇਕਾਂ ਸਿਆਸਤਦਾਨ ਅਜਿਹੇ ਵੀ ਹਨ ਜੋ ਕਿ ਮਿੱਟੀ ਵਿਚੋਂ ਉਠ ਕੇ ਆਏ ਹਨ ਭਾਵ ਗ਼ਰੀਬ ਵਰਗ ਵਿਚੋਂ ਉਠੇ ਹਨ। ਅਜਿਹੇ ਸਿਆਸਤਦਾਨ ਭੀੜ ਇੱਕਠੀ ਕਰਨ ਦੀ ਯੋਗਤਾ ਰਖਦੇ ਹਨ, ਜਿਸ ਕਰਕੇ ਹਰ ਸਿਆਸੀ ਪਾਰਟੀ ਅਜਿਹੇ ਸਿਆਸਤਦਾਨਾਂ ਨੂੰ ਆਪਣੇ ਨਾਲ ਜੋੜਨਾ ਚਾਹੁੰਦੀ ਹੈ। ਇਸ ਵਿਚਾਲੇ ਮੱਧ ਵਰਗ ਦੇ ਸਿਆਸਤ ਦਾਨ ਮੱਧ ਵਰਗ ਦੀ ਭਲਾਈ ਦੀ ਥਾਂ ਗਰੀਬ ਵਰਗ ਦੀ ਭਲਾਈ ਵੱਲ ਵਧੇਰੇ ਧਿਆਨ ਦਿੰਦੇ ਹਨ, ਜਿਸ ਕਾਰਨ ਮੱਧ ਵਰਗ ਦੇ ਮਸਲੇ ਪਹਿਲਾਂ ਵਾਂਗ ਲਮਕਦੇ ਰਹਿੰਦੇ ਹਨ।

## ਅਜੇ ਵੀ ਜਿਉਂਦਾ ਹੈ ਮਨੂਵਾਦ

# ਭਾਜਪਾ ਆਗੂ ਦਾ ਆਦਿਵਾਸੀ ਗੱਭਰੂ 'ਤੇ ਅਤਿਆਚਾਰ ਬਨਾਮ ਸਿੱਖ ਪੰਥ

ਰਜਿੰਦਰ ਸਿੰਘ ਪੁਰੇਵਾਲ

4-5 ਜੁਲਾਈ ਦੀ ਰਾਤ ਨੂੰ ਭਾਜਪਾ ਆਗੂ ਪ੍ਰਵੇਸ਼ ਸ਼ੁਕਲਾ ਨੇ ਸ਼ਰਾਬੀ ਹਾਲਤ ਵਿੱਚ ਪੌੜੀਆਂ 'ਤੇ ਬੈਠੇ ਇੱਕ ਆਦਿਵਾਸੀ ਨੌਜਵਾਨ 'ਤੇ ਪਿਸ਼ਾਬ ਕਰ ਦਿੱਤਾ ਸੀ। ਇਸ ਦਾ ਵੀਡੀਓ ਵੀ ਵਾਇਰਲ ਹੋਇਆ ਸੀ। ਘਟਨਾ ਸਿੱਧੀ ਜ਼ਿਲ੍ਹੇ ਦੇ ਕੁਬਰੀ ਪਿੰਡ ਦੇ ਬਾਹਰੀ ਬਾਜ਼ਾਰ ਦੀ ਹੈ। ਪੁਲਿਸ ਨੇ ਭਾਜਪਾ ਆਗੂ ਖ਼ਿਲਾਫ਼ ਧਾਰਾ 323, 123, 294, 506 ਆਈਪੀਸੀ ਅਤੇ ਐਨਐਸਏ ਤਹਿਤ ਕੇਸ ਦਰਜ ਕਰ ਲਿਆ ਹੈ।

ਵਧੀਕ ਪੁਲਿਸ ਸੁਪਰਡੈਂਟ ਅੰਜੁਲਤਾ ਪਾਟਲੇ ਅਨੁਸਾਰ ਮੁਲਜ਼ਮ ਆਪਣਾ ਮੂੰਹ ਲੁਕਾ ਕੇ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ, ਪਰ ਉਹ ਆਪਣੇ ਮਕਸਦ ਵਿੱਚ ਕਾਮਯਾਬ ਨਹੀਂ ਹੋ ਸਕਿਆ। ਵੱਡੀ ਗਿਣਤੀ ਵਿੱਚ ਪੁਲਿਸ ਬਲ ਤਾਇਨਾਤ ਕਰਕੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਹੁਣ ਉਸ ਤੋਂ ਪੂਰੀ ਘਟਨਾ ਸਬੰਧੀ ਬਾਰੀਕੀ ਨਾਲ ਪੁੱਛਗਿੱਛ ਕਰ ਰਹੀ ਹੈ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਘਟਨਾ ਦੀ ਜਾਂਚ ਕਰਕੇ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦਾ ਕਹਿਣਾ ਹੈ ਕਿ ਸਿੱਧੀ ਜ਼ਿਲ੍ਹੇ ਦਾ ਇੱਕ ਵਾਇਰਲ ਵੀਡੀਓ ਮੇਰੇ ਧਿਆਨ ਵਿੱਚ ਆਇਆ ਹੈ। ਮੈਂ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਹੈ ਕਿ ਦੋਸ਼ੀ ਨੂੰ ਗ੍ਰਿਫ਼ਤਾਰ ਕਰਕੇ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਐਨ.ਐਸ.ਏ. ਵੀ ਲਗਾਈ ਜਾਵੇ।

ਮੱਧ ਪ੍ਰਦੇਸ਼ ਅਤੇ ਬਿਹਾਰ ਸਮੇਤ ਅੱਠ-ਨੌਂ ਰਾਜਾਂ (ਉੱਤਰ ਪ੍ਰਦੇਸ਼, ਹਰਿਆਣਾ, ਮਹਾਂਰਾਸ਼ਟਰ, ਗੁਜਰਾਤ, ਛਤੀਸਗੜ੍ਹ, ਰਾਜਸਥਾਨ, ਆਂਧਰਾ ਪ੍ਰਦੇਸ਼ ਤੇ ਝਾਰਖੰਡ) ਵਿੱਚ ਦਲਿਤ ਤੇ ਆਦਿਵਾਸੀ ਵਧੇਰੇ ਪੀੜਤ ਹਨ, ਕਿਉਂਕਿ ਇਥੇ ਮਨੂਵਾਦ ਜਿਉਂਦਾ ਹੈ। ਮਨੂਵਾਦ ਦਾ ਨਸਲਵਾਦ ਗੋਰਿਆਂ ਦੇ ਨਸਲਵਾਦ ਨਾਲੋਂ ਕਿਤੇ ਜ਼ਿਆਦਾ ਬਦਤਰ ਤੇ ਖਤਰਨਾਕ ਹੈ। ਪੁਲਿਸ ਤਾਂ ਅਖੌਤੀ ਉੱਚ ਜਾਤੀਆਂ ਦੀ ਰਖਵਾਲੀ ਲਈ ਹੈ। ਆਦਿਵਾਸੀਆਂ ਤੇ ਦਲਿਤਾਂ 'ਤੇ ਹੋਏ ਅਤਿਆਚਾਰਾਂ ਦੇ ਕੇਸ ਅਦਾਲਤਾਂ ਵਿੱਚ ਬਹੁਤ ਘੱਟ ਜਾਂਦੇ ਹਨ, ਜਿਹੜੇ ਜਾਂਦੇ ਹਨ ਉਨ੍ਹਾਂ ਵਿਚੋਂ 80 ਫ਼ੀਸਦੀ ਦਲਿਤਾਂ 'ਤੇ ਜ਼ੁਲਮ ਕਰਨ ਵਾਲੇ ਅਪਰਾਧੀ ਧਨ-ਬਲ, ਬਾਹੂ-ਬਲ ਅਤੇ ਰਾਜਨੀਤਕ-ਬਲ ਨਾਲ ਬਰੀ ਹੋ ਜਾਂਦੇ ਹਨ। ਇਸ ਪ੍ਰਕਾਰ ਸਾਡੇ ਕੋਲ ਕਾਨੂੰਨ ਤਾਂ ਬਹੁਤ ਹਨ, ਸੰਵਿਧਾਨਕ ਢਾਂਚਾ ਵੀ ਹੈ ਪਰ ਫਿਰ ਵੀ ਦਲਿਤਾਂ 'ਤੇ ਅਤਿਆਚਾਰ ਨਾ ਖ਼ਤਮ ਹੋਏ ਹਨ, ਨਾ ਹੋਣੇ ਹਨ।

ਭਾਰਤ ਵਿੱਚ ਸਮੇਂ-ਸਮੇਂ ਦਲਿਤ ਅੰਦੋਲਨ ਪੈਦਾ ਹੁੰਦੇ ਰਹੇ ਹਨ। ਗੁਰੂ ਸਾਹਿਬਾਨ ਦਾ ਅੰਦੋਲਨ ਹੁਣ ਤਕ ਦੇ ਅੰਦੋਲਨਾਂ ਵਿੱਚ ਸਭ ਤੋਂ ਵਿਸ਼ਾਲ, ਮੌਲਿਕ ਤੇ ਮਨੁੱਖਤਾ ਦੇ ਹੱਕ ਵਿੱਚ ਸੀ, ਜੋ ਅੱਜ ਤਕ ਚਲ ਰਿਹਾ ਹੈ। ਕੁਦਰਤੀ ਬਿਪਤਾਵਾਂ ਆਉਣ ਉਪਰ ਸਿੱਖ ਕੇਰਲਾ, ਪੰਜਾਬ, ਗੁਜਰਾਤ ਤੇ ਤ੍ਰਿਪੁਰਾ ਵਿੱਚ ਲੰਗਰ ,ਕੱਪੜਿਆਂ, ਲੋੜੀਂਦੀਆਂ ਵਸਤਾਂ ਤੇ ਦਵਾਈਆਂ ਨਾਲ ਦਲਿਤਾਂ ਤੇ ਆਦਿਵਾਸੀਆਂ ਦੀ ਸਹਾਇਤਾ ਕਰਦੇ ਰਹੇ ਹਨ। ਇਹ ਗਲ ਜ਼ਰੂਰ ਹੈ ਕਿ ਪੰਜਾਬ ਵਿੱਚ ਸਿੱਖ ਗੁਰੂ ਸਾਹਿਬਾਨਾਂ ਕਾਰਨ ਦਲਿਤਾਂ ਵਿੱਚ ਬੇਸ਼ੱਕ ਚੇਤਨਾ ਆਈ ਪਰ ਸਿੱਖ ਧਰਮ (ਸਿੱਖੀ ਜਾਤਪਾਤ, ਛੂਆ-ਛਾਤ, ਰੰਗ ਅਤੇ ਨਸਲੀ ਭੇਦ-ਭਾਵ ਨੂੰ ਨਹੀਂ ਮੰਨਦੀ) ਵਿੱਚ ਜਾਤਾਂ ਬਾਕੀ ਦੇਸ਼ ਦੇ ਸੂਬਿਆਂ ਵਾਂਗ ਹੀ ਹਨ। ਇੱਥੇ ਵੀ ਦਲਿਤਾਂ ਨਾਲ ਵਿਤਕਰੇ ਦੀਆਂ ਕੁਝ ਘਟਨਾਵਾਂ ਸਾਹਮਣੇ ਆਉਂਦੀਆਂ ਹਨ। ਇਸ ਦਾ ਵੀ ਡਟਕੇ ਸਿੱਖ ਧਰਮ ਦੇ ਉਪਾਸ਼ਕਾਂ ਨੂੰ ਵਿਰੋਧ ਕਰਨਾ ਚਾਹੀਦਾ ਹੈ। ਕੈਲੇਫੋਰਨੀਆ ਦੇ ਸਿੱਖ ਵਧਾਈ ਦੇ ਪਾਤਰ ਹਨ, ਜਿਨ੍ਹਾਂ ਜਾਤਪਾਤ ਵਿਰੋਧੀ ਅੰਦੋਲਨ ਖੜ੍ਹਾ ਕੀਤਾ। ਕੈਲੇਫੋਰਨੀਆ ਦੇ ਸਿੱਖਾਂ ਵੱਲੋਂ ਜਾਤ ਵਿਰੋਧੀ ਬਿੱਲ ਦੀ ਹਮਾਇਤ ਦਾ ਫੈਸਲਾ ਕੀਤਾ ਹੈ, ਜਿਸ ਵਿੱਚ ਜਾਤ ਨੂੰ ਲੈ ਕੇ ਕੋਈ ਕਿਸੇ ਨਾਲ ਵਿਤਕਰਾ ਨਹੀਂ ਕਰ ਸਕਦਾ। ਇਥੋਂ ਦੀਆਂ ਕੰਪਿਊਟਰ ਅਤੇ ਆਈ.ਟੀ. ਕੰਪਨੀਆਂ ਵਿੱਚ ਭਾਰਤ ਦੀਆਂ ਉੱਚ ਜਾਤੀਆਂ ਖ਼ਾਸ ਕਰ ਬ੍ਰਾਹਮਣਾਂ ਵੱਲੋਂ ਨੀਵੀਂਆਂ ਸਮਝੀਆਂ ਜਾਤੀਆਂ ਖ਼ਾਸ ਕਰ ਦਲਿਤ ਭਾਈਚਾਰੇ ਨਾਲ ਵਿਤਕਰੇ ਦੀਆਂ ਘਟਨਾਵਾਂ ਸਾਹਮਣੇ ਆਈਆਂ ਸਨ। ਇਸ ਮਸਲੇ ਨੂੰ ਲੈ ਕੇ ਰਾਜ ਦੀ ਸੈਨੇਟਰ ਆਈਸ਼ਾ ਵਹਾਬ ਨੇ ਇਕ ਬਿੱਲ ਪੇਸ਼ ਕੀਤਾ ਸੀ, ਜਿਸ ਨਾਲ ਨੌਕਰੀ ਤੇ ਕੰਮ ਵਾਲੀਆਂ ਥਾਂਵਾਂ 'ਤੇ ਉਕਤ ਵਿਤਕਰਾ ਕਰਨ ਵਾਲੇ ਨੂੰ ਸਜ਼ਾ ਮਿਲ ਸਕੇਗੀ। ਸੈਨੇਟ ਵਿਚ ਇਹ ਬਿੱਲ 34-1 ਵੋਟਾਂ ਨਾਲ ਪਾਸ ਹੋ ਗਿਆ ਸੀ ਅਤੇ ਹੁਣ ਇਸ ਬਿੱਲ ਨੇ ਅਸੈਂਬਲੀ ਵਿਚ ਜਾਣਾ ਹੈ। ਜੈਕਾਰਾ ਦੇ ਭਾਈ ਨੈਣਦੀਪ ਸਿੰਘ ਨੇ ਦੱਸਿਆ ਕਿ ਕੁਝ ਲੋਕਾਂ ਨੇ ਯੂਬਾ ਸਿਟੀ ਦੇ ਕੁਝ ਗੁਰਦੁਆਰਿਆਂ ਨੂੰ ਗੁੰਮਰਾਹ ਕਰਕੇ ਇਸ ਬਿੱਲ ਦੀ ਵਿਰੋਧਤਾ ਕਰਵਾ ਦਿੱਤੀ ਸੀ ਪਰ ਸਾਰੇ ਗੁਰਦੁਆਰਿਆਂ ਨੇ ਇਕੱਠੇ ਹੋ ਕੇ ਇਸ ਬਿੱਲ ਦੀ ਹਮਾਇਤ ਕਰਨ ਦਾ ਫੈਸਲਾ ਲਿਆ । ਇਹ ਸਮੁੱਚੇ ਵਿਸ਼ਵ ਨੂੰ ਸੁਨੇਹਾ ਹੈ ਕਿ ਸਿੱਖ ਸਾਂਝੀਵਾਲਤਾ ਦਾ ਸਮਾਜ ਚਾਹੁੰਦੇ ਹਨ। ਜਾਤੀ ਤੇ ਨਸਲੀ ਵਿਤਕਰੇ ਦੇ ਵਿਰੋਧੀ ਹਨ। ਸਿੱਖ ਧਰਮ ਵਾਲਿਆਂ ਨੂੰ ਹਮੇਸ਼ਾ ਦਲਿਤ ਵਿਤਕਰੇ ਤੇ ਨਸਲੀ ਵਿਤਕਰੇ ਵਿਰੁੱਧ ਡਟਕੇ ਖਲੌਣਾ ਚਾਹੀਦਾ ਹੈ ਤਾਂ ਜੋ ਗੁਰੂ ਸਾਹਿਬਾਨ ਦਾ ਹਲੇਮੀ ਰਾਜ ਦਾ ਸੁਨੇਹਾ ਪੂਰੇ ਵਿਸ਼ਵ ਵਿੱਚ ਫੈਲ ਸਕੇ।

# ਬਹੁਗਿਣਤੀਵਾਦ ਦਾ ਖ਼ਤਰਾ ਕਿਉਂ ਮਹਿਸੂਸ ਕਰਦੀਆਂ ਹਨ ਘੱਟ ਗਿਣਤੀ ਕੌਮਾਂ



ਅਪੂਰਵਾਨੰਦ
ਪ੍ਰੋਫੈਸਰ ਦਿੱਲੀ ਯੂਨੀਵਰਸਿਟੀ







ਮੁਸਲਮਾਨਾਂ ਨੂੰ ਮਸ਼ਵਰਾ ਦਿੱਤਾ ਜਾ ਰਿਹਾ ਹੈ ਕਿ ਉਨ੍ਹਾਂ ਨੂੰ ਬਹੁਗਿਣਤੀਵਾਦੀ ਖਤਰੇ ਦੇ ਹਊਏ ਤੋਂ ਬਾਹਰ ਨਿਕਲ ਕੇ ਅਤੇ ਆਪਣੇ ਭਾਈਚਾਰੇ ਦੀ ਬਿਹਤਰੀ ਲਈ ਪ੍ਰਸਤਾਵਿਤ ਸੁਧਾਰਾਂ 'ਤੇ ਵਿਚਾਰ ਕਰਨਾ ਚਾਹੀਦਾ ਹੈ। ਆਖਿਰ ਉਹ ਇਸ ਖਤਰੇ ਤੋਂ ਡਰਦੇ ਹੋਏ ਆਪਣੇ ਸਮਾਜਿਕ ਰੀਤੀ-ਰਿਵਾਜਾਂ ਦੇ ਸੁਧਾਰਾਂ ਨੂੰ ਕਦੋਂ ਤੱਕ ਟਾਲਦੇ ਰਹਿਣਗੇ, ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਮੁਸਲਮਾਨਾਂ ਨੂੰ ਆਪਣੀ 'ਸੰਕੁਚਿਤ ਤੇ ਕਟੜਵਾਦੀ ਮਾਨਸਿਕਤਾ' ਤੋਂ ਬਾਹਰ ਨਿਕਲ ਕੇ ਦੁਨੀਆਂ ਵੱਲ ਦੇਖਣਾ ਚਾਹੀਦਾ ਹੈ ਤੇ ਉਹ ਕਦੋਂ ਤੱਕ ਡਰ ਵਾਲੀ ਮਾਨਸਿਕਤਾ ਦਾ ਸ਼ਿਕਾਰ ਹੁੰਦੇ ਰਹਿਣਗੇ?

ਇਹ ਸਭ ਸੁਣ ਕੇ ਮੈਨੂੰ ਦਸ ਸਾਲ ਪਹਿਲਾਂ 'ਇੰਡੀਆ ਅਗੇਂਸਟ ਕਰੱਪਸ਼ਨ' ਦੀ ਯਾਦ ਆ ਗਈ। ਰਾਮਲੀਲਾ ਮੈਦਾਨ ਵਿੱਚ ਭੁੱਖ ਹੜਤਾਲ ਲਗਾਤਾਰ ਜਾਰੀ ਸੀ ਅਤੇ ਹਜ਼ਾਰਾਂ ਲੋਕ ਭਾਰਤ ਵਿੱਚ ਕ੍ਰਾਂਤੀ ਦੀ ਉਮੀਦ ਲੈ ਕੇ ਅੰਨਾ ਹਜ਼ਾਰੇ ਨੂੰ ਮਿਲਣ ਆਉਂਦੇ ਸਨ। ਉਸ ਸਮੇਂ ਉਨ੍ਹਾਂ ਲੋਕਾਂ 'ਤੇ ਲਾਹਨਤਾਂ ਪਾਈਆਂ ਜਾ ਰਹੀਆਂ ਸਨ ਜੋ ਉਸ ਅੰਦੋਲਨ ਦਾ ਹਿੱਸਾ ਬਣਨ ਤੋਂ ਇਨਕਾਰੀ ਸਨ।

ਇੱਕ ਦੋਸਤ ਨੇ ਕਿਹਾ ਕਿ ਉੱਥੇ ਜੋ ਨਾਅਰੇ ਲੱਗੇ ਹਨ, ਉਸ ਥਾਂ ਦਾ ਸਾਰਾ ਮਾਹੌਲ ਮੁਸਲਮਾਨਾਂ ਲਈ ਯੋਗ ਨਹੀਂ ਹੈ। ਇਸ ਬਾਰੇ ਮੇਰੇ ਇਕ ਹੋਰ ਦੋਸਤ ਨੇ ਕਿਹਾ ਕਿ ਕੀ ਉਹ ਇਸ ਮਹਾਨ ਅੰਦੋਲਨ ਵਿੱਚ ਇਸ ਲਈ ਹਿੱਸਾ ਨਹੀਂ ਲੈਣਗੇ ਕਿਉਂਕਿ ਇਸ ਵਿੱਚ ਥੋੜਾ ਬਹੁਗਿਣਤੀ ਦਾ ਬੋਲਬਾਲਾ ਹੈ? ਕੀ ਇਹ ਉਨ੍ਹਾਂ ਦੀ ਸੌੜੀ ਸੋਚ ਨਹੀਂ ਹੈ? ਕੀ ਉਹ ਆਪਣੀ ਸੋਚ ਤੋਂ ਬਾਹਰ ਨਿਕਲ ਕੇ ਵਡੇਰੇ ਰਾਸ਼ਟਰ ਹਿੱਤਾਂ ਨਾਲ ਜੁੜ ਨਹੀਂ ਸਕਦੇ?

ਇਹ ਸੁਣ ਕੇ ਮੈਨੂੰ ਜੈਪ੍ਰਕਾਸ਼ ਅੰਦੋਲਨ ਦੀ ਯਾਦ ਆ ਗਈ। ਉਸ ਅੰਦੋਲਨ ਵਿੱਚ ਜੋ ਨਾਅਰੇ ਬਹੁਤ ਪ੍ਰਚਲਿਤ ਸਨ, ਉਨ੍ਹਾਂ ਵਿੱਚੋਂ ਇੱਕ ਸੀ, 'ਗਾਂ ਸਾਡੀ ਮਾਂ ਹੈ, ਅਬਦੂਲ ਗ਼ਫ਼ੂਰ ਇਸ ਨੂੰ ਖਾਂਦਾ ਹੈ।' ਉਸ ਅੰਦੋਲਨ ਵਿੱਚ ਵੱਡੀ ਗਿਣਤੀ ਵਿੱਚ ਮੁਸਲਮਾਨ ਵੀ ਸ਼ਾਮਲ ਸਨ। ਜੈਪ੍ਰਕਾਸ਼ ਜੀ ਦੇ ਸਾਥੀਆਂ ਵਿੱਚੋਂ ਕਿਸੇ ਨੇ ਉਨ੍ਹਾਂ ਦਾ ਧਿਆਨ ਇਸ ਵੱਲ ਖਿੱਚਿਆ, ਪਰ ਉਨ੍ਹਾਂ ਨੇ ਇਸ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਇਹ ਨਾਅਰਾ ਲਗਾਤਾਰ ਗੂੰਜਦਾ ਰਿਹਾ। ਆਖ਼ਰ ਕੋਈ ਵੱਡਾ ਮਕਸਦ ਸੀ, ਉਸ ਲਈ ਕੀ ਮੁਸਲਮਾਨ ਇਸ ਨਾਅਰੇ ਨੂੰ ਬਰਦਾਸ਼ਤ ਨਹੀਂ ਕਰ ਸਕਦੇ ਸਨ?

ਉਸ ਸਮੇਂ ਬਹੁਗਿਣਤੀਵਾਦ ਸ਼ਬਦ ਪ੍ਰਚੱਲਤ ਨਹੀਂ ਸੀ। ਹਰ ਕੋਈ ਜਾਣਦਾ ਸੀ ਕਿ ਉਸ ਅੰਦੋਲਨ ਦਾ ਆਧਾਰ ਰਾਸ਼ਟਰੀ ਸਵੈਮ ਸੇਵਕ ਸੰਘ ਸੀ। ਉਸ ਸਮੇਂ ਇਹ ਜ਼ਰੂਰ ਕਿਹਾ ਗਿਆ ਹੋਵੇਗਾ ਕਿ ਕੀ ਮੁਸਲਮਾਨ ਫਿਰਕਾਪ੍ਰਸਤੀ ਦੇ ਡਰੋਂ ਇਸ ਕੌਮੀ ਕਾਜ਼ ਲਈ ਨਹੀਂ ਲੜਨਗੇ? ਆਰ.ਐਸ.ਐਸ. ਨੂੰ ਨਾਲ ਦੇਖ ਕੇ ਅਤੇ ਇਸ ਦਾ ਦਬਾਅ ਮਹਿਸੂਸ ਕਰਦਿਆਂ ਹੋਇਆਂ ਵੀ ਮੁਸਲਮਾਨਾਂ ਨੇ ਇਸ ਵਿਚ ਹਿੱਸਾ ਲਿਆ।

ਮੁਸਲਮਾਨਾਂ ਨੇ ਰਾਮ ਮਨੋਹਰ ਲੋਹੀਆ ਹੋਵੇ ਜਾਂ ਜੈਪ੍ਰਕਾਸ਼ ਜਾਂ ਵਿਸ਼ਵਨਾਥ ਪ੍ਰਤਾਪ ਸਿੰਘ ਆਦਿ ਸਾਰਿਆਂ ਦਾ ਸਾਥ ਦਿੱਤਾ। ਇਹ ਜਾਣਦੇ ਹੋਏ ਕਿ ਉਹ ਸਾਰੇ ਬਹੁਗਿਣਤੀਵਾਦੀ ਜਨਸੰਘ ਜਾਂ ਭਾਰਤੀ ਜਨਤਾ ਪਾਰਟੀ ਦਾ ਸਮਰਥਨ ਲੈ ਰਹੇ ਹਨ, ਪਰ ਵਡੇਰੇ ਕੌਮੀ ਉਦੇਸ਼ ਨੂੰ ਮੁੱਖ ਰੱਖਦਿਆਂ ਮੁਸਲਮਾਨਾਂ ਨੇ ਇਨ੍ਹਾਂ ਤੋਂ ਪਰਹੇਜ਼ ਨਹੀਂ ਕੀਤਾ। ਉਨ੍ਹਾਂ ਨੇ ਅਰਵਿੰਦ ਕੇਜਰੀਵਾਲ ਦਾ ਜੋਸ਼ ਨਾਲ ਸਮਰਥਨ ਵੀ ਕੀਤਾ। ਇਸ ਦਾ ਨਤੀਜਾ ਸਾਹਮਣੇ ਹੈ। ਬਹੁਗਿਣਤੀਵਾਦ ਇੱਕ ਹਕੀਕਤ ਸੀ, ਇਸ ਦਾ ਖ਼ਤਰਾ ਵੀ ਅਸਲੀ ਹੈ। ਪਹਿਲਾਂ ਉਹ ਸਹਾਇਕ ਭੂਮਿਕਾ ਵਿੱਚ ਸੀ, ਹੁਣ ਉਸ ਦਾ ਰਾਜਨੀਤੀ ਵਿੱਚ ਦਬਦਬਾ ਹੈ।

ਸਵਾਲ ਇਹ ਹੈ ਕਿ ਧਰਮ ਨਿਰਪੱਖ ਸਿਆਸਤ ਬਹੁਗਿਣਤੀਵਾਦੀਆਂ ਦਾ ਸਾਥ ਲੈਣ ਵਿੱਚ ਕਿਉਂ ਨਹੀਂ ਝਿਜਕ ਰਹੀ? ਉਸ ਨੇ ਮੁਸਲਮਾਨਾਂ ਨੂੰ ਵਾਰ-ਵਾਰ ਕਿਉਂ ਕਿਹਾ ਕਿ ਉਹ ਆਪਣੀ ਝਿਜਕ ਛੱਡ ਦੇਣ ਅਤੇ ਵਡੇਰੇ ਰਾਸ਼ਟਰੀ ਹਿੱਤ ਵਿੱਚ ਉਨ੍ਹਾਂ ਨਾਲ ਹੱਥ ਮਿਲਾਉਣ? ਪਿਛਲੀ ਸਦੀ ਦੇ ਸੱਠਵਿਆਂ ਦੇ ਦਹਾਕੇ ਵਿੱਚ ਗੱਠਜੋੜ ਸਰਕਾਰਾਂ ਦਾ ਮਾਮਲਾ ਹੋਵੇ ਜਾਂ 1977 ਵਿੱਚ ਜਨਤਾ ਪਾਰਟੀ, ਇਹੋ ਦਲੀਲ ਦਿੱਤੀ ਗਈ ਸੀ। ਇਹੀ ਗੱਲ 2013 ਵਿੱਚ ਕਹੀ ਗਈ ਸੀ।

ਵਿਆਪਕ ਰਾਸ਼ਟਰੀ ਵਿਕਾਸ ਲਈ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣ ਦੀ ਗੱਲ ਕਹੀ ਗਈ। ਉਨ੍ਹਾਂ ਲੋਕਾਂ ਨੂੰ ਨਿੰਦਿਆ ਗਿਆ ਜੋ ਬਹੁਗਿਣਤੀਵਾਦ ਤੇ ਨਰਿੰਦਰ ਮੋਦੀ ਦਾ 'ਹਊਆ' ਦਿਖਾ ਲੋਕਾਂ ਨੂੰ ਤੋਂ ਡਰਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਕਿਹਾ ਗਿਆ ਸੀ ਕਿ ਸਾਨੂੰ ਸਾਰਿਆਂ ਨੂੰ ਇਸ ਕਾਲਪਨਿਕ ਡਰ ਤੋਂ ਬਾਹਰ ਆ ਕੇ ਦਲੇਰੀ ਨਾਲ ਲੋਕਤੰਤਰ ਦੇ ਹਿੱਤ ਵਿਚ ਫੈਸਲਾ ਲੈਣਾ ਚਾਹੀਦਾ ਹੈ।




ਬਹੁਗਿਣਤੀਵਾਦ ਦੇ ਹਊਏ ਨੂੰ ਨਕਾਰਦਿਆਂ, ਲੋਕਤੰਤਰੀ ਸਾਹਸ ਨਾਲ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਨੂੰ ਚੁਣ ਲਿਆ ਗਿਆ। ਨੌਂ ਸਾਲ ਬੀਤ ਚੁੱਕੇ ਹਨ ਅਤੇ ਬਹੁਗਿਣਤੀਵਾਦ ਆਪਣੇ ਸਭ ਤੋਂ ਭੈੜੇ ਦਹਿਸ਼ਤੀ ਅਵਤਾਰ ਵਿੱਚ ਭਾਰਤ ਦੇ ਸੀਨੇ ਉਪਰ ਖੰਜਰ ਮਾਰ ਰਿਹਾ ਹੈ। ਇਹ ਕਹਿਣਾ ਸ਼ਾਇਦ ਗਲਤ ਹੈ ਕਿ ਬਹੁਗਿਣਤੀਵਾਦ ਦੇ ਕਾਰਨ, ਹਿੰਦੂਆਂ ਨੂੰ ਕਦੇ ਵੀ ਉਹੀ ਸਮੱਸਿਆ ਨਹੀਂ ਆਵੇਗੀ ਜਿਸ ਦਾ ਸਾਹਮਣਾ ਮੁਸਲਮਾਨਾਂ ਅਤੇ ਈਸਾਈਆਂ ਨੂੰ ਕਰਨਾ ਪੈ ਰਿਹਾ ਹੈ। ਕਿਸੇ ਹਿੰਦੂ ਨੂੰ ਵੰਦੇ ਮਾਤਰਮ ਗਾਉਣ ਜਾਂ ਜੈ ਸ਼੍ਰੀ ਰਾਮ ਦਾ ਨਾਰਾ ਲਗਾਉਣ ਲਈ ਮਜਬੂਰ ਨਹੀਂ ਕੀਤਾ ਜਾਂਦਾ। ਕਿਸੇ ਹਿੰਦੂ ਨੂੰ ਮਾਸ ਖਾਣ ਅਤੇ ਘਰ ਵਿੱਚ ਪਕਾਉਣ ਲਈ ਨਹੀਂ ਮਾਰਿਆ ਜਾਂਦਾ। ਇੱਕ ਹਿੰਦੂ ਆਦਮੀ ਨੂੰ ਇੱਕ ਮੁਸਲਮਾਨ ਕੁੜੀ ਨਾਲ ਵਿਆਹ ਕਰਨ ਲਈ ਗ੍ਰਿਫਤਾਰ ਨਹੀਂ ਕੀਤਾ ਜਾਂਦਾ ਹੈ। ਕਿਸੇ ਹਿੰਦੂ ਦਾ ਘਰ ਬੁਲਡੋਜ਼ਰ ਨਾਲ ਨਹੀਂ ਢਾਹਿਆ ਜਾਂਦਾ।

ਇਸ ਲਈ ਬਹੁਗਿਣਤੀਵਾਦ ਦੀ ਹੋਂਦ ਦਾ ਮਤਲਬ ਜੋ ਮੁਸਲਮਾਨਾਂ ਲਈ ਹੈ, ਉਹ ਹਿੰਦੂਆਂ ਲਈ ਨਹੀਂ ਹੈ ਅਤੇ ਉਹ ਇਸ ਦੀ ਭਿਆਨਕਤਾ ਨੂੰ ਕਦੇ ਮਹਿਸੂਸ ਨਹੀਂ ਕਰ ਸਕਦੇ ਹਨ। ਉਦਾਹਰਣ ਵਜੋਂ, ਦਿੱਲੀ ਯੂਨੀਵਰਸਿਟੀ ਦੇ ਸ਼ਤਾਬਦੀ ਸਮਾਗਮਾਂ ਦੌਰਾਨ ਜੋ ਜੈ ਸ਼੍ਰੀ ਰਾਮ ਦਾ ਨਾਰਾ ਲਗਾਇਆ ਜਾਂਦਾ ਹੈ, ਉਸ ਨਾਲ ਹਿੰਦੂਆਂ ਨੂੰ ਬੇਚੈਨੀ ਮਹਿਸੂਸ ਨਹੀਂ ਹੋ ਸਕਦੀ ਪਰ ਮੁਸਲਮਾਨ ਦਹਿਸ਼ਤ ਵਿੱਚ ਆ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਯਾਦ ਹੈ ਕਿ ਇਹ ਉਨ੍ਹਾਂ 'ਤੇ ਹਮਲਾ ਕਰਨ ਲਈ ਇਹੀ ਨਾਰਾ ਵਰਤਿਆ ਜਾਂਦਾ ਹੈ।

ਹੁਣੇ ਹੀ ਮੈਂ ਲੇਖਿਕਾ ਜੈਸਿੰਟਾ ਕੇਰਕੇਟਾ ਦੀ ਟਿੱਪਣੀ ਪੜ੍ਹੀ, 'ਈਦ-ਉਲ-ਅਧਾ ਦੇ ਮੌਕੇ 'ਤੇ, ਮੈਂ ਬੀਤੀ ਰਾਤ ਇੱਕ ਦੋਸਤ ਦੇ ਘਰ ਆਈ ਸੀ। ਉਸ ਨੇ ਖਾਣਾ ਪਕਾਇਆ। ਅਸੀਂ ਇਕੱਠੇ ਡਿਨਰ ਕੀਤਾ। ਸਾਰਿਆਂ ਦੇ ਸੌਣ ਤੋਂ ਬਾਅਦ, ਮੈਂ ਦੇਰ ਰਾਤ ਤੱਕ ਉਸਦੇ ਹੱਥ 'ਤੇ ਮਹਿੰਦੀ ਲਗਾਉਂਦੀ ਰਹੀ। ਉਹ ਕੁਝ ਰੰਗ ਚਾਹੁੰਦੀ ਸੀ। ਮੈਂ ਪੁੱਛਿਆ, 'ਤੁਸੀਂ ਕਿਵੇਂ ਮਹਿਸੂਸ ਕਰਦੇ ਹੋ?' ਉਸ ਨੇ ਕਿਹਾ, 'ਕਿਸੇ ਦੀ ਧਾਰਮਿਕ ਪਛਾਣ ਬਾਰੇ ਚਿੰਤਾ ਹੈ। ਅਸੀਂ ਡਰੇ ਹੋਏ ਹਾਂ।

ਕੀ ਹਿੰਦੂ ਕਦੇ ਇਹ ਚਿੰਤਾ, ਇਹ ਡਰ ਮਹਿਸੂਸ ਕਰਨਗੇ? ਅਤੇ ਕੀ ਜੈਕਿੰਟਾ ਦੇ ਦੋਸਤ ਦੀ ਪ੍ਰਤੀਕਿਰਿਆ ਬਹੁਤ ਤਿੱਖੀ ਸੀ? ਕੀ ਉਸ ਦੋਸਤ ਨੂੰ, ਜੋ ਯਕੀਨਨ ਮੁਸਲਮਾਨ ਹੈ, ਨੂੰ ਕਿਹਾ ਜਾ ਸਕਦਾ ਹੈ ਕਿ ਉਹ ਆਪਣੇ ਡਰ ਤੋਂ ਬਾਹਰ ਆ ਕੇ ਇਸ ਸਰਕਾਰ ਦੇ ਸਮਾਜ ਸੁਧਾਰ ਪ੍ਰਸਤਾਵਾਂ 'ਤੇ ਖੁੱਲ੍ਹੇ ਦਿਮਾਗ ਨਾਲ ਵਿਚਾਰ ਕਰੇ?

ਜੇਕਰ ਬਹੁਗਿਣਤੀਵਾਦੀ ਰਾਜਨੀਤੀ ਮੁਸਲਮਾਨਾਂ ਨੂੰ ਕਹਿੰਦੀ ਹੈ ਕਿ ਉਹ ਉਨ੍ਹਾਂ ਦੇ ਭਲੇ ਲਈ ਕੁਝ ਕਰ ਰਹੀ ਹੈ, ਤਾਂ ਕੀ ਮੁਸਲਮਾਨਾਂ ਨੂੰ ਇਸ 'ਤੇ ਭਰੋਸਾ ਨਹੀਂ ਕਰਨਾ ਚਾਹੀਦਾ ਅਤੇ ਉਨ੍ਹਾਂ ਦੇ ਡਰ ਵਿੱਚ ਜਕੜੇ ਰਹਿਣਾ ਚਾਹੀਦਾ ਹੈ?

ਇਸੇ ਤਰ੍ਹਾਂ ਇਹ ਕਹਿਣ ਵਾਲੇ ਚੰਗੇ ਲੋਕ ਵੀ ਮਿਲਦੇ ਹਨ ਜੋ ਕਹਿੰਦੇ ਹਨ ਕਿ ਮੁਸਲਮਾਨਾਂ ਨੂੰ 'ਡਰ ਦੀ ਮਾਨਸਿਕਤਾ' ਤੋਂ ਮੁਕਤ ਹੋਣਾ ਚਾਹੀਦਾ ਹੈ। ਇਹ ਇੱਕ ਅਜੀਬ ਮੰਗ ਹੈ. ਮੁਸਲਮਾਨਾਂ ਨੂੰ ਕਦੇ ਵੀ ਰਲਵੀਂ-ਮਿਲਵੀਂ, ਖੁੱਲ੍ਹੀ ਥਾਂ, ਖੁੱਲ੍ਹੀ ਥਾਂ 'ਤੇ ਘਰ ਨਹੀਂ ਮਿਲੇਗਾ, ਉਹ ਖੁੱਲ੍ਹ ਕੇ ਨਮਾਜ਼ ਵੀ ਨਹੀਂ ਅਦਾ ਕਰ ਸਕਦੇ, ਉਨ੍ਹਾਂ ਨੂੰ ਸ਼ਹਿਰ ਦੇ ਕੋਨੇ-ਕੋਨੇ ਵਿੱਚ ਥਾਂ-ਥਾਂ ਧੱਕਾ ਦੇ ਕੇ ਬਕਸੇ ਵਿੱਚ ਬੰਦ ਕਰ ਦਿੱਤਾ ਜਾਵੇਗਾ, ਪਰ ਉਨ੍ਹਾਂ ਤੋਂ ਮੰਗ ਕੀਤੀ ਜਾਵੇਗੀ ਕਿ ਦਬੀ ਮਾਨਸਿਕਤਾ ਤੇ ਡਰ ਦਾ ਸ਼ਿਕਾਰ ਨਾ ਹੋਵੋ।

'ਦਬੀ ਮਾਨਸਿਕਤਾ' ਦੇ ਸ਼ਿਕਾਰ ਮੁਸਲਮਾਨ ਨਹੀਂ, ਹਿੰਦੂ ਹਨ। ਉਨ੍ਹਾਂ ਨੂੰ ਡਰਾਇਆ ਜਾ ਰਿਹਾ ਹੈ ਕਿ ਉਹ ਮੁਸਲਮਾਨਾਂ ਵਿਚਾਲੇ ਘਿਰੇ ਹੋਏ ਹਨ ਅਤੇ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਦੇ ਖਤਰੇ ਤੋਂ ਸਾਵਧਾਨ ਰਹਿਣਾ ਚਾਹੀਦਾ ਹੈ, ਜੋ ਮੁਸਲਮਾਨਾਂ ਅਤੇ ਈਸਾਈਆਂ ਦੇ ਰੂਪ ਵਿੱਚ ਉਨ੍ਹਾਂ ਵਿਚਾਲੇ ਹੈ। ਬੰਗਲਾਦੇਸ਼ੀ ਰੋਹਿੰਗਿਆ ਉਨ੍ਹਾਂ ਦੀ ਜ਼ਮੀਨ 'ਤੇ ਕਬਜ਼ਾ ਕਰਨ ਦੀ ਸਾਜ਼ਿਸ਼ ਰਚ ਰਹੇ ਹਨ। ਮੁਸਲਮਾਨ ਉਨ੍ਹਾਂ ਦੀਆਂ ਕੁੜੀਆਂ ਨੂੰ ਫਸਾਉਂਦੇ ਹਨ, ਪੜ੍ਹ-ਲਿਖ ਕੇ ਉਨ੍ਹਾਂ ਦੀਆਂ ਨੌਕਰੀਆਂ ਹੜੱਪ ਰਹੇ ਹਨ। ਉਨ੍ਹਾਂ ਨੂੰ ਹਰ ਸਮੇਂ ਜਾਗਦੇ ਰਹਿਣ ਲਈ ਕਿਹਾ ਜਾ ਰਿਹਾ ਹੈ, ਆਪਣੇ ਆਲੇ-ਦੁਆਲੇ 'ਤੇ ਨਜ਼ਰ ਰੱਖਣ ਲਈ ਕਿਹਾ ਜਾ ਰਿਹਾ ਹੈ। ਇਸ ਲਈ ਇਹ 'ਦਬੀ ਮਾਨਸਿਕਤਾ' ਕਿਸ ਦੀ ਹੈ ਅਤੇ ਕਿਸ ਨੂੰ ਇਸ ਤੋਂ ਛੁਟਕਾਰਾ ਪਾਉਣ ਦੀ ਲੋੜ ਹੈ?

ਮੁਸਲਮਾਨ ਦੇਖ ਰਹੇ ਹਨ ਕਿ ਉਨ੍ਹਾਂ ਨਾਲ ਕੀ ਕੀਤਾ ਜਾ ਰਿਹਾ ਹੈ ਇਸ ਲਈ ਉਨ੍ਹਾਂ ਨੂੰ ਜੋ ਕਿਹਾ ਜਾ ਰਿਹਾ ਹੈ ਉਸ 'ਤੇ ਵਿਸ਼ਵਾਸ ਨਹੀਂ ਕਰ ਸਕਦੇ। ਉਦਾਹਰਣ ਵਜੋਂ, ਜ਼ਕੀਆ ਜਾਫਰੀ ਇਹ ਵਿਸ਼ਵਾਸ ਨਹੀਂ ਕਰ ਸਕਦੀ ਕਿ ਇਹ ਸਰਕਾਰ ਉਸ ਵਰਗੀਆਂ ਮੁਸਲਿਮ ਔਰਤਾਂ ਦਾ ਭਲਾ ਕਰਨ ਦੇ ਇਰਾਦੇ ਨਾਲ ਕਾਨੂੰਨੀ ਸੁਧਾਰ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਇਸ ਦਾ ਸਮਰਥਨ ਕਰਨਾ ਚਾਹੀਦਾ ਹੈ। ਜ਼ਕੀਆ ਸਿਰਫ਼ ਇੱਕ ਨਾਮ ਨਹੀਂ ਹੈ। ਪੂਰੀ ਮੁਸਲਮਾਨਾਂ ਦੀ ਪ੍ਰਤੀਨਿਧ ਹੈ।

ਕੀ ਅਸੀਂ ਇਹ ਕਹਿਣਾ ਚਾਹੁੰਦੇ ਹਾਂ ਕਿ ਜਿਹੜੀ ਸਿਆਸਤ ਮੁਸਲਿਮ-ਵਿਰੋਧੀ ਅਤੇ ਉਨ੍ਹਾਂ ਵਿਰੁੱਧ ਨਫ਼ਰਤ ਦੀ ਖਾਦ 'ਤੇ ਫੁੱਲਦੀ ਹੈ, ਉਹ ਮੁਸਲਿਮ ਔਰਤਾਂ ਦੀ ਭਲਾਈ ਲਈ ਫਿਕਰਮੰਦ ਹੈ? ਅਤੇ ਕੀ ਅਸੀਂ ਸੋਚਦੇ ਹਾਂ ਕਿ ਮੁਸਲਮਾਨ ਇਸ 'ਤੇ ਵਿਸ਼ਵਾਸ ਕਰ ਲੈਣਗੇ?



# ਜ਼ਾਲਮ ਸਟੇਟ ਨਾਲ ਜੂਝਣ ਵਾਲੀ ਔਰਤਾਂ ਦੀ ਆਜ਼ਾਦੀ ਦੀ ਜੁਝਾਰੂ ਵਕੀਲ ਨਰਗੇਸ ਮੁਹੰਮਦੀ



ਰਣਜੀਤ ਸਿੰਘ ਕੁੱਕੀ ਗਿੱਲ

ਇਰਾਨ ਦੀ ਰਾਜਧਾਨੀ ਤਹਿਰਾਨ ਵਿਖੇ ਏਵਿਨ ਜੇਲ੍ਹ ਵਿੱਚ ਬੰਦ ਨਰਗੇਸ ਮੁਹੰਮਦੀ, 'ਔਰਤਾਂ, ਜੀਵਨ ਅਤੇ ਆਜ਼ਾਦੀ' ਦੀ ਵਕੀਲ, ਦੁਆਰਾ ਇਸ ਸਮੇਂ ਆਜ਼ਾਦੀ ਲਈ ਸੰਘਰਸ਼ ਚੱਲ ਰਿਹਾ ਹੈ। ਪਿਛਲੇ ਸਾਲ ਸਤੰਬਰ ਵਿੱਚ ਮਾਹਸਾ ਅਮੀਨੀ, ਇੱਕ ਜਵਾਨ, ਕੁਰਦਿਸ਼ ਇਰਾਨੀ ਔਰਤ ਜਿਸ ਨੂੰ ਗਲਤ ਢੰਗ ਨਾਲ ਸਿਰ ਦਾ ਸਕਾਰਫ਼ ਪਹਿਨਣ ਲਈ ਗ੍ਰਿਫਤਾਰ ਕੀਤਾ ਗਿਆ ਅਤੇ ਕੁੱਟਿਆ ਗਿਆ, ਦੀ ਮੌਤ ਤੋਂ ਬਾਅਦ ਜਦੋਂ ਪੂਰੇ ਇਰਾਨ ਵਿੱਚ ਵਿਰੋਧ ਫੈਲ ਗਿਆ ਸੀ ਤਾਂ ਨਰਗੇਸ ਮੁਹੰਮਦੀ ਨੇ ਇਰਾਨ ਦੀ ਬਦਨਾਮ ਏਵਿਨ ਜੇਲ੍ਹ ਵਿਚੋਂ ਉਸ ਦੇ ਹੱਕ ਵਿੱਚ ਸ਼ਾਸਨ ਦੀ ਕਾਰਵਾਈ ਖ਼ਿਲਾਫ਼ ਆਪਣੀ ਅਵਾਜ਼ ਬੁਲੰਦ ਕੀਤੀ। ਸੈਂਟਰ ਫਾਰ ਹਿਊਮਨ ਰਾਈਟਸ ਡਾਕੂਮੈਂਟੇਸ਼ਨ ਦੀ ਡਿਪਟੀ ਡਾਇਰੈਕਟਰ ਮੁਹੰਮਦੀ ਨੇ ਪ੍ਰਦਰਸ਼ਨਾਂ ਦੌਰਾਨ ਕੈਦ ਹੋਈਆਂ ਔਰਤਾਂ ਦੇ ਜਿਨਸੀ ਸ਼ੋਸ਼ਣ ਦਾ ਵਰਣਨ ਕਰਦੇ ਹੋਏ ਇੱਕ ਪੱਤਰ ਲਿਖਿਆ। ਕਥਿਤ ਰਾਸ਼ਟਰੀ ਸੁਰੱਖਿਆ ਅਪਰਾਧਾਂ ਲਈ ਅੱਠ ਸਾਲ ਦੀ ਸਜ਼ਾ ਦੁਬਾਰਾ ਸ਼ੁਰੂ ਕਰਨ ਲਈ ਦਿਲ ਦੀ ਸਰਜਰੀ ਲਈ ਥੋੜ੍ਹੇ ਜਿਹੇ ਫਰਲੋ ਤੋਂ ਬਾਅਦ ਮੁਹੰਮਦੀ ਨੂੰ ਪਿਛਲੇ ਅਪ੍ਰੈਲ ਜੇਲ੍ਹ ਵਾਪਸ ਪਰਤਣਾ ਪਿਆ। ਨਰਗੇਸ 31 ਸਾਲਾਂ ਤੋਂ ਇਰਾਨ ਦੇ ਇਸਲਾਮੀ ਗਣਰਾਜ ਦੇ ਇਸਲਾਮੀ ਸ਼ਾਸਕਾਂ ਦੀ ਬੇਰਹਿਮੀ ਵਿਰੁੱਧ ਲੜ ਰਹੀ ਹੈ ਅਤੇ ਆਪਣੀ ਕਿਸ਼ੋਰ ਅਵਸਥਾ ਤੋਂ ਹੀ ਜੇਲ੍ਹ ਦੇ ਅੰਦਰ-ਬਾਹਰ ਹੀ ਰਹੀ ਹੈ।

ਇਰਾਨ ਦੇ ਸ਼ਾਸਨ ਦੁਆਰਾ ਔਰਤਾਂ ਉੱਪਰ ਪਹਿਰਾਵੇ ਅਤੇ ਜਨਤਕ ਵਿਵਹਾਰ ਨੂੰ ਲੈ ਕੇ ਕੀਤੇ ਗਏ ਸਖ਼ਤ ਦਮਨ ਦੀ ਉਲੰਘਣਾ ਕਰਦੇ ਹੋਏ ਪ੍ਰਦਰਸ਼ਨਕਾਰੀਆਂ ਨੇ ਪਿਛਲੇ ਸਤੰਬਰ ਨਾਚ ਕੀਤਾ, ਗਾਣੇ ਗਾਏ ਅਤੇ ਔਰਤਾਂ ਨੇ ਆਪਣੇ ਪਰਦੇ ਉਤਾਰ ਦਿੱਤੇ। ਔਰਤਾਂ, ਜੀਵਨ, ਆਜ਼ਾਦੀ ਲਈ ਭੀੜ ਦੇ ਨਾਅਰਿਆਂ ਨੇ ਵਿਰੋਧ ਅੰਦੋਲਨ ਨੂੰ ਇਸ ਦਾ ਨਾਮ ਦਿੱਤਾ ਅਤੇ ਇਹ ਇਸਲਾਮੀ ਤਾਨਾਸ਼ਾਹੀ ਸ਼ਾਸਨ ਦੇ ਵਿਰੋਧ ਵਿੱਚ ਔਰਤਾਂ ਦੀ ਭੂਮਿਕਾ ਨੂੰ ਦਰਸਾਉਂਦਾ ਹੈ। ਇਰਾਨੀ ਲੀਡਰਸ਼ਿਪ ਨੇ ਬੇਰਹਿਮ ਦਮਨਕਾਰੀ ਸੁਰੱਖਿਆ ਬਲ ਨਾਲ ਇਸ ਅੰਦੋਲਨ ਨੂੰ ਦਬਾਇਆ। ਮਨੁੱਖੀ ਅਧਿਕਾਰ ਕਾਰਕੁੰਨ ਫ਼ਿਊਜ਼ ਏਜੰਸੀ (ਹਰਾ ਨਾ) ਨੇ ਜਨਵਰੀ ਵਿੱਚ ਅੰਦਾਜ਼ਾ ਲਗਾਇਆ ਸੀ ਕਿ 500 ਤੋਂ ਵੱਧ ਲੋਕ ਮਾਰੇ ਗਏ ਸਨ ਅਤੇ 19000 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਹਾਲਾਂ ਕਿ, ਕਈਆਂ ਨੂੰ ਬਾਅਦ ਵਿੱਚ ਰਿਹਾਅ ਕਰ ਦਿੱਤਾ ਗਿਆ ਹੈ, ਬਾਕੀਆਂ ਨੂੰ ਮੌਤ ਦੀ ਸਜ਼ਾ ਦਾ ਸਾਹਮਣਾ ਕਰਨਾ ਪਿਆ ਹੈ।

ਨਰਗੇਸ ਮੁਹੰਮਦੀ ਇੱਕ ਸਿਖਲਾਈ ਪ੍ਰਾਪਤ ਪਰਮਾਣੂ ਭੌਤਿਕ ਵਿਗਿਆਨੀ ਹੈ। ਇਹ ਪਿਛੋਕੜ ਉਹ ਮਨੁੱਖੀ ਅਧਿਕਾਰਾਂ ਦੇ ਹੋਰ ਮਸ਼ਹੂਰ ਚੈਂਪੀਅਨਾਂ: ਰੂਸੀ ਆਂਦਰੇਈ ਸਖਾਰੋਵ ਅਤੇ ਬੋਰਿਸ ਨੇਮਤਸੋਵ ਅਤੇ ਚੀਨ ਦੇ ਫੈਂਗ ਲਿਜ਼ੀ ਨਾਲ ਸਾਂਝਾ ਕਰਦੀ ਹੈ।ਉਸ ਦਾ ਮਨੁੱਖੀ ਅਧਿਕਾਰਾਂ ਲਈ ਕੀਤਾ ਕੰਮ ਕਾਫ਼ੀ ਵਿਆਪਕ ਹੈ, ਪਰ ਰੋਯਾ ਬੋਰੋਮੰਡ, ਅਬਦੋਰਹਮਾਨ ਬੋਰੋਮੰਡ ਫਾਊਂਡੇਸ਼ਨ ਦੇ ਕਾਰਜਕਾਰੀ ਨਿਰਦੇਸ਼ਕ, ਨੇ ਕਿਹਾ ਕਿ ਮੁਹੰਮਦੀ ਨਿਆਂ ਪ੍ਰਣਾਲੀ 'ਤੇ ਫੋਕਸ ਕਰਨ ਨੂੰ ਸਭ ਤੋਂ ਮਹੱਤਵਪੂਰਨ ਮੰਨਦੀ ਹੈ। ਮੁਹੰਮਦੀ ਦਾ ਪਿਛਲੇ 31 ਸਾਲਾਂ ਦੀ ਸਰਗਰਮੀ ਹਾਈ ਪ੍ਰੋਫਾਈਲ ਕੈਦੀਆਂ ਤੱਕ ਸੀਮਤ ਨਹੀਂ ਹੈ। ਬਹੁਤ ਸਾਰੇ ਕਾਰਕੁਨਾਂ ਦੇ ਉਲਟ, ਉਹ ਆਮ ਕੈਦੀਆਂ ਵੱਲ ਧਿਆਨ ਦਿੰਦੀ ਹੈ ਜੋ ਨਿਆਂਪਾਲਿਕਾ ਦੇ ਪੰਜੇ ਵਿੱਚ ਫਸ ਜਾਂਦੇ ਹਨ।ਆਪਣੀ ਕੈਦ ਨੂੰ ਕੰਮ ਵਿੱਚ ਵਿਘਨ ਮੰਨਣ ਦੀ ਬਜਾਏ, ਮੁਹੰਮਦੀ ਨੇ ਇਸ ਨੂੰ ਕੋਠੜੀਆਂ ਅਤੇ ਪੁੱਛ-ਗਿੱਛ ਕਮਰਿਆਂ ਵਿੱਚ ਜਾਰੀ ਰੱਖਿਆ ਹੈ। ਉਸਨੇ ਈਰਾਨ ਵਿੱਚ ਚਿੱਟੇ ਤਸ਼ੱਦਦ ਵਜੋਂ ਜਾਣੇ ਜਾਂਦੇ ਲੰਬੇ ਇਕਾਂਤ ਕੈਦ ਦੇ ਤਜਰਬਿਆਂ ਬਾਰੇ ਸਾਥੀ ਕੈਦੀਆਂ ਦੀ ਇੰਟਰਵਿਊ ਕੀਤੀ ਹੈ। ਇੰਟਰਵਿਊਆਂ ਨੂੰ ਇੱਕ ਕਿਤਾਬ ਵ੍ਹਾਈਟ ਟਾਰਚਰ: ਇੰਟਰਵਿਊਜ਼ ਵਿਦ ਇਰਾਨੀਅਨ ਵਿਮੈਨ ਪਰਿਜ਼ਨਰਜ਼ ਦੇ ਰੂਪ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਹੈ।

ਨਿਗਾਰਾ ਅਫਸ਼ਰਜ਼ਾਦੇਹ, ਇੱਕ ਜਵਾਨ ਮਾਂ ਅਤੇ ਤੁਰਕਮੇਨਿਸਤਾਨ ਦੀ ਨਾਗਰਿਕ, ਨੇ ਇਰਾਨ ਵਿੱਚ ਆਪਣੀ ਧੀ ਨੂੰ ਮਿਲਣ ਜਾਣ ਵੇਲੇ ਜਾਸੂਸੀ ਦੇ ਦੋਸ਼ ਵਿੱਚ ਫੜ੍ਹੇ ਜਾਣ ਤੋਂ ਬਾਅਦ 18 ਮਹੀਨਿਆਂ ਤੱਕ ਚਿੱਟੇ ਤਸ਼ਦੱਦ ਨੂੰ ਝੱਲਿਆ। ਕੋਠੜੀ ਵਿੱਚ ਸਮਾਂ ਨਹੀਂ ਲੰਘਦਾ। ਮੈਂ ਬਿਲਕੁਲ ਇਕੱਲੀ ਸੀ, ਉਸਨੇ ਮੁਹੰਮਦੀ ਨੂੰ ਦੱਸਿਆ। ਕੋਠੜੀ ਦੇ ਦਰਵਾਜ਼ੇ ਦਾ ਇੱਕ ਤੰਗ ਖਿੜਕੀ ਸੀ ਜਿਸ ਨੂੰ ਮਹਿਲਾ ਅਧਿਕਾਰੀ ਕਈ ਵਾਰ ਅੰਦਰ ਦੇਖਣ ਲਈ ਖੋਲ੍ਹਦੀਆਂ ਸਨ। ਮੈਂ ਆਪਣਾ ਚਿਹਰਾ ਘੰਟਿਆਂ-ਬੱਧੀ ਖਿੜਕੀ ਦੇ ਪਿੱਛੇ ਰੱਖੀ ਰੱਖਦੀ ਤਾਂ ਉਨ੍ਹਾਂ ਦੇ ਉਹ ਦਰਵਾਜ਼ਾ ਖੋਲ੍ਹਣ ਵੇਲੇ ਮੈਂ ਗਲਿਆਰੇ ਵਿੱਚ ਦੇਖ ਸਕਾਂ। ਕੋਠੜੀ ਵਿੱਚ ਅੰਤਾਂ ਦੀ ਚੁੱਪ ਸੀ ਅਤੇ ਕੋਈ ਆਵਾਜ਼ ਨਹੀਂ ਸੀ ਆਉਂਦੀ। ਮੈਂ ਕੋਠੜੀ ਦੇ ਸਾਰੇ ਪਾਸੇ ਦੇਖਿਆ ਤਾਂ ਜੋ ਮੈਨੂੰ ਕੀੜੀ ਵਰਗੀ ਕੋਈ ਚੀਜ਼ ਮਿਲ ਸਕੇ ਅਤੇ ਜਦੋਂ ਵੀ ਮੈਨੂੰ ਕੋਈ ਲੱਭਦੀ, ਮੈਂ ਉਸ ਦਾ ਪਿੱਛਾ ਕਰਦੀ ਰਹਿੰਦੀ। ਮੈਂ ਘੰਟਿਆਂ ਬੱਧੀ ਕੀੜੀਆਂ ਨਾਲ ਗੱਲਾਂ ਕੀਤੀਆਂ। ਇਹ ਕੋਠੜੀਆਂ ਦੀ ਠੰਡੀ ਚੁੱਪ ਨੂੰ ਦਰਸਾਉਂਦਾ ਹੈ।

ਵ੍ਹਾਈਟ ਟਾਰਚਰ ਵਿੱਚ, ਮੁਹੰਮਦੀ ਦੱਸਦੀ ਹੈ ਕਿ ਕਿਵੇਂ ਜੇਲ੍ਹ ਵਿੱਚ ਡਾਕਟਰੀ ਇਲਾਜ ਵੀ ਤਸੀਹੇ ਦੇ ਇੱਕ ਹੋਰ ਰੂਪ ਵਜੋਂ ਕੰਮ ਕਰਦਾ ਹੈ। ਇੱਕ ਜ਼ੰਜੀਰੀ ਲਿਆਓ ਅਤੇ ਉਸ ਦੇ ਹੱਥਾਂ ਅਤੇ ਪੈਰਾਂ ਨੂੰ ਮੰਜੇ ਦੀਆਂ ਲੱਤਾਂ ਨਾਲ ਬੰਨ੍ਹੋ, ਜਦੋਂ ਮੁਹੰਮਦੀ ਮਾੜੇ ਇਲਾਜ ਦੌਰਾਨ ਰੋਂਦੀ ਹੈ ਤਾਂ ਇੱਕ ਡਾਕਟਰ ਉੱਚੀ ਸਾਰੀ ਚਿਲਾਉਂਦਾ ਹੈ। ਇਸ ਦੇ ਬਾਵਜੂਦ ਕਿ ਡਾਕਟਰ ਨੇ ਮਰੀਜ਼ਾਂ ਦੀਆਂ ਜਾਨਾਂ ਬਚਾਉਣ ਦੀ ਸਹੁੰ ਖਾਧੀ ਸੀ, ਉੱਚੀ-ਉੱਚੀ ਬੋਲਣਾ ਸ਼ੁਰੂ ਕਰ ਦਿੱਤਾ। ਮੁਹੰਮਦੀ, ਤੂੰ ਭਾਵੇਂ ਮਰ ਜਾ, ਪਰ ਜੇਲ੍ਹ ਤੋਂ ਬਾਹਰ ਮਰੀ ਤਾਂ ਕਿ ਸ਼ਾਸਨ ਨੂੰ ਅੰਤਰਰਾਸ਼ਟਰੀ ਨਿੰਦਾ ਦਾ ਸਾਹਮਣਾ ਨਾ ਕਰਨਾ ਪਵੇ। ਕੋਈ ਵੀ ਭਵਿੱਖਬਾਣੀ ਨਹੀਂ ਕਰ ਸਕਦਾ ਕਿ ਇਰਾਨ ਵਿੱਚ ਰਾਜਨੀਤਿਕ ਤਬਦੀਲੀ ਕਦੋਂ ਆਵੇਗੀ, ਪਰ ਔਰਤਾਂ, ਜੀਵਨ, ਆਜ਼ਾਦੀ ਵਿਰੋਧ ਪ੍ਰਦਰਸ਼ਨ ਈਰਾਨ ਵਿੱਚ ਇੱਕ





ਤਬਦੀਲੀ ਨੂੰ ਦਰਸਾਉਂਦੇ ਹਨ।

ਮੌਜੂਦਾ ਚੱਲ ਰਹੇ ਵਿਰੋਧ ਪ੍ਰਦਰਸ਼ਨ ਔਰਤਾਂ ਦੇ ਹੱਕਾਂ ਅਤੇ ਇਰਾਨ ਦੇ ਕੁਰਦਿਸਤਾਨ ਖੇਤਰ ਵਿੱਚ ਇੱਕ ਘੱਟਗਿਣਤੀ ਸਮੂਹ ਨਾਲ ਸਬੰਧਿਤ ਇੱਕ ਔਰਤ ਦੀ ਮੌਤ ਖ਼ਿਲਾਫ਼ ਇੱਕਮੁੱਠਤਾ ਨੇ ਇੱਕ ਰਾਸ਼ਟਰਵਿਆਪੀ ਵਿਰੋਧ ਨੂੰ ਭੜਕਾਇਆ। ਪ੍ਰਦਰਸ਼ਨਕਾਰੀਆਂ ਦੇ ਟੀਚਿਆਂ ਦਾ ਘੇਰਾ ਵੀ ਮਹੱਤਵਪੂਰਨ ਹੈ। ਉਹ ਤੰਗ ਘੇਰਿਆਂ ਤੋਂ ਉੱਪਰ ਉੱਠ ਮਹਿਜ਼ ਔਰਤਾਂ ਦੇ ਪਰਦੇ ਪਹਿਨਣ ਦੀ ਲੋੜ ਨੂੰ ਖਤਮ ਕਰਨ ਦੀ ਮੰਗ ਹੀ ਨਹੀਂ ਕਰ ਰਹੇ, ਸਗੋਂ ਉਨ੍ਹਾਂ ਨੇ ਮੂਲਵਾਦੀ ਸ਼ਾਸਨ ਦੀ ਜਾਇਜ਼ਤਾ ਨੂੰ ਚੁਣੌਤੀ ਦਿੱਤੀ ਹੈ ਜੋ ਕਿ ਇਰਾਨ ਵਿੱਚ 1979 ਵਿੱਚ ਇਨਕਲਾਬ ਤੋਂ ਬਾਅਦ ਹੁਣ ਤੱਕ ਦਾ ਸਭ ਤੋਂ ਵੱਡਾ ਖ਼ਤਰਾ ਹੈ। ਸਾਰੀਆਂ ਪਾਰਟੀਆਂ ਧਰਮ ਸ਼ਾਸਤਰ ਦਾ ਅੰਤ ਚਾਹੁੰਦੀਆਂ ਹਨ, ਫਾਊਂਡੇਸ਼ਨ ਫਾਰ ਦੀ ਡਿਫੈਂਸ ਆਫ ਡੈਮੋਕਰੇਸੀਜ਼ ਦੇ ਰੀਯੂਲ ਗੇਰੇਚਟ ਦਾ ਕਹਿਣਾ ਹੈ। ਸ਼ਾਸਨ ਦੇ ਨਜ਼ਰੀਏ ਤੋਂ, ਦਾਅ ਉੱਚੇ ਹਨ। ਔਰਤਾਂ ਨੂੰ ਡਰਾਇਆ ਨਹੀਂ ਜਾਂਦਾ, ਅਤੇ ਸ਼ਾਸਨ ਲਈ ਇਸ ਨੂੰ ਸੰਭਾਲਣਾ ਔਖਾ ਹੋਇਆ ਪਿਆ ਹੈ, ਗੇਰੇਚ ਅੱਗੇ ਕਹਿੰਦਾ ਹੈ, ਕਿਉਂਕਿ ਸ਼ਾਸਨ ਆਪਣੇ ਆਪ ਨੂੰ ਔਰਤਾਂ ਦੇ ਰੱਖਿਅਕ ਵਜੋਂ ਪੇਸ਼ ਕਰਨਾ ਪਸੰਦ ਕਰਦਾ ਹੈ। ਇੱਕ ਸਖ਼ਤ ਕਾਰਵਾਈ ਨਾਲ ਬਹੁਤ ਸਾਰੇ ਹੋਰ ਆਦਮੀਆਂ ਦੇ ਸੜਕਾਂ 'ਤੇ ਨਿਕਲਣ ਦੀ ਸੰਭਾਵਨਾ ਹੈ।

ਔਰਤਾਂ ਦੇ ਵਿਰੁੱਧ ਹੋਰ ਵੀ ਤਾਕਤ ਵਰਤਣ ਦੀ ਝਿਜਕ ਦੇਸ਼ ਭਰ ਵਿੱਚ ਸਕੂਲੀ ਵਿਦਿਆਰਥਣਾਂ ਨੂੰ ਅਜੀਬ ਢੰਗ ਨਾਲ ਜ਼ਹਿਰ ਦੇਣ ਨੂੰ ਸਾਹਮਣੇ ਲਿਆਉਂਦੀ ਹੈ ਜਿਸਦੀਆਂ ਜੜ੍ਹਾਂ ਸ਼ਾਸਨ ਤੱਕ ਜਾਂਦੀਆਂ ਹਨ।

ਮਿਡਲ ਈਸਟ ਡੈਮੋਕਰੇਸੀ 'ਤੇ ਪ੍ਰੋਜੈਕਟ ਦੇ ਸੰਚਾਰ ਨਿਰਦੇਸ਼ਕ ਅਪ੍ਰੈਲ ਬ੍ਰੈਡੀ ਦਾ ਕਹਿਣਾ ਹੈ ਕਿ ਵਿਰੋਧ ਪ੍ਰਦਰਸ਼ਨਾਂ ਦਾ ਆਮ ਤੌਰ 'ਤੇ ਵੰਡੇ ਇਰਾਨੀ ਡਾਇਸਪੋਰਾ 'ਤੇ ਵੀ ਪ੍ਰਭਾਵ ਪਿਆ ਹੈ। ਉਹ ਚਾਰਟਰ ਆਫ ਸੋਲੀਡੈਰਿਟੀ ਐਂਡ ਅਲਾਇੰਸ ਫਾਰ ਫਰੀਡਮ ਦੇ ਮਾਰਚ ਵਿੱਚ ਜਾਰੀ ਕੀਤੇ ਜਾਣ ਵੱਲ ਇਸ਼ਾਰਾ ਕਰਦੀ ਹੈ, ਜਿਸ ਨੂੰ ਮਾਹਸਾ ਚਾਰਟਰ ਵੀ ਕਿਹਾ ਜਾਂਦਾ ਹੈ, ਜੋ ਇਸਲਾਮਿਕ ਸ਼ਾਸਨ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਅਲੱਗ-ਥਲੱਗ ਕਰਨ ਦੀ ਮੰਗ ਕਰਦਾ ਹੈ ਅਤੇ ਇੱਕ ਧਰਮ ਨਿਰਪੱਖ ਲੋਕਤੰਤਰੀ ਇਰਾਨ ਲਈ ਇੱਕ ਬਲੂਪ੍ਰਿੰਟ ਨਿਰਧਾਰਤ ਕਰਦਾ ਹੈ।

ਨਸਲੀ ਵੰਡ ਦੇ ਪਾਰ ਇਰਾਨੀ ਲੋਕ ਨਾ ਸਿਰਫ਼ ਸ਼ਾਸਨ ਦੇ ਵਿਰੋਧ ਵਿੱਚ ਇੱਕਜੁੱਟ ਹੋ ਰਹੇ ਹਨ, ਸਗੋਂ ਇੱਕ ਵਿਭਿੰਨ ਗੱਠਜੋੜ ਬਣਾ ਰਹੇ ਹਨ, ਜਿਸ ਵਿੱਚ ਕਾਰਕੁੰਨ, ਅਭਿਨੇਤਰੀਆਂ, ਅਥਲੀਟ, ਕੁਰਦ ਨੇਤਾ, ਸਾਬਕਾ ਸ਼ਾਹ ਦਾ ਪੁੱਤਰ ਅਤੇ ਹੋਰ ਸ਼ਾਮਲ ਹਨ ਤਾਂ ਜੋ ਈਰਾਨ ਦੇ ਲੋਕਤੰਤਰੀ ਭਵਿੱਖ ਲਈ ਇੱਕ ਸਾਂਝਾ ਦ੍ਰਿਸ਼ਟੀਕੋਣ ਬਣਾਇਆ ਜਾ ਸਕੇ।

ਜਦੋਂ ਮੁਹੰਮਦੀ ਨੇ ਪਿਛਲੇ ਸਾਲ ਜੇਲ੍ਹ ਵਾਪਸ ਜਾਣ ਦੀ ਤਿਆਰੀ ਕੀਤੀ, ਉਸਨੇ ਇੱਕ ਛੋਟਾ ਵੀਡੀਓ ਸੰਦੇਸ਼ ਜਾਰੀ ਕੀਤਾ। ਇਹ ਅਤਿਆਚਾਰ ਦੇ ਸਾਮ੍ਹਣੇ ਉਸ ਦਾ ਸੰਜਮ, ਉਸ ਸੁਹਾਵਣੇ ਅਪਾਰਟਮੈਂਟ ਅਤੇ ਉਸ ਥਾਂ ਵਿਚਲਾ ਅੰਤਰ ਜਿਸ ਨੂੰ ਉਹ ਜਾਣਦੀ ਹੈ ਕਿ ਉਹ ਹਾਲਾਤਾਂ ਲਈ ਛੱਡ ਰਹੀ ਹੈ ਨੂੰ ਦਰਸਾਉਂਦਾ ਹੈ ਅਤੇ ਅਸੀਂ ਜਾਣਦੇ ਹਾਂ ਕਿ ਔਖੀਆਂ ਹਾਲਾਤਾਂ ਉਸ ਨੂੰ ਪਰਖਣਗੀਆਂ ਪਰ ਤੋੜਨਗੀਆਂ ਨਹੀਂ।ਉਹ ਕਹਿੰਦੀ ਹੈ, ਪਹਿਲਾਂ ਵੀ ਕਈ ਵਾਰ ਦੀ ਤਰਾਂ ਮੈਂ ਅੱਜ ਸ਼ਾਮ ੫ ਵਜੇ ਜੇਲ੍ਹ ਵੱਲ ਜਾ ਰਹੀ ਹਾਂ। ਉਸ ਦੇ ਪਿੱਛੇ ਉਸ ਦੇ ਦੋ ਜੁੜਵਾਂ ਬੱਚਿਆਂ ਦੀਆਂ ਤਸਵੀਰਾਂ ਹਨ, ਜੋ ਉਸ ਦੇ ਪਤੀ ਤਾਗੀ ਰਹਿਮਾਨੀ, ਇੱਕ ਪੱਤਰਕਾਰ ਅਤੇ ਕਾਰਕੁਨ, ਨਾਲ ਵਿਦੇਸ਼ ਵਿੱਚ ਰਹਿੰਦੇ ਹਨ ਜਿਸ ਨੇ ਖੁਦ 14 ਸਾਲ ਜੇਲ੍ਹ ਵਿੱਚ ਬਿਤਾਏ ਹਨ। ਉਹ ਬਹੁਤ ਉਮੀਦ ਨਾਲ ਭਰੀ ਹੋਈ ਸੀ ਅਤੇ ਕਿਸੇ ਵੀ ਚਿੰਤਾ ਜਾਂ ਨਿਰਾਸ਼ਾ ਤੋਂ ਮੁਕਤ ਸੀ ਅਤੇ ਉਸਨੇ ਇੱਕ ਅਰਾਮਦਾਇਕ ਅਤੇ ਉਤਸ਼ਾਹਿਤ ਟੋਨ ਵਿੱਚ ਆਪਣੇ ਸੰਦੇਸ਼ ਦੀ ਸ਼ੁਰੂਆਤ ਕੀਤੀ। ਉਹ ਇਸ ਤਰ੍ਹਾਂ ਲੱਗ ਰਹੀ ਸੀ ਜਿਵੇਂ ਉਹ ਕੰਮ 'ਤੇ ਜਾਣ ਵਾਲੀ ਸੀ - ਜੋ ਕਿ, ਬੇਸ਼ੱਕ, ਉਹ ਜਾ ਰਹੀ ਸੀ।

ਮੈਨੂੰ ਲਗਦਾ ਹੈ ਕਿ ਮੇਰੇ ਸਾਥੀ ਦੇਸ਼ ਵਾਸੀ ਅਤੇ ਔਰਤਾਂ 100 ਸਾਲਾਂ ਦੇ ਸੰਘਰਸ਼ ਤੋਂ ਬਾਅਦ ਲੋਕਤੰਤਰ ਪ੍ਰਾਪਤ ਕਰਨ ਲਈ ਵਧੇਰੇ ਜਾਗਰੂਕ ਅਤੇ ਇੱਛੁਕ ਹਨ। ਬੇਸ਼ੱਕ, ਸਾਨੂੰ ਇਰਾਨ ਦੇ ਇਸਲਾਮਿਕ ਗਣਰਾਜ ਦੁਆਰਾ ਦਬਾਇਆ ਜਾ ਰਿਹਾ ਹੈ, ਪਰ ਅਸੀਂ ਮੰਨਦੇ ਹਾਂ ਕਿ ਇਹ ਮੇਰੇ ਲੋਕਾਂ ਦੀ ਸ਼ਕਤੀ ਅਤੇ ਲਚਕੀਲੇਪਣ ਅਤੇ ਜ਼ਾਲਮਾਂ ਦੀ ਕਮਜ਼ੋਰੀ ਦੀ ਨਿਸ਼ਾਨੀ ਹੈ। ਮੈਂ ਲੜਾਈ ਜਾਰੀ ਰੱਖਣ ਲਈ ਜੇਲ੍ਹ ਵਾਪਸ ਜਾ ਰਹੀ ਹਾਂ। ਲੇਖਕ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਕਰਨ ਵਾਲੀ ਮੁਹੰਮਦੀ ਵਰਤਮਾਨ ਵਿੱਚ ਤਹਿਰਾਨ ਦੀ ਏਵਿਨ ਜੇਲ੍ਹ ਵਿੱਚ ਬੰਦ ਹੈ ਅਤੇ ਉਸ ਨੂੰ ਲੰਬੇ ਸਮੇਂ ਤੱਕ ਇਕਾਂਤਵਾਸ ਅਤੇ ਤੀਬਰ ਮਨੋਵਿਗਿਆਨਕ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਹੈ। ਬਦਲਾਅ ਲਈ ਵਿੱਢੀ ਲੜਾਈ ਕਰਕੇ ਨਰਗੇਸ ਮੁਹੰਮਦੀ ਨੂੰ ਆਪਣੇ ਕਰੀਅਰ ਰਾਹੀ ਕੀਮਤ ਚੁਕਾਉਣੀ ਪਈ, ਉਸ ਨੂੰ ਆਪਣੇ ਪਰਿਵਾਰ ਤੋਂ ਵੱਖ ਕਰ ਦਿੱਤਾ ਗਿਆ ਅਤੇ ਉਸ ਨੂੰ ਆਜ਼ਾਦੀ ਤੋਂ ਵਾਂਝੇ ਕਰ ਦਿੱਤਾ। ਪਰ ਜੇਲ੍ਹ ਦੀ ਕੋਈ ਕੋਠੀ ਉਸ ਨੂੰ ਚੁੱਪ ਕਰਵਾਉਣ ਵਿੱਚ ਕਾਮਯਾਬ ਨਹੀਂ ਹੋ ਸਕੀ। ਜਦੋਂ ਨਰਗੇਸ ਮੁਹੰਮਦੀ ਇੱਕ ਛੋਟੀ ਬੱਚੀ ਸੀ ਤਾਂ ਉਸ ਦੀ ਮਾਂ ਨੇ ਉਸ ਨੂੰ ਕਦੇ ਵੀ ਰਾਜਨੀਤਿਕ ਨਾ ਬਣਨ ਲਈ ਕਿਹਾ। ਈਰਾਨ ਵਰਗੇ ਦੇਸ਼ ਵਿੱਚ ਸਿਸਟਮ ਨਾਲ ਲੜਨ ਦੀ ਕੀਮਤ ਬਹੁਤ ਜ਼ਿਆਦਾ ਹੋਵੇਗੀ। ਉਸ ਦੀ ਮੌਜੂਦਾ ਕੈਦ ਇਰਾਨ ਦੀ ਅਸਹਿਮਤੀ ਪ੍ਰਤੀ ਕਠੋਰ ਪਹੁੰਚ ਨਾਲ ਨਾਲ ਉਸ ਦੀ ਪਹਿਲੀ ਮੁਲਾਕਾਤ ਨਹੀਂ ਹੈ।

ਪਿਛਲੇ 30 ਸਾਲਾਂ ਵਿੱਚ, ਇਰਾਨ ਦੀ ਸਰਕਾਰ ਨੇ ਉਸ ਦੀਆਂ ਸਰਗਰਮੀਆਂ ਅਤੇ ਉਸ ਦੇ ਲੇਖਣ ਲਈ ਉਸ ਨੂੰ ਵਾਰ-ਵਾਰ ਸਜ਼ਾ ਦਿੱਤੀ ਹੈ। ਉਸ ਨੂੰ ਬਹੁਤ ਸਾਰੀਆਂ ਚੀਜ਼ਾਂ ਤੋਂ ਵਾਂਝੇ ਕਰ ਦਿੱਤਾ ਹੈ ਜੋ ਉਸ ਨੂੰ ਪਸੰਦ ਹਨ - ਇੱਕ ਇੰਜੀਨੀਅਰ ਵਜੋਂ ਉਸ ਦਾ ਕੈਰੀਅਰ, ਉਸ ਦੀ ਸਿਹਤ, ਉਸ ਦੇ ਮਾਪਿਆਂ, ਪਤੀ ਅਤੇ ਬੱਚਿਆਂ ਨਾਲ ਸਮਾਂ, ਅਤੇ ਉਸ ਦੀ ਆਜ਼ਾਦੀ। ਮੁਹੰਮਦੀ ਨੇ ਆਖਰੀ ਵਾਰ ਆਪਣੇ 16 ਸਾਲ ਦੇ ਜੁੜਵਾਂ ਬੱਚਿਆਂ, ਅਲੀ ਅਤੇ ਕਿਆਨਾ, ਦੀ ਆਵਾਜ਼ ਇੱਕ ਸਾਲ ਪਹਿਲਾਂ ਸੁਣੀ ਸੀ। ਉਸਨੇ ਅੱਠ ਸਾਲ ਪਹਿਲਾਂ ਆਖ਼ਰੀ ਵਾਰ ਆਪਣੇ ਪੁੱਤਰ ਅਤੇ ਧੀ ਨੂੰ ਆਪਣੀਆਂ ਬਾਹਾਂ ਵਿੱਚ ਲਿਆ ਸੀ।

ਉਸ ਦਾ ਪਤੀ, 63 ਵਰ੍ਹਿਆਂ ਦਾ ਤਾਗੀ ਰਹਿਮਾਨੀ, ਇੱਕ ਲੇਖਕ ਅਤੇ ਪ੍ਰਮੁੱਖ ਕਾਰਕੁੰਨ ਵੀ ਹੈ ਜਿਸ ਨੂੰ ਇਰਾਨ ਵਿੱਚ 14 ਸਾਲਾਂ ਲਈ ਜੇਲ੍ਹ ਵਿੱਚ ਬੰਦ ਕੀਤਾ ਗਿਆ ਸੀ। ਉਹ ਆਪਣੇ ਜੋੜੇ ਬੱਚਿਆਂ ਨਾਲ ਫਰਾਂਸ ਵਿੱਚ ਜਲਾਵਤਨੀ ਵਿੱਚ ਰਹਿੰਦਾ ਹੈ। ਮੁਹੰਮਦੀ ਨੇ ਜੋ ਦੁੱਖ ਅਤੇ ਘਾਟਾ ਝੱਲਿਆ ਹੈ, ਉਸ ਨੇ ਤਬਦੀਲੀ ਲਈ ਅੱਗੇ ਵਧਦੇ ਰਹਿਣ ਦੇ ਉਸ ਦੇ ਇਰਾਦੇ ਨੂੰ ਮੱਧਮ ਨਹੀਂ ਕੀਤਾ ਹੈ।

ਏਵਿਨ ਜੇਲ੍ਹ ਦੇ ਮਹਿਲਾ ਵਾਰਡ ਵਿੱਚ ਉਸ ਦੀ ਕੋਠੜੀ ਵਿੱਚ ਇੱਕ ਛੋਟੀ ਜਿਹੀ ਖਿੜਕੀ ਉੱਤਰੀ ਤਹਿਰਾਨ ਵਿੱਚ ਜੇਲ੍ਹ ਦੇ ਆਲੇ ਦੁਆਲੇ ਦੇ ਪਹਾੜਾਂ ਵੱਲ ਖੁਲ੍ਹਦੀ ਹੈ। ਅਪ੍ਰੈਲ ਵਿੱਚ ਏਵਿਨ ਦੇ ਅੰਦਰੋਂ ਇੱਕ ਦੁਰਲੱਭ ਅਤੇ ਅਣਅਧਿਕਾਰਤ ਟੈਲੀਫੋਨ ਇੰਟਰਵਿਊ ਵਿੱਚ ਉਸ ਨੇ ਕਿਹਾ, ਜਿੰਨਾ ਜ਼ਿਆਦਾ ਉਹ ਮੈਨੂੰ ਸਜ਼ਾ ਦਿੰਦੇ ਹਨ, ਜਿੰਨਾ ਜ਼ਿਆਦਾ ਉਹ ਮੇਰੇ ਤੋਂ ਖੋਹ ਲੈਂਦੇ ਹਨ, ਮੈਂ ਓਨਾ ਹੀ ਲੜਨ ਲਈ ਦ੍ਰਿੜ੍ਹ ਹੋ ਜਾਂਦੀ ਹਾਂ ਕਿ ਅਸੀਂ ਲੋਕਤੰਤਰ ਅਤੇ ਆਜ਼ਾਦੀ ਤੋਂ ਘੱਟ ਕੁਝ ਨਹੀਂ ਸਵੀਕਾਰ ਕਰਾਂਗੇ। ਪਿਛਲੇ ਮਹੀਨੇ, ਜੇਲ ਅਧਿਕਾਰੀਆਂ ਨੇ ਮੁਹੰਮਦੀ ਦੇ ਟੈਲੀਫੋਨ ਅਤੇ ਮੁਲਾਕਾਤ ਦੇ ਅਧਿਕਾਰਾਂ ਨੂੰ ਰੱਦ ਕਰ ਦਿੱਤਾ ਕਿਉਂ ਕਿ ਉਸ ਦੇ ਇਰਾਨ ਦੁਆਰਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੀ ਨਿੰਦਾ ਕਰਦੇ ਹੋਏ ਜੇਲ ਤੋਂ ਜਾਰੀ ਕੀਤੇ ਬਿਆਨ ਉਸ ਦੇ ਇੰਸਟਾਗ੍ਰਾਮ ਪੇਜ 'ਤੇ ਪੋਸਟ ਕੀਤੇ ਗਏ ਸਨ। ਪੈਨ ਅਮਰੀਕਾ ਨੇ ਪਿਛਲੇ ਮਹੀਨੇ ਨਿਊਯਾਰਕ ਵਿੱਚ ਆਪਣੇ ਸਾਲਾਨਾ ਸਮਾਰੋਹ ਵਿੱਚ ਮੁਹੰਮਦੀ ਨੂੰ ਬਾਰਬੀ ਫ੍ਰੀਡਮ ਟੂ ਰਾਈਟ ਅਵਾਰਡ ਨਾਲ ਸਨਮਾਨਿਤ ਕੀਤਾ। ਸੰਯੁਕਤ ਰਾਸ਼ਟਰ ਨੇ ਉਸ ਨੂੰ ਇਸ ਸਾਲ ਵਿਸ਼ਵ ਪ੍ਰੈੱਸ ਸੁਤੰਤਰਤਾ ਪੁਰਸਕਾਰ ਦੇ ਤਿੰਨ ਪ੍ਰਾਪਤਕਰਤਾਵਾਂ ਵਿੱਚੋਂ ਇੱਕ ਦਾ ਨਾਮ ਦਿੱਤਾ ਹੈ।ਨਰਗੇਸ ਮੁਹੰਮਦੀ ਇਰਾਨੀ ਸਰਕਾਰ ਦੇ



ਦਮਨ ਵਿਰੁੱਧ ਇੱਕ ਅਦੁੱਤੀ ਆਵਾਜ਼ ਰਹੀ ਹੈ, ਭਾਵੇਂ ਕਿ ਇਸ ਲਈ ਉਸ ਨੂੰ ਬਹੁਤ ਦੁੱਖ ਝੱਲਣੇ ਪਏ ਹਨ। ਉਸ ਦੀ ਜੇਲ੍ਹ ਦੀ ਕੋਠੜੀ ਵਿਚ ਹੁੰਦੇ ਸਰਕਾਰੀ ਸ਼ੋਸ਼ਣ ਦੇ ਬਾਵਜੂਦ ਉਸ ਦੀ ਲਗਨ ਅਤੇ ਕਮਾਲ ਦੀ ਹਿੰਮਤ ਦੁਨੀਆ ਭਰ ਵਿੱਚ ਪ੍ਰੇਰਨਾ ਦਾ ਸਰੋਤ ਹੈ।

ਮੁਹੰਮਦੀ ਕੇਂਦਰੀ ਸ਼ਹਿਰ ਜ਼ੰਜਾਨ ਵਿੱਚ ਇੱਕ ਮੱਧ-ਵਰਗੀ ਪਰਿਵਾਰ ਵਿੱਚ ਵੱਡੀ ਹੋਈ। ਉਸ ਦਾ ਪਿਤਾ ਇੱਕ ਰਸੋਈਆ ਅਤੇ ਇੱਕ ਕਿਸਾਨ ਸੀ। ਉਸ ਦੀ ਮਾਂ ਦਾ ਪਰਿਵਾਰ ਰਾਜਨੀਤਿਕ ਸੀ, ਅਤੇ 1979 ਵਿੱਚ ਇਸਲਾਮੀ ਕ੍ਰਾਂਤੀ ਸਮੇਂ ਰਾਜਸ਼ਾਹੀ ਨੂੰ ਖਤਮ ਕਰਨ ਤੋਂ ਬਾਅਦ ਉਸ ਦੇ ਇੱਕ ਕਾਰਕੁੰਨ ਮਾਮੇ ਅਤੇ ਦੋ ਮਮੇਰੇ ਭਰਾਵਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਨਰਗੇਸ ਨੇ ਕਿਹਾ ਕਿ ਬਚਪਨ ਦੀਆਂ ਦੋ ਯਾਦਾਂ ਨੇ ਉਸ ਨੂੰ ਸਰਗਰਮੀ ਦੇ ਰਾਹ 'ਤੇ ਤੋਰਿਆ: ਉਸ ਦੀ ਮਾਂ ਆਪਣੇ ਭਰਾ ਨਾਲ ਜੇਲ੍ਹ ਜਾਣ ਲਈ ਹਰ ਹਫ਼ਤੇ ਇੱਕ ਲਾਲ ਪਲਾਸਟਿਕ ਦੀ ਸ਼ਾਪਿੰਗ ਟੋਕਰੀ ਫਲਾਂ ਨਾਲ ਭਰਦੀ ਸੀ ਅਤੇ ਉਸ ਦੀ ਮਾਂ ਟੈਲੀਵਿਜ਼ਨ ਸਕ੍ਰੀਨ ਦੇ ਨੇੜੇ ਫਰਸ਼ 'ਤੇ ਬੈਠੀ ਹੋਈ ਸੀ ਅਤੇ ਉਨ੍ਹਾਂ ਕੈਦੀਆਂ ਦੇ ਨਾਮ ਸੁਣਦੀ ਸੀ ਜਿਨ੍ਹਾਂ ਨੂੰ ਹਰ ਰੋਜ਼ ਫਾਂਸੀ ਦਿੱਤੀ ਜਾਂਦੀ ਸੀ। ਇੱਕ ਦੁਪਹਿਰ, ਨਿਊਜ਼ਕਾਸਟਰ ਨੇ ਉਸ ਦੇ ਭਤੀਜੇ ਦੇ ਨਾਮ ਦਾ ਐਲਾਨ ਕੀਤਾ। ਇਨ੍ਹਾਂ ਯਾਦਾਂ ਨੇ 9 ਸਾਲ ਦੀ ਬੱਚੀ ਨਰਗੇਸ 'ਤੇ ਇੱਕ ਸਥਾਈ ਛਾਪ ਛੱਡੀ ਅਤੇ ਉਹ ਜੀਵਨ ਭਰ ਫਾਂਸੀਆਂ ਦਾ ਵਿਰੋਧ ਅਤੇ ਇਰਾਨੀ ਦਮਨਕਾਰੀ ਸ਼ਾਸਕਾਂ ਦੇ ਵਿਰੁੱਧ ਰਾਜਨੀਤਿਕ

**(ਬਾਕੀ ਸ.ਫਾ 31 'ਤੇ)**

# ਗੰਭੀਰ ਸੰਕਟ ਵਿੱਚ ਨੇ ਕੈਨੇਡਾ ਪੜ੍ਹਨ ਗਏ ਅਨੇਕਾਂ ਵਿਦਿਆਰਥੀ



ਪ੍ਰੋ. ਕੁਲਬੀਰ ਸਿੰਘ



ਪੂਰੀ ਦੁਨੀਆ ਵਿਚੋਂ ਨੌਜਵਾਨ ਕੈਨੇਡਾ ਆ ਰਹੇ ਹਨ ਪਰ ਹੁਣ ਉਥੇ ਓਨੇ ਮੌਕੇ, ਓਨੀਆਂ ਸਹੂਲਤਾਂ, ਓਨੇ ਕਾਲਜ ਨਹੀਂ। ਮਾਪਿਆਂ ਨੂੰ ਸੁਚੇਤ ਹੋਣ ਦੀ ਲੋੜ ਹੈ। ਮਾਪੇ ਦਾਖ਼ਲਾ ਦਿਵਾ ਕੇ ਇਕ ਸਮੈਸਟਰ ਦੀ ਫ਼ੀਸ ਭਰ ਕੇ ਸੁਰਖ਼ਰੂ ਹੋ ਜਾਂਦੇ ਹਨ। ਸਮਝਦੇ ਹਨ ਕਿ ਸਾਡੀ ਜ਼ਿੰਮੇਵਾਰੀ ਮੁੱਕ ਗਈ। ਦਰਅਸਲ ਹਕੀਕਤ ਇਹ ਨਹੀਂ ਹੈ। ਬੱਚੇ ਨੇ ਹਵਾਈ ਅੱਡੇ 'ਤੇ ਉੱਤਰ ਕੇ ਕਿੱਥੇ ਜਾਣਾ ਹੈ, ਕਿਥੇ ਰਹਿਣਾ ਹੈ, ਕਿਵੇਂ ਖਾਣਾ ਪੀਣਾ ਹੈ, ਰੋਜ਼ਾਨਾ ਦੇ ਖ਼ਰਚਿਆਂ ਦਾ ਪ੍ਰਬੰਧ ਕਿਵੇਂ ਕਰਨਾ ਹੈ, ਇਹ ਚਿੰਤਾਵਾਂ ਪਹਿਲੇ ਦਿਨ ਤੋਂ ਹੀ ਆਰੰਭ ਹੋ ਜਾਂਦੀਆਂ ਹਨ। ਮਾਪੇ ਬੱਚਿਆਂ ਨੂੰ ਵੱਡੀਆਂ ਰਕਮਾਂ ਖ਼ਰਚ ਕੇ ਵਿਦੇਸ਼ ਭੇਜਦੇ ਹਨ ਪਰ ਬਹੁਤੇ ਬੱਚਿਆਂ ਕੋਲ ਮੁਹਾਰਤ ਨਹੀਂ ਹੈ, ਸੰਚਾਰ ਸਮਰੱਥਾ ਨਹੀਂ ਹੈ, ਸਵੈ-ਵਿਸ਼ਵਾਸ ਨਹੀਂ ਹੈ। ਉਹ ਪੜ੍ਹਾਈ ਵਿੱਚ ਤਾਂ ਠੀਕ ਹਨ ਪਰ ਜ਼ਿੰਦਗੀ ਕਿਵੇਂ ਜਿਊਣੀ ਹੈ, ਇਹ ਪਤਾ ਨਹੀਂ ਹੈ? ਸਭ ਤੋਂ ਵੱਡੀ ਸਮੱਸਿਆ ਰਿਹਾਇਸ਼ ਦੀ ਹੈ। ਅੱਠ-ਅੱਠ ਵਿਦਿਆਰਥੀ ਇੱਕ ਕਮਰੇ ਵਿੱਚ ਰਹਿ ਰਹੇ ਹਨ। ਇਥੇ ਬੱਚਿਆਂ ਨੂੰ ਕੰਮ ਦੀ ਆਦਤ ਨਹੀਂ ਹੁੰਦੀ, ਉਥੇ ਕੰਮ ਬਿਨਾਂ ਸਰਦਾ ਨਹੀਂ। ਨਿਰਾਸ਼ ਹੋ ਕੇ ਉਹ ਖ਼ੁਦ ਨੂੰ ਕਮਰੇ ਵਿੱਚ ਬੰਦ ਕਰ ਲੈਂਦੇ ਹਨ। ਇਹ ਬੜੀ ਚਿੰਤਾ ਵਾਲੀ ਸਥਿਤੀ ਹੈ, ਬੱਚੇ ਬਿਮਾਰ ਹੋ ਰਹੇ ਹਨ।

ਉਥੇ ਪਹੁੰਚਣ ਤੋਂ ਕੁਝ ਮਹੀਨੇ ਬਾਅਦ ਉਨ੍ਹਾਂ ਨੂੰ ਸਮਝ ਆਉਣ ਲੱਗਦਾ ਹੈ ਕਿ ਇਹ ਮੁਲਕ ਵੱਖਰੀ ਤਰ੍ਹਾਂ ਦੇ ਹਨ। ਬੱਚੇ ਮਾਨਸਿਕ ਦਬਾਅ ਵਿੱਚ ਚਲੇ ਜਾਂਦੇ ਹਨ। ਉਥੇ ਬੜੇ ਲੋਕ ਹਨ ਜਿਹੜੇ ਅਜਿਹੇ ਬੱਚਿਆਂ ਨੂੰ ਗ਼ਲਤ ਰਸਤੇ ਪਾ ਦਿੰਦੇ ਹਨ। ਮਾਪਿਆਂ ਨੂੰ ਚਾਹੀਦਾ ਹੈ ਕਿ ਇਧਰੋਂ ਫ਼ੋਨ ਰਾਹੀਂ, ਵੀਡੀਓ ਕਾਲ ਰਾਹੀਂ ਸੰਪਰਕ ਬਣਾਈ ਰੱਖਣ। ਓਧਰ ਦੇ ਚੰਗੇ ਲੋਕਾਂ ਨਾਲ ਬੱਚਿਆਂ ਨੂੰ ਜੋੜਨ ਦੀ ਕੋਸ਼ਿਸ਼ ਕਰਨ। ਉਨ੍ਹਾਂ ਨੂੰ ਧਾਰਮਿਕ, ਸਮਾਜਿਕ, ਸੱਭਿਆਚਾਰਕ, ਸਰਗਰਮੀਆਂ ਵਿਚ ਸ਼ਾਮਿਲ ਹੋਣ ਲਈ ਪ੍ਰੇਰਿਤ ਕਰਨ।

ਉਦਾਸੀ, ਇਕੱਲਤਾ, ਤਣਾਅ ਉਥੇ ਆਮ ਗੱਲ ਹੋ ਗਈ ਹੈ। ਜੀਵਨ-ਸ਼ੈਲੀ ਵੱਖਰੀ ਹੈ। ਜੀਵਨ-ਰਫ਼ਤਾਰ ਅਲਗ ਹੈ। ਮਾਇਕ ਪਹਿਲੂ ਬੜੀ ਅਹਿਮ ਭੂਮਿਕਾ ਨਿਭਾਉਂਦੇ ਹਨ। ਜੇਕਰ ਮਾਪਿਆਂ ਕੋਲ ਚਾਰ ਸਾਲ ਦੀਆਂ ਫ਼ੀਸਾਂ ਅਤੇ ਹੋਰ ਖ਼ਰਚਾ ਨਹੀਂ ਹੈ ਤਾਂ ਉਹ ਬੱਚਿਆਂ ਨੂੰ ਕੱਚੀ ਉਮਰ ਵਿੱਚ ਬਲੀ ਦਾ ਬੱਕਰਾ ਨਾ ਬਣਾਉਣ। ਉਥੇ ਬਹੁਤ ਚੰਗੇ ਲੋਕ ਹਨ ਪਰ ਅਜਿਹੇ ਵੀ ਹਨ ਜਿਹੜੇ ਵਿਦਿਆਰਥੀਆਂ ਨੂੰ ਸਹੀ ਮਿਹਨਤਾਨਾ ਨਹੀਂ ਦਿੰਦੇ। ਉਨ੍ਹਾਂ ਨੂੰ ਪ੍ਰੇਸ਼ਾਨ ਕਰਦੇ ਹਨ।

ਸੋਸ਼ਲ ਮੀਡੀਆ 'ਤੇ ਕਈ ਤਰ੍ਹਾਂ ਦੀਆਂ ਵੀਡੀਓ ਆਉਂਦੀਆਂ ਹਨ। ਮਕਾਨ ਮਾਲਕ



ਧੱਕੇ ਕਰਦੇ ਹਨ। ਕਈ ਵਾਰ ਉਹ ਵੀ ਮਜਬੂਰ ਹੁੰਦੇ ਹਨ। ਮਹਿੰਗਾਈ ਬਹੁਤ ਵਧ ਗਈ ਹੈ, ਸਰਕਾਰਾਂ ਸਮੇਂ-ਸਮੇਂ ਨਿਯਮ ਕਾਨੂੰਨ ਬਦਲਦੀਆਂ ਰਹਿੰਦੀਆਂ ਹਨ, ਜਿਨ੍ਹਾਂ ਤੋਂ ਹਰ ਕੋਈ ਪ੍ਰਭਾਵਿਤ ਹੁੰਦਾ ਹੈ। ਜਿਹੜੇ ਬੱਚੇ ਆਰਥਿਕ ਪੱਖੋਂ ਮਜ਼ਬੂਤ ਹਨ। ਮਾਨਸਿਕ ਸਰੀਰਕ ਤੌਰ 'ਤੇ ਤਕੜੇ ਹਨ। ਪਿੱਛੋਂ ਮਾਪਿਆਂ ਦੀ ਸਪੋਰਟ ਅਤੇ ਹੱਲਾਸ਼ੇਰੀ ਮਿਲਦੀ ਰਹਿੰਦੀ ਹੈ, ਉਹ ਉਥੋਂ ਦੇ ਉਤਰਾਅ-ਚੜ੍ਹਾਅ ਝੱਲ ਜਾਂਦੇ ਹਨ।

ਦਰਅਸਲ ਇੱਧਰਲੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਸਮੇਂ-ਸਮੇਂ ਅਜਿਹੀਆਂ ਵਰਕਸ਼ਾਪਾਂ ਦਾ ਆਯੋਜਨ ਕਰਨ, ਜਿਨ੍ਹਾਂ ਵਿੱਚ ਮਾਹਿਰ ਇਹ ਦੱਸਣ ਕਿ ਵਿਦੇਸ਼ਾਂ ਵਿੱਚ ਜਾ ਕੇ ਨੌਜਵਾਨਾਂ ਨੂੰ ਕਿਸ ਤਰ੍ਹਾਂ ਦਾ ਜੀਵਨ ਜਿਊਣਾ ਪਵੇਗਾ। ਉਥੇ ਕਿਸ ਕਿਸਮ ਦੀਆਂ ਮੁਸ਼ਕਿਲਾਂ, ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਹੋਵੇਗਾ? ਉਥੇ ਵਿਦਿਆਰਥੀਆਂ ਲਈ ਕਿਹੜੀਆਂ ਨੌਕਰੀਆਂ ਹਨ ਅਤੇ ਉਨ੍ਹਾਂ ਲਈ ਕਿਵੇਂ ਅਪਲਾਈ ਕਰਨਾ ਹੋਵੇਗਾ। ਅਜਿਹੀ ਬੁਨਿਆਦੀ ਤੇ ਮੁਢਲੀ ਜਾਣਕਾਰੀ ਪ੍ਰਾਪਤ ਕਰ ਕੇ ਨੌਜਵਾਨਾਂ ਵਿੱਚ ਸਵੈ-ਵਿਸ਼ਵਾਸ ਆਵੇਗਾ ਅਤੇ ਉਹ ਉਥੋਂ ਦੇ ਜੀਵਨ ਲਈ ਮਾਨਸਿਕ ਤੌਰ 'ਤੇ ਤਿਆਰ ਹੋ ਜਾਣਗੇ। ਮਾਨਸਿਕ ਪੱਖੋਂ ਬੱਚਿਆਂ ਨੂੰ ਤਿਆਰ ਕਰ ਕੇ ਭੇਜਣਾ ਨਿਹਾਇਤ ਜ਼ਰੂਰੀ ਹੈ।

12ਵੀਂ ਪਾਸ ਬੱਚਾ ਕਿਸੇ ਵੀ ਪੱਖੋਂ ਐਨਾ ਸਿਆਣਾ, ਐਨਾ ਸਮਝਦਾਰ, ਐਨਾ ਤਜਰਬੇਕਾਰ ਨਹੀਂ ਹੁੰਦਾ ਕਿ ਉਹ ਸੱਤ ਸਮੁੰਦਰੋਂ ਪਾਰ ਵਿਦੇਸ਼ੀ ਧਰਤੀ 'ਤੇ ਪਰਾਏ ਲੋਕਾਂ ਵਿੱਚ ਸਹਿਜ ਰਹਿ ਕੇ ਸਭ ਕੁਝ ਬਰਦਾਸ਼ਤ ਕਰ ਲਏਗਾ।

ਕੈਨੇਡਾ ਗਿਆ 18-19 ਸਾਲ ਦਾ ਵਿਦਿਆਰਥੀ ਜਦ ਪੜ੍ਹਾਈ ਨਾਲ ਨੌਕਰੀ ਕਰਨੀ ਚਾਹੁੰਦਾ ਹੈ ਤਾਂ ਵੱਖ-ਵੱਖ ਵੈੱਬਸਾਈਟਾਂ 'ਤੇ ਜਾ ਕੇ ਵੇਖਦਾ ਹੈ ਕਿ ਇਸ ਉਮਰ-ਵਰਗ ਲਈ ਕੋਈ ਵੀ ਨੌਕਰੀ ਉਪਲਬੱਧ ਨਹੀਂ ਹੈ ਤਾਂ ਉਹ ਪ੍ਰੇਸ਼ਾਨ ਹੋ ਜਾਂਦਾ ਹੈ। ਉਨ੍ਹਾਂ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਥੇ ਪੰਜਾਬੀ ਭਾਈਚਾਰੇ ਨਾਲ ਸੰਪਰਕ ਵਿਚ ਰਹਿਣ। ਉਸਾਰੂ ਰੁਝੇਵੇਂ ਲੱਭਣ, ਲੋਕਾਂ ਨਾਲ ਤਾਲਮੇਲ ਰੱਖਣਗੇ ਤਾਂ ਨੌਕਰੀ ਦੇ ਮੌਕੇ ਵੀ ਮਿਲਣ ਲੱਗਣਗੇ।

ਇਥੇ ਇਕੱਲਾਪਨ ਬਹੁਤ ਹੈ। ਇਕੱਲੇਪਨ ਨੂੰ ਦੂਰ ਕਰਨ ਦੇ ਯਤਨ ਹੋਣੇ ਚਾਹੀਦੇ ਹਨ। ਇਸ ਦੇ ਲਈ ਨੌਜਵਾਨਾਂ ਨੂੰ ਖ਼ੁਦ ਵੀ ਕੋਸ਼ਿਸ਼ ਕਰਨੀ ਪਵੇਗੀ। ਸਮੇਂ ਦੀ ਵਿਉਂਤਬੰਦੀ ਕਰ ਕੇ ਸਮਾਜ ਨਾਲ ਸੰਪਰਕ ਵਿੱਚ ਰਹਿਣਾ ਪਵੇਗਾ। ਉਸਾਰੂ ਸਿਹਤਮੰਦ ਸਰਗਰਮੀਆਂ ਵਿਚ ਸ਼ਮੂਲੀਅਤ ਕਰਨੀ ਪਵੇਗੀ। ਡਾਇਰੀ ਲਿਖਣ ਦੀ ਆਦਤ ਪਾਉਣੀ ਪਵੇਗੀ। ਅਨੁਸ਼ਾਸਨ ਵਿੱਚ ਰਹਿਣਾ ਹੋਵੇਗਾ। ਜ਼ਿੰਦਗੀ ਦੇ ਨਿਸ਼ਾਨੇ ਮਿੱਥਣੇ ਪੈਣਗੇ। ਮਾਪਿਆਂ ਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਉਥੇ ਜਾ ਕੇ ਬੱਚੇ ਨੂੰ ਫੀਸਾਂ ਅਤੇ ਬਾਕੀ ਖ਼ਰਚਿਆਂ ਲਈ ਪ੍ਰੇਸ਼ਾਨ ਨਾ ਹੋਣਾ ਪਵੇ। ਉਥੇ ਜਿੰਨੇ ਵੀ ਦੋਸਤ-ਮਿੱਤਰ, ਰਿਸ਼ਤੇਦਾਰ ਹਨ, ਸਾਰਿਆਂ ਨਾਲ ਉਸ ਦੀ ਜਾਣ-ਪਛਾਣ ਕਰਵਾਓ ਤਾਂ ਜੋ ਉਹ ਇਕੱਲੇਪਨ ਅਤੇ ਉਦਰੇਵੇਂ ਤੋਂ ਬਚਿਆ ਰਹੇ। ਵਿਦੇਸ਼ ਗਏ ਬੱਚੇ ਆਪਣੀ ਪ੍ਰੇਸ਼ਾਨੀ ਮਾਤਾ-ਪਿਤਾ ਨਾਲ ਸਾਂਝੀ ਨਹੀਂ ਕਰਦੇ। ਜੇ ਫ਼ੋਨ 'ਤੇ ਤੁਹਾਨੂੰ ਲਗਦਾ ਹੈ ਕਿ ਬੱਚਾ ਉਦਾਸ ਹੈ ਤਾਂ ਉਸ ਦੀ ਉਦਾਸੀ ਦਾ ਕਾਰਨ ਜਾਣਨ ਦੀ ਕੋਸ਼ਿਸ਼ ਕਰੋ। ਉਸ ਨੂੰ ਜਿੰਮ ਜਾਣ ਲਈ ਕਹੋ। ਗੁਰਦੁਆਰਾ ਸਾਹਿਬ, ਮੰਦਰ ਜਾਂਦੇ ਰਹਿਣ ਲਈ ਪ੍ਰੇਰਿਤ ਕਰੋ। ਅਜਿਹਾ ਕਰ ਕੇ ਹੀ ਉਹ ਉਥੋਂ ਦੇ ਮਾਹੌਲ ਵਿਚ ਉਥੋਂ ਦੇ ਜੀਵਨ ਵਿਚ ਰਚ-ਮਿਚ ਸਕਦਾ ਹੈ।

# ਵਿਦੇਸ਼ ਪੈਸੇ ਭੇਜਣ 'ਤੇ ਲਗਣਗੇ ਭਾਰੀ ਟੈਕਸ, ਹਵਾਲਾ ਹੋਵੇਗਾ ਉਤਸ਼ਾਹਿਤ

ਬਿਕਰਮ ਸਿੰਘ ਵਿਰਕ



ਕੋਈ ਸਮਾਂ ਸੀ ਜਦੋਂ ਦੇਸ਼ ਵਿੱਚ ਵਿਦੇਸ਼ੀ ਮੁਦਰਾ ਦੀ ਭਾਰੀ ਕਿੱਲਤ ਸੀ ਅਤੇ ਵਿਦੇਸ਼ ਜਾਣ ਦੇ ਚਾਹਵਾਨ ਵਿਅਕਤੀ ਨੂੰ ਮਾਤਰ 500 ਡਾਲਰ ਹੀ ਕੇਂਦਰੀ ਰਿਜ਼ਰਵ ਬੈਂਕ ਵੱਲੋਂ ਲੈ ਕੇ ਜਾਣ ਦੀ ਇਜਾਜ਼ਤ ਦਿੱਤੀ ਜਾਂਦੀ ਸੀ। ਇਨ੍ਹਾਂ ਹੁਕਮਾਂ ਦੇ ਸਨਮੁਖ ਬੈਂਕਾਂ ਵਲੋਂ ਵੀ ਵੱਧ ਤੋਂ ਵੱਧ ਇੰਨੇ ਮੁੱਲ ਦੀ ਭਾਰਤੀ ਕਰੰਸੀ ਹੀ ਵਿਦੇਸ਼ੀ ਮੁਦਰਾ ਵਿੱਚ ਵਟਾਈ ਜਾਂਦੀ ਸੀ। ਉਂਜ ਲੋਕ 'ਬਲੈਕ' ਵਿੱਚ ਮਹਿੰਗੇ ਮੁੱਲ ਦੇ ਡਾਲਰ ਜਾਂ ਪੌਂਡ ਬਾਜ਼ਾਰ ਵਿਚੋਂ ਖ਼ਰੀਦ ਕੇ ਲਿਆ ਕਰਦੇ ਸਨ, ਜੋ ਕਿ ਚਾਲੂ ਵਟਾਂਦਰਾ ਦਰ ਤੋਂ ਕਾਫ਼ੀ ਮਹਿੰਗੇ ਮਿਲਦੇ ਸਨ। ਫਿਰ ਜਦੋਂ ਉਦਾਰੀਕਰਨ ਦੀਆਂ ਨੀਤੀਆਂ ਲਾਗੂ ਹੋਈਆਂ ਤਾਂ ਦੇਸ਼ ਵਿੱਚ ਵਿਦੇਸ਼ੀ ਮੁਦਰਾ ਦੇ ਭੰਡਾਰ ਵਿੱਚ ਵੀ ਜ਼ਿਕਰਯੋਗ ਵਾਧਾ ਹੋਇਆ। ਇਸ ਦਾ ਸਿੱਟਾ ਇਹ ਹੋਇਆ ਕਿ ਵਿਦੇਸ਼ ਜਾਣ ਵਾਲਿਆਂ ਨੂੰ ਹੁਣ ਵਿਦੇਸ਼ੀ ਮੁਦਰਾ ਹਾਸਲ ਕਰਨ ਵਿੱਚ ਕੋਈ ਖ਼ਾਸ ਪ੍ਰੇਸ਼ਾਨੀ ਦਾ ਸਾਹਮਣਾ ਨਹੀਂ ਸੀ ਕਰਨਾ ਪੈਂਦਾ ਅਤੇ ਸਰਕਾਰ ਵੀ ਇਸ ਮਾਮਲੇ 'ਚ ਕਾਫ਼ੀ ਉਦਾਰ ਸੀ। ਪਹਿਲਾਂ ਵਿਦੇਸ਼ੀ ਮੁਦਰਾ ਦੇ ਨਿਯੰਤਰਨ ਵਾਸਤੇ 'ਫਾਰਨ ਐਕਸਚੇਂਜ ਰੈਗੂਲੇਸ਼ਨ ਐਕਟ' ਜਿਸ ਨੂੰ 'ਫੇਰਾ' ਵੀ ਕਿਹਾ ਜਾਂਦਾ ਸੀ, ਹੋਇਆ ਕਰਦਾ ਸੀ ਜੋ ਕਿ ਕਾਫ਼ੀ ਸਖ਼ਤ ਸੀ। ਵਿਦੇਸ਼ੀ ਮੁਦਰਾ ਦੀ ਬਹੁਤਾਤ ਹੋਣ ਉਪਰੰਤ ਇਸ ਦੀ ਜਗ੍ਹਾ 'ਤੇ 'ਫਾਰਨ ਐਕਸਚੇਂਜ ਮੈਨੇਜਮੈਂਟ ਐਕਟ' ਲਿਆਂਦਾ ਗਿਆ, ਜੋ ਕਿ 2000 ਤੋਂ ਲਾਗੂ ਹੋਇਆ। ਇਸ ਐਕਟ ਦੇ ਹੋਂਦ ਵਿੱਚ ਆਉਣ ਉਪਰੰਤ ਭਾਰਤੀ ਲੋਕਾਂ ਨੂੰ ਵਿਦੇਸ਼ ਜਾਂਦੇ ਸਮੇਂ ਜਾਂ ਦੂਸਰੇ ਮੁਲਕਾਂ ਵਿੱਚ ਸੈਰ-ਸਪਾਟੇ ਲਈ ਵਿਦੇਸ਼ੀ ਮੁਦਰਾ ਖ਼ਰਚਣ ਦੇ ਸੰਬੰਧ ਵਿੱਚ ਕੋਈ ਖ਼ਾਸ ਪ੍ਰੇਸ਼ਾਨੀ ਨਹੀਂ ਸੀ ਹੁੰਦੀ। ਇਸ ਵੇਲੇ ਬਹੁਤ ਸਾਰੇ ਭਾਰਤੀ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹ ਰਹੇ ਹਨ ਅਤੇ ਉਨ੍ਹਾਂ ਦੇ ਮਾਪੇ ਇੱਥੋਂ ਦੀਆਂ ਬੈਂਕਾਂ ਤੋਂ ਕਰਜ਼ਾ ਲੈ ਕੇ ਵਿਦੇਸ਼ ਵਿੱਚ ਬਿਨਾਂ ਕਿਸੇ ਟੈਕਸ ਦੀ ਅਦਾਇਗੀ ਤੋਂ ਥੋੜ੍ਹੀ ਜਿਹੀ ਫ਼ੀਸ ਅਤੇ ਜੀ.ਐਸ.ਟੀ. ਦੇ ਭੁਗਤਾਨ ਉਪਰੰਤ ਇਹ ਰਾਸ਼ੀ ਵਿਦੇਸ਼ ਵਿੱਚ ਬੜੀ ਆਸਾਨੀ ਨਾਲ ਭੇਜ ਸਕਦੇ ਹਨ। ਇੰਜ ਹੀ ਵਿਦੇਸ਼ ਵਿੱਚ ਇਲਾਜ ਕਰਵਾਉਣ ਵਾਲਿਆਂ ਨੂੰ ਵੀ ਵਿਦੇਸ਼ੀ ਮੁਦਰਾ ਦੇ ਮਾਮਲੇ ਵਿੱਚ ਕੋਈ ਖ਼ਾਸ ਪ੍ਰੇਸ਼ਾਨੀ ਨਹੀਂ ਸੀ ਆਉਂਦੀ। ਪੜ੍ਹਾਈ ਅਤੇ ਇਲਾਜ ਤੋਂ ਇਲਾਵਾ ਇਕ ਵਿੱਤੀ ਸਾਲ ਵਿੱਚ ਕਿਸੇ ਵੀ ਭਾਰਤੀ ਨਾਗਰਿਕ ਵੱਲੋਂ ਆਪਣੇ ਕਿਸੇ ਵਿਦੇਸ਼ ਵਿੱਚ ਰਹਿੰਦੇ ਰਿਸ਼ਤੇਦਾਰ ਨੂੰ 7 ਲੱਖ ਰੁਪਏ ਤੱਕ ਦੀ ਭਾਰਤੀ ਕਰੰਸੀ ਦੇ ਬਰਾਬਰ ਰਕਮ ਭੇਜਣ 'ਤੇ ਕੋਈ ਟੈਕਸ ਨਹੀਂ ਸੀ ਲੱਗਦਾ।

**ਪੈਸੇ ਵਿਦੇਸ਼ ਭੇਜੇ ਜਾਣ ਦੀ ਵਿਵਸਥਾ**

ਸਰਕਾਰ ਦੁਆਰਾ 'ਫੇਮਾ' ਲਾਗੂ ਕੀਤੇ ਜਾਣ ਤੋਂ ਬਾਅਦ ਐਲ.ਆਰ.ਐਸ. ਨਾਮੀ ਇਕ ਸਕੀਮ ਲਿਆਂਦੀ ਗਈ, ਜਿਸ ਦਾ ਮਤਲਬ ਹੈ 'ਲਿਬਰਲਾਈਜ਼ਡ ਰੈਮਿਟੈਂਸ ਸਕੀਮ'। ਇਸ ਸਕੀਮ ਤਹਿਤ ਕਿਸੇ ਵੀ ਭਾਰਤੀ ਲਈ ਚਾਲੂ ਖਾਤੇ ਜਾਂ ਪੂੰਜੀ ਖਾਤੇ ਵਿੱਚ ਇੱਕ ਸਾਲ ਦੇ ਅੰਦਰ ਢਾਈ ਲੱਖ ਅਮਰੀਕੀ ਡਾਲਰ ਦੇ ਬਰਬਾਰ ਦੀ ਵਿਦੇਸ਼ੀ ਮੁਦਰਾ ਦੀ ਖ਼ਰੀਦ ਜਾਂ ਵੇਚ ਦੀ ਖੁੱਲ੍ਹ ਦਿੱਤੀ ਗਈ ਸੀ, ਜਿਸ ਅਧੀਨ ਉਹ ਇਹ ਰਾਸ਼ੀ ਬਾਹਰ ਵੀ ਭੇਜ ਸਕਦਾ ਸੀ। ਇਹ ਸਕੀਮ ਸਾਲ 2004 ਵਿੱਚ 25 ਹਜ਼ਾਰ ਡਾਲਰ ਦੀ ਰਕਮ ਨਾਲ ਸ਼ੁਰੂ ਕੀਤੀ ਗਈ ਸੀ, ਜੋ ਕਿ ਸਾਲ 2015 ਵਿੱਚ ਵਧਾ ਕੇ ਢਾਈ ਲੱਖ ਡਾਲਰ ਕਰ ਦਿੱਤੀ ਗਈ। ਇਹ ਰਾਸ਼ੀ ਕੁਝ ਪਾਬੰਦੀਸ਼ੁਦਾ (ਵਰਜਿਤ) ਕੰਮਾਂ ਜਿਵੇਂ ਕਿ ਲਾਟਰੀ ਦੀ ਖ਼ਰੀਦ, ਵਿਦੇਸ਼ੀ ਬਾਜ਼ਾਰ ਵਿੱਚ ਸੱਟੇ ਦੀ ਕਮਾਈ, ਵਿਦੇਸ਼ੀ ਸ਼ੇਅਰ-ਬਾਜ਼ਾਰ ਵਿੱਚ ਖ਼ਰੀਦ-ਵੇਚ, ਅਤਿਵਾਦੀ ਫੰਡਿੰਗ ਆਦਿ ਨੂੰ ਛੱਡ ਕੇ ਬਾਕੀ ਸਭ ਕੰਮਾਂ ਲਈ ਭੇਜੀ ਜਾ ਸਕਦੀ ਸੀ। ਇਸ ਸਕੀਮ ਅਧੀਨ ਕਿਸੇ ਵਿਦੇਸ਼ੀ ਰਿਸ਼ਤੇਦਾਰ ਦੀ ਮਦਦ, ਚੰਦਾ, ਕੰਮ ਕਾਰ, ਪੜ੍ਹਾਈ, ਡਾਕਟਰੀ ਇਲਾਜ, ਵਿਦੇਸ਼ ਵਿਚ ਸੈਰ-ਸਪਾਟਾ ਆਦਿ ਵਾਸਤੇ ਵੀ ਵਿਦੇਸ਼ੀ ਮੁਦਰਾ ਲਿਜਾਈ ਜਾ ਸਕਦੀ ਸੀ। ਇਸ ਤੋਂ ਇਲਾਵਾ ਭਾਰਤ ਦੀ ਫਾਈਨੈਂਸ਼ੀਅਲ ਟਾਸਕ ਫੋਰਸ ਵਲੋਂ ਐਲਾਨੇ ਗਏ 'ਗ਼ੈਰ-ਸਹਿਯੋਗੀ ਦੇਸ਼ਾਂ ਅਤੇ ਖੇਤਰਾਂ' ਨੂੰ ਛੱਡ ਕੇ ਇਹ ਕਿਸੇ ਵੀ ਦੇਸ਼ ਵਿਚ ਵਿਦੇਸ਼ੀ ਮੁਦਰਾ ਭੇਜੀ ਜਾ ਸਕਦੀ ਸੀ। ਇਸੇ ਸਕੀਮ ਤਹਿਤ ਹੀ ਕੋਈ ਵੀ ਭਾਰਤੀ ਨਾਗਰਿਕ ਬਿਨਾਂ ਕਿਸੇ ਵੀ ਪ੍ਰਕਾਰ ਦੇ ਟੈਕਸ ਦੀ ਅਦਾਇਗੀ ਕੀਤਿਆਂ 7 ਲੱਖ ਰੁਪਏ ਦੇ ਬਰਬਾਰ ਕੋਈ ਵੀ ਕਰੰਸੀ ਵਿਦੇਸ਼ ਵਿੱਚ ਪੜ੍ਹਾਈ, ਡਾਕਟਰੀ ਇਲਾਜ, ਸੈਰ-ਸਪਾਟਾ ਜਾਂ ਕਿਸੇ ਰਿਸ਼ਤੇਦਾਰ ਜਾਂ ਭੈਣ ਭਰਾ ਨੂੰ ਵੀ ਭੇਜ ਸਕਦਾ ਸੀ। ਇਸ ਤੋਂ ਵਾਧੂ ਰਾਸ਼ੀ ਭੇਜੇ ਜਾਣ ਉਪਰੰਤ ਨਿਯਮਾਂ ਅਨੁਸਾਰ ਟੈਕਸ ਦੇਣਾ ਪੈਂਦਾ ਸੀ।

ਪਰ ਹੁਣ ਇਹ ਸਭ ਕੁਝ ਬਦਲਣ ਜਾ ਰਿਹਾ ਹੈ। ਸਰਕਾਰ ਦੁਆਰਾ ਸਾਲ 2023-24 ਦੇ ਬਜਟ ਵਿੱਚ ਇਸ ਪ੍ਰਕਾਰ ਦੀ ਵਿਦੇਸ਼ੀ ਮੁਦਰਾ ਦੇ ਬਾਹਰ ਭੇਜੇ ਜਾਣ ਉਪਰ ਅਤੇ ਕਰੈਡਿਟ ਜਾਂ ਡੈਬਿਟ ਕਾਰਡ ਰਾਹੀਂ ਖ਼ਰਚ ਕੀਤੇ ਜਾਣ ਵਾਲੇ ਅਜਿਹੇ ਪੈਸੇ ਉਪਰ ਟੈਕਸ ਲਗਾਏ ਜਾਣ ਦੀ ਤਜਵੀਜ਼ ਲਿਆਂਦੀ ਗਈ ਸੀ। ਇਸ ਮੁਤਾਬਿਕ ਪਹਿਲੀ ਜੁਲਾਈ 2023 ਤੋਂ ਦੇਸ਼ ਤੋਂ ਬਾਹਰ ਭੇਜੀ ਜਾਣ ਵਾਲੀ ਇਕ ਰੁਪਏ ਦੀ ਵੀ ਰਾਸ਼ੀ ਉਪਰ ਟੈਕਸ (ਟੈਕਸ ਕੁਲੈਕਸ਼ਨ ਐਟ ਸੋਰਸ) ਲਗਾਇਆ ਜਾਣਾ ਸੀ। ਇਸ ਉਪਰੰਤ ਕਈ ਸਾਰੇ ਵਰਗਾਂ ਵਲੋਂ ਇਸ ਦਾ ਵਿਰੋਧ ਕਰਨ ਉਪਰੰਤ ਸਰਕਾਰ ਵੱਲੋਂ ਹੁਣ ਇਸ ਦਾ ਅਮਲ 1 ਅਕਤੂਬਰ 2023 ਤੀਕਰ ਟਾਲ ਦਿੱਤਾ ਹੈ ਅਤੇ ਇਸ ਸੰਬੰਧੀ ਕੁਝ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ।

**ਨਵੀਆਂ ਹਦਾਇਤਾਂ**

ਸਰਕਾਰ ਵਲੋਂ 28 ਜੂਨ ਨੂੰ ਐਲ.ਆਰ.ਐਸ. ਸਕੀਮ ਅਧੀਨ ਵਿਦੇਸ਼ ਵਿੱਚ ਭੇਜੇ ਜਾਣ ਵਾਲੇ ਪੈਸੇ ਦੇ ਸੰਬੰਧ 'ਚ ਕੁਝ ਹਿਦਾਇਤਾਂ ਜਾਰੀ ਕੀਤੀਆਂ ਗਈਆਂ ਹਨ, ਜਿਨ੍ਹਾਂ ਮੁਤਾਬਿਕ 30 ਸਤੰਬਰ 2023 ਤੀਕਰ ਪਹਿਲਾਂ ਵਾਲੀਆਂ ਹੀ ਸ਼ਰਤਾਂ ਲਾਗੂ ਰਹਿਣਗੀਆਂ। ਭਾਵ 7 ਲੱਖ ਰੁਪਏ ਤੀਕਰ ਬਾਹਰ ਭੇਜੀ ਜਾਣ ਵਾਲੀ ਰਾਸ਼ੀ ਉੱਪਰ ਕਿਸੇ ਵੀ ਕਿਸਮ ਦਾ ਟੈਕਸ ਨਹੀਂ ਲੱਗੇਗਾ। ਇਸ ਤੋਂ ਉਪਰ ਭੇਜੀ ਜਾਣ ਵਾਲੀ ਰਕਮ 'ਤੇ ਪਹਿਲਾਂ 5 ਫ਼ੀਸਦੀ ਦੀ ਦਰ ਨਾਲ ਟੈਕਸ ਲੱਗਦਾ ਸੀ, ਜੋ ਕਿ ਹੁਣ 20 ਫ਼ੀਸਦੀ ਹੋਵੇਗਾ। ਸਿੱਖਿਆ ਵਾਸਤੇ 7 ਲੱਖ ਤੋਂ ਉੱਪਰ ਭੇਜੇ ਜਾਣ ਵਾਲੇ ਪੈਸੇ, ਜੇਕਰ ਉਹ ਕਿਸੇ ਬੈਂਕ ਜਾਂ ਵਿੱਤੀ ਸੰਸਥਾ ਤੋਂ ਕਰਜ਼ਾ ਲੈ ਕੇ ਭੇਜੇ ਜਾ ਰਹੇ ਹਨ ਤਾਂ 0.5 ਫ਼ੀਸਦੀ ਦੀ ਦਰ ਨਾਲ ਟੈਕਸ ਲਗਾਇਆ ਜਾਵੇਗਾ। ਇਸ ਤੋਂ ਇਲਾਵਾ ਜੇਕਰ 7 ਲੱਖ ਤੋਂ ਵਧੇਰੇ ਰਾਸ਼ੀ ਸਿੱਖਿਆ ਜਾਂ ਡਾਕਟਰੀ ਇਲਾਜ ਲਈ ਭੇਜੀ ਜਾ ਰਹੀ ਹੈ ਤਾਂ ਇਸ 'ਤੇ 5 ਫ਼ੀਸਦੀ ਦੀ ਦਰ ਨਾਲ ਟੈਕਸ ਲੱਗੇਗਾ।

ਇਸ ਤੋਂ ਇਲਾਵਾ ਇੰਟਰਨੈਸ਼ਨਲ ਡੈਬਿਟ ਜਾਂ ਕਰੈਡਿਟ ਕਾਰਡ ਰਾਹੀਂ ਖ਼ਰਚ ਕੀਤੇ ਜਾਣ ਵਾਲੀ ਰਾਸ਼ੀ ਉਪਰ ਅਜਿਹਾ ਟੈਕਸ ਨਹੀਂ ਲੱਗੇਗਾ। ਇਸ ਸੰਬੰਧੀ ਹੋਰ ਨਿਯਮ ਸਰਕਾਰ ਵਲੋਂ ਨਵੀਂ ਨੀਤੀ ਲਾਗੂ ਕੀਤੇ ਜਾਣ ਤੋਂ ਪਹਿਲਾਂ ਸਪੱਸ਼ਟ ਰੂਪ ਵਿਚ ਜਾਰੀ ਕੀਤੇ ਜਾਣਗੇ। ਸਰਕਾਰ ਦੁਆਰਾ ਜਾਰੀ ਕੀਤੇ ਜਾਣ ਵਾਲੇ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕਰਦੇ ਸਮੇਂ ਇਹ ਗੱਲ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ ਕਿ ਅਜਿਹੀ ਵਿਵਸਥਾ ਕਾਇਮ ਕੀਤੀ ਜਾਵੇ ਜਿਸ ਨਾਲ ਕਿ ਅਮੀਰਾਂ ਵੱਲੋਂ ਵਿਦੇਸ਼ ਭੇਜੀ ਜਾਣ ਵਾਲੀ ਰਕਮ ਉੱਪਰ ਤਾਂ ਟੈਕਸ ਲਗਾਇਆ ਜਾ ਸਕੇ ਆਮ ਸ਼ਹਿਰੀਆਂ ਨੂੰ ਇਸ ਤੋਂ ਕਿਸੇ ਵੀ ਕਿਸਮ ਦੀ ਕੋਈ ਪ੍ਰੇਸ਼ਾਨੀ ਨਾ ਹੋਵੇ, ਨਹੀਂ ਤਾਂ ਫਿਰ ਤੋਂ ਪਹਿਲਾਂ ਵਾਂਗ ਲੋਕ ਪੈਸਾ ਮੰਗਵਾਉਣ ਜਾਂ ਭੇਜਣ ਲਈ 'ਹਵਾਲਾ' ਰੈਕਟ ਜਾਂ ਮਨੀ ਲਾਂਡਰਿੰਗ ਵਰਗੀਆਂ ਗ਼ੈਰ ਕਾਨੂੰਨੀ ਸਕੀਮਾਂ ਵੱਲ ਨੂੰ ਪ੍ਰੇਰਿਤ ਹੋਣਗੇ, ਜੋ ਕਿ ਦੇਸ਼ ਦੇ ਆਰਥਿਕ ਹਿਤ ਵਿੱਚ ਨਹੀਂ ਹਨ।

# ਪੰਜਾਬ ਦੇ ਗਾਣਿਆਂ 'ਚ ਖੇਤਾਂ ਤੇ ਫ਼ਸਲਾਂ ਦਾ ਜ਼ਿਕਰ

**ਕਾਲਾ ਸਿੰਘ**

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। ਇਸ ਦੀ ਉਪਜਾਊ ਮਿੱਟੀ 'ਤੇ ਹਰੇਕ ਫ਼ਸਲ ਦੀ ਪੈਦਾਵਾਰ ਹੁੰਦੀ ਹੈ ਜਿਵੇਂ ਕਿ ਕਣਕ, ਝੋਨਾ, ਮੱਕੀ, ਬਾਜਰਾ, ਸਰ੍ਹੋਂ, ਤੋਰੀਆ, ਛੋਲੇ, ਜੌਂ, ਕਮਾਦ, ਤਾਰਾਮੀਰਾ ਆਦਿ। ਪੰਜਾਬ ਦੇ ਲੋਕ ਗੀਤਾਂ ਨਾਲ ਸਾਡੀਆਂ ਇਨ੍ਹਾਂ ਫ਼ਸਲਾਂ ਦਾ ਗੂੜ੍ਹਾ ਰਿਸ਼ਤਾ ਹੈ। ਪੰਜਾਬ ਦੀਆਂ ਸਿਰਮੌਰ ਕਲਮਾਂ ਦੇ ਧਨੀ ਗੀਤਕਾਰਾਂ ਨੇ ਫ਼ਸਲਾਂ ਨੂੰ ਠੇਠ ਪੰਜਾਬੀ ਮਾਂ-ਬੋਲੀ



ਦੇ ਮੋਤੀਆਂ ਵਰਗੇ ਸ਼ਬਦਾਂ ਨਾਲ ਲੋਕ ਗੀਤਾਂ 'ਚ ਪਰੋਇਆ ਹੈ। ਉਸ ਤੋਂ ਅੱਗੇ ਵਧ ਕੇ ਸਾਡੇ ਸੁਰੀਲੇ ਗਾਇਕਾਂ ਤੇ ਗਾਇਕਾਵਾਂ ਨੇ ਰੂਹ ਨਾਲ ਗੀਤਾਂ ਨੂੰ ਰਿਕਾਰਡ ਕਰਵਾ ਕੇ ਮਕਬੂਲ ਕੀਤਾ ਹੈ।

**ਲਾਲ ਚੰਦ ਯਮਲਾ ਜੱਟ**

ਲੋਕ ਗਾਇਕ ਲਾਲ ਚੰਦ ਯਮਲਾ ਜੱਟ ਨੇ ਤੁਰਲੇ ਵਾਲੀ ਪੱਗ ਤੇ ਤੂੰਬੀ ਨੂੰ ਪੂਰੀ ਦੁਨੀਆ 'ਚ ਪਛਾਣ ਦਿਵਾਈ। ਪੰਜਾਬੀ ਗਾਇਕੀ ਦੇ ਬਾਬਾ ਬੋਹੜ ਨੂੰ ਉਨ੍ਹਾਂ ਦੀ ਦੇਣ ਲਈ ਹਮੇਸ਼ਾਂ ਚੇਤੇ ਰੱਖਿਆ ਜਾਵੇਗਾ। ਉਨ੍ਹਾਂ ਨੇ ਆਪਣੇ ਗੀਤਾਂ 'ਚ ਕਿਸਾਨ ਨੂੰ ਖੇਤਾਂ ਦਾ ਰਾਜਾ ਕਹਿ ਵੱਡਾ ਮਾਣ ਬਖ਼ਸ਼ਿਆ ਹੈ, ਉੱਥੇ ਹੀ ਉਨ੍ਹਾਂ ਦਾ ਦਰਦ ਵੀ ਬਿਆਨ ਕੀਤਾ ਹੈ। ਫ਼ਸਲਾਂ ਦੀ ਗੱਲ ਹੋਵੇ ਤਾਂ ਕਣਕ, ਮੱਕੀ, ਛੋਲੇ, ਜੌਂ ਆਦਿ ਫ਼ਸਲਾਂ ਦਾ ਜ਼ਿਕਰ ਬਹੁਤ ਹੀ ਸੋਹਣੇ ਢੰਗ ਨਾਲ ਕੀਤਾ ਹੈ :

ਕਣਕਾਂ ਜੰਮੀਆਂ ਗਿੱਠ-ਗਿੱਠ ਲੰਮੀਆਂ
ਆ ਜਾ ਢੋਲ ਸਿਪਾਹੀਆ ਵੇ

ਇਸ ਹੀ ਤਰ੍ਹਾਂ ਦਾ ਉਸਤਾਦ ਗਾਇਕ ਲਾਲ ਚੰਦ ਯਮਲਾ ਜੱਟ ਦਾ ਇਕ ਹੋਰ ਗੀਤ ਪੁਰਾਤਨ ਵਿਰਾਸਤ ਸਾਡੇ ਖੂਹਾਂ ਦੀ ਯਾਦ ਤਾਜ਼ਾ ਕਰਵਾਉਂਦਾ ਹੈ :

ਅੰਨ ਵਾਝੋਂ ਜਾਪਦਾ
ਹੁਣ ਸਾਲ ਔਖਾ ਲੰਘਣਾ,
ਔੜ ਮੱਕੀ ਮਾਰ ਗਈ
ਚੱਬਾਂਗੇ ਕਿੱਥੋਂ ਛੱਲੀਆਂ।
ਆਉਣ ਕੂੰਜਾਂ ਦੇਣ ਬੱਚੇ
ਨਦੀ ਨਾਵਣ ਚੱਲੀਆਂ

ਲਾਲ ਚੰਦ ਯਮਲਾ ਜੱਟ ਨੇ ਆਪਣੇ ਗੀਤਾਂ ਵਿੱਚ ਫ਼ਸਲਾਂ ਕਣਕ, ਮੱਕੀ, ਛੋਲੇ, ਜੌਂ, ਤਾਰਾਮੀਰਾ ਆਦਿ ਦਾ ਜ਼ਿਕਰ ਬਹੁਤ ਹੀ ਸੋਹਣੇ ਢੰਗ ਨਾਲ ਕੀਤਾ। ਉਨ੍ਹਾਂ ਨੇ ਲੋਕ ਬੋਲੀਆਂ ਰਾਹੀਂ ਆਪਣੇ ਗੀਤਾਂ 'ਚ ਖੇਤਾਂ ਦੀ ਸ਼ਾਨ ਸਬਜ਼ੀਆਂ ਨੂੰ ਵੀ ਲੋਕ ਮਨਾਂ ਦੀ ਆਵਾਜ਼ ਬਣਾਇਆ ਹੈ, ਜਿਸ ਨੂੰ ਲਾਲ ਚੰਦ ਯਮਲਾ ਜੱਟ ਨੇ ਖ਼ੁਦ ਲਿਖ ਕੇ ਗਾਇਆ ਹੈ :

ਬੱਲੇ-ਬੱਲੇ ਓਏ
ਤਾਰਾਮੀਰਾ ਪਾਵੇ ਬੋਲੀਆਂ,
ਸਰੋਂ ਹੱਸ ਕੇ ਕਵਾਲੀ ਗਾਵੇ।
ਗੋਂਗਲੂ ਮਖੌਲ ਕਰਦੇ,
ਮੂਲੀ ਵੇਖ ਕੇ ਨੀਵੀਂਆ ਪਾਵੇ।
ਕਣਕਾਂ ਜਵਾਨੀ ਚੜ੍ਹੀਆਂ,
ਜੀਅ ਜੌਂ ਦਾ ਪਿਆ ਲਲਚਾਵੇ।
ਮੇਥੀ ਦੇ ਫੁੱਲ ਵੇਖ ਕੇ
ਮੇਥਾ ਵੇਖ ਕੇ ਧਮਾਲਾਂ ਪਾਵੇ।
ਸਰ੍ਹੋਂ ਦੀ ਚੁੰਨੀ ਖੱਟੀ ਰੰਗ ਦੀ,
ਬੰਨ੍ਹੇ ਤੋਰੀਆ ਬਸੰਤੀ ਚੀਰਾ।
ਤਰਾਂ ਦੇ ਵਿੱਚ ਪਿਆਰ ਮੇਲਦਾ,
ਛੋਟੇ ਕੱਦ ਨਿੱਕਾ ਜਿਹਾ ਚੀਰਾ।

**ਕੇ.ਦੀਪ ਤੇ ਜਗਮੋਹਨ ਕੌਰ**

ਗਾਇਕ ਜੋੜੀ ਕੇ.ਦੀਪ ਅਤੇ ਜਗਮੋਹਣ ਕੌਰ ਦੀ ਜੋੜੀ ਪੋਸਤੀ-ਮਾਈ ਮੋਹਣੋ ਦੀਆਂ ਅੱਜ ਵੀ ਸੱਥਾਂ ਅਤੇ ਹੱਟੀਆਂ ਉੱਤੇ ਗੱਲਾਂ ਹੁੰਦੀਆਂ ਨੇ। ਆਪਣੀ ਬਾਕਮਾਲ ਕਾਮੇਡੀ ਨਾਲ ਲੋਕਾਂ ਦੇ ਢਿੱਡੀਂ ਪੀੜਾਂ ਪਾਉਣ ਵਾਲੀ ਪੰਜਾਬੀਆਂ ਦੀ ਹਰਮਨ ਪਿਆਰੀ ਦੋਗਾਣਾ ਜੋੜੀ ਨੇ ਪੰਜਾਬੀ ਸੰਗੀਤ ਜਗਤ ਨੂੰ ਅਨੇਕਾਂ ਹੀ ਹਿੱਟ ਗੀਤ ਦਿੱਤੇ ਹਨ। ਉਨ੍ਹਾਂ ਦਾ ਇੱਕ ਗੀਤ ਹੈ ਜਿਸ 'ਚ ਅਮਲੀ ਆਪਣੀ ਪਤਨੀ ਨੂੰ ਕੀ ਕਹਿੰਦਾ ਹੈ ਤੇ ਪਤਨੀ ਅੱਗਿਓ ਕੀ ਜਵਾਬ ਦਿੰਦੀ ਹੈ :

ਛੱਡ ਕਣਕ ਬੀਜ 'ਤੇ ਡੋਡੇ,
ਨਾਲੇ ਐਸ਼ ਕਰਨਗੇ ਰੋਡੇ,
ਨਾਲੇ ਵੇਚਾਂਗੇ
ਨਾਲੇ ਪੀਵਾਂਗੇ,
ਛੱਡ ਕਣਕ ਬੀਜ ਲਏ ਤੂੰ ਡੋਡੇ,
ਜਦੋਂ ਪਏ ਪੁਲਿਸ ਦੇ ਗੋਡੇ,
ਫੇਰ ਹਾਲ ਪੁੱਛੂਗੀ ਤੇਰਾ ਵੇ,
ਪੁੱਤ ਮੇਰਿਆ ਬਣਾਉਣਗੇ
ਬਟੇਰਾ ਵੇ।

**ਦੀਦਾਰ ਸੰਧੂ ਤੇ ਸੁਰਿੰਦਰ ਕੌਰ**

ਲੰਘੇ ਵੇਲੇ ਨੂੰ ਯਾਦ ਕਰਦਿਆਂ ਉਹ ਦਿਨ ਅੱਜ ਵੀ ਚੇਤਿਆਂ 'ਚ ਵੱਸਦੇ ਹਨ। ਗੰਨੇ ਚੂਪਣ ਦਾ ਆਨੰਦ ਹੀ ਕੁਝ ਵੱਖਰਾ ਹੁੰਦਾ ਸੀ। ਮਾਡਰਨ ਜ਼ਮਾਨੇ ਅੰਦਰ ਗੰਨੇ ਦਾ ਰਸ ਪੀਣ ਨੂੰ ਤਰਜੀਹ ਦਿੱਤੀ ਜਾਂਦੀ ਹੈ। ਗੰਨੇ ਚੂਪਣ ਦੇ ਸ਼ੌਕੀਨ ਗੱਭਰੂਆਂ ਤੇ ਮੁਟਿਆਰਾਂ ਦੇ ਦਿਲ ਦੀ ਗੱਲ ਕਰਦਾ ਪੰਜਾਬੀਆਂ ਦੀ ਹਰਮਨ ਪਿਆਰੀ ਜੋੜੀ ਦੀਦਾਰ ਸੰਧੂ ਤੇ ਸੁਰਿੰਦਰ ਕੌਰ ਦੇ ਦੋਗਾਣੇ ਦੇ ਬੋਲ ਕੁਝ ਇਸ ਤਰ੍ਹਾਂ ਕਹਿੰਦੇ ਹਨ। ਗੀਤ ਨੂੰ ਲਿਖਿਆ ਵੀ ਦੀਦਾਰ ਸੰਧੂ ਨੇ ਹੈ :

ਖੇਤਾਂ ਦੇ ਬੰਨੇ ਚੰਨੇ,
ਚੂਪਦੀ ਫਿਰਦੀ ਗੰਨੇ,
ਕਾਹਨੂੰ ਬਚਦਾ ਫਿਰੇਂ ਸਰਦਾਰਾ,
ਬੁੱਲ੍ਹੀਆਂ 'ਤੇ ਚੀਰ ਆ ਗਿਆ
ਪੋਰੀ ਛਿੱਲ ਕੇ ਚੂਪ ਜਾ ਯਾਰਾ..

**ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ**

ਲੋਕ ਗਾਇਕਾ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੋਵੇਂ ਭੈਣਾਂ ਨੇ ਆਪਣੀ ਮਿੱਠੀ ਤੇ ਬੁਲੰਦ ਆਵਾਜ਼ 'ਚ ਤਮਾਮ ਗੀਤ ਪੰਜਾਬੀਆਂ ਦੀ ਝੋਲੀ ਪਾਏ ਹਨ। ਉਨ੍ਹਾਂ ਵੱਲੋਂ ਗਾਏ ਵਿਆਹਾਂ 'ਚ ਗਾਉਣ ਵਾਲੇ ਗੀਤ, ਸਿੱਠਨੀਆਂ, ਲੋਕ ਬੋਲੀਆਂ ਆਦਿ ਫ਼ਿਜ਼ਾ 'ਚ ਮਹਿਕ ਖਿਲਾਰਦੇ ਹਨ। ਬਾਜਰੇ ਦੀ ਫ਼ਸਲ ਨੂੰ ਜਿੰਨਾ ਵਧੀਆ ਗੀਤਕਾਰ ਨੇ ਲਿਖਿਆ ਹੈ, ਉਸ ਤੋਂ ਕਿਤੇ ਵਧ ਕੇ ਪਹਿਲਾਂ ਇਸ ਗੀਤ ਨੂੰ ਸੁਰਿੰਦਰ ਕੌਰ ਨੇ ਰਿਕਾਰਡ ਕਰਵਾਇਆ ਤੇ ਫਿਰ ਦੋਵੇਂ ਭੈਣਾਂ ਸੁਰਿੰਦਰ ਕੌਰ ਤੇ ਲੋਕ ਗੀਤਾਂ ਦਾ ਪ੍ਰਕਾਸ਼ ਵੰਡਦੀ ਆਵਾਜ਼ ਪ੍ਰਕਾਸ਼ ਕੌਰ ਨੇ ਰਿਕਾਰਡ ਕਰਵਾਇਆ। ਪਤੀ-ਪਤਨੀ ਦੇ ਰਿਸ਼ਤੇ ਵਿਚਲੀ ਰੁੱਸਣ-ਰੁਸਾਉਣ ਵਿਚਲੀ ਨੋਕ-ਝੋਕ ਨੂੰ ਬਿਆਨ ਕਰਦੇ ਗੀਤ ਦੀਆਂ ਸਤਰਾਂ ਹਨ :

ਬਾਜਰੇ ਦਾ ਸਿੱਟਾ ਵੇ,
ਅਸਾਂ ਤਲੀ 'ਤੇ ਮਰੋੜਿਆ,
ਰੁੱਠੜਾ ਜਾਂਦਾ ਮਾਹੀਆ,
ਅਸਾਂ ਗਲੀ ਵਿੱਚੋਂ ਮੋੜਿਆ

ਇਸੇ ਹੀ ਤਰ੍ਹਾਂ ਦੇ ਇੱਕ ਹੋਰ ਲੋਕ ਗੀਤ ਜਿਸ ਦੇ ਬੋਲ ਹਨ :

ਕੁੱਟ ਕੁੱਟ ਬਾਜਰਾ
ਮੈਂ ਕੋਠੇ ਉੱਤੇ ਪਾਉਂਦੀਆਂ
ਹਾਏ ਮਾਂ ਮੇਰੀਏ
ਮੈਂ ਕੋਠੇ ਉੱਤੇ ਪਾਉਂਦੀਆਂ...
ਹਾਏ ਵੇ ਮੇਰੇ ਹਾਣੀਆ
ਮੈਂ ਕੋਠੇ ਉੱਤੇ ਪਾਉਂਦੀਆਂ...





ਆਉਣਗੇ ਕਾਂਗ ਉਡਾ ਜਾਣਗੇ,
ਸਾਨੂੰ ਦੂਣਾ ਪੁਆੜਾ ਪਾ ਜਾਣਗੇ।

**ਧਨੀ ਰਾਮ ਚਾਤ੍ਰਿਕ**

ਪੰਜਾਬੀ ਕਵਿਤਾ ਦੇ ਮੋਢੀਆਂ 'ਚੋਂ ਇੱਕ ਸਨ ਸ਼ਾਇਰ ਧਨੀ ਰਾਮ ਚਾਤ੍ਰਿਕ। ਉਨ੍ਹਾਂ ਨੇ ਕਵਿਤਾਵਾਂ 'ਚ ਪੰਜਾਬ ਦੇ ਮੇਲੇ, ਖੇਤੀ, ਅਮੀਰ ਪੰਜਾਬੀ ਸੱਭਿਆਚਾਰ ਤੋਂ ਇਲਾਵਾ ਲੋਕਾਂ ਦੀ ਆਵਾਜ਼ ਨੂੰ ਉੱਚਾ ਚੁੱਕਿਆ ਹੈ। ਉਨ੍ਹਾਂ ਦੀਆਂ ਕਵਿਤਾਵਾਂ 'ਚ ਪੰਜਾਬ ਦੀ ਤਸਵੀਰ ਨਜ਼ਰ ਆਉਂਦੀ ਹੈ। ਪੰਜਾਬੀਆਂ ਦੇ ਇਸ ਮਹਾਨ ਕਵੀ ਦੀ ਰਚਨਾ 'ਵਿਸਾਖੀ ਦਾ ਮੇਲਾ' ਨੂੰ ਪੜ੍ਹਦੇ ਹਾਂ:

ਪੱਕ ਪਈਆਂ ਕਣਕਾਂ,
ਲੁਕਾਠ ਰੱਸਿਆ,
ਬੂਰ ਪਿਆ ਅੰਬਾਂ ਨੂੰ,
ਗੁਲਾਬ ਹੱਸਿਆ।
ਬਾਗ਼ਾਂ ਉੱਤੇ ਰੰਗ
ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ
ਟਹਿਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ,
ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲਾਂ ਨੇ
ਪਰੋਈਆ ਲੜੀਆਂ।
ਸਾਈਂ ਦੀ ਨਿਗਾਹ
ਜੱਗ 'ਤੇ ਸਵੱਲੀ ਏ,
ਚੱਲ ਨੀ ਪਰੇਮੀਏ
ਵਿਸਾਖੀ ਚੱਲੀਏ।

**ਨਰਿੰਦਰ ਬੀਬਾ**

ਲੋਕ ਗਾਇਕਾ ਨਰਿੰਦਰ ਬੀਬਾ ਨੇ ਆਪਣੇ ਗੀਤਾਂ ਤੇ ਲੋਕ ਬੋਲੀਆਂ 'ਚ ਪਰਿਵਾਰਕ ਰਿਸ਼ਤਿਆਂ ਦੀ ਗੱਲ ਕਰਦਿਆਂ ਫ਼ਸਲਾਂ ਦਾ ਵੀ ਜ਼ਿਕਰ ਕੀਤਾ ਹੈ। ਮਕਬੂਲ ਗੀਤਕਾਰ ਬਾਬੂ ਸਿੰਘ ਮਾਨ ਦੀ ਰਚਨਾ 'ਚ ਕਪਾਹ ਦੀ ਖਿੜ-ਖਿੜ ਹੱਸਦੀ ਫ਼ਸਲ ਦੀ ਸਿਫ਼ਤ ਨੂੰ ਆਪਣੀ ਕਲਮ ਨਾਲ ਸ਼ਿੰਗਾਰਿਆ ਹੈ :

ਚਿੱਟੀਆਂ ਕਪਾਹ ਦੀਆਂ ਫੁੱਟੀਆਂ,
ਹਾਏ ਨੀਂ ਪੱਤ ਹਰੇ ਹਰੇ।
ਆਖ ਨੀਂ ਨਨਾਣੇ ਤੇਰੇ ਵੀਰ ਨੂੰ ,
ਕਦੇ ਤਾਂ ਭੈੜਾ ਹੱਸਿਆ ਕਰੇ।

ਨਰਿੰਦਰ ਬੀਬਾ ਵੱਲੋਂ ਗਾਈਆ ਲੋਕ ਬੋਲੀਆਂ 'ਚ ਇੱਕ ਬੋਲੀ ਇਸ ਤਰ੍ਹਾਂ ਹੈ :

ਆ ਗਿਆ ਵੈਸਾਖ,ਚੇਤ ਗਿਆ ਲੰਘ ਵੇ।
ਕਣਕਾਂ ਦਾ ਹੋ ਗਿਆ ਸੁਨਹਿਰੀ ਰੰਗ ਵੇ।
ਬਾਗ਼ਾਂ ਉੱਤੇ ਰੰਗ ਫੇਰਿਆ ਬਹਾਰ ਨੇ।
ਬੇਰੀਆਂ ਲੁਫਾਈਆਂ ਟਹਿਣੀਆਂ ਦੇ ਭਾਰ ਨੇ।

**ਹਮੇਸ਼ਾ ਖ਼ੁਸ਼ੀ 'ਚ ਝੂਮਦੀਆਂ ਰਹਿਣ ਫ਼ਸਲਾਂ**

ਦੁਨੀਆਂ ਦੇ ਕਿਸੇ ਵੀ ਖੇਤਰ ਦੀ ਪਛਾਣ ਉਸ ਦੇ ਸੱਭਿਆਚਾਰਕ ਪਿਛੋਕੜ ਤੋਂ ਹੁੰਦੀ ਹੈ। ਪੰਜਾਬ ਰੁੱਤਾਂ, ਤਿਉਹਾਰਾਂ ਤੇ ਮੇਲਿਆਂ ਦਾ ਦੇਸ਼ ਹੈ। ਪੰਜਾਬੀ ਧਰਤੀ ਲੋਕ ਗੀਤਾਂ ਦੀ ਧਰਤੀ ਹੈ। ਖੇਤੀ ਅਤੇ ਫ਼ਸਲਾਂ 'ਤੇ ਹੋਰ ਵੀ ਬਹੁਤ ਸਾਰੇ ਨਿੱਗਰ ਤੇ ਮਿਆਰੀ ਸੋਚ ਦੇ ਮਾਲਕ ਕਲਮਾਂ ਦੇ ਧਨੀ ਗੀਤਕਾਰਾਂ ਦੇ ਲਿਖੇ ਗੀਤਾਂ ਨੂੰ ਗਾਇਕਾਂ ਤੇ ਗਾਇਕਾਵਾਂ ਨੇ ਆਪਣੀ ਬੁਲੰਦ ਆਵਾਜ਼ 'ਚ ਰਿਕਾਰਡ ਗੀਤ ਸੰਗੀਤ ਜਗਤ ਨੂੰ ਦਿੱਤੇ ਹਨ। ਲੋਕ ਗੀਤਾਂ ਦਾ ਸ਼ਿੰਗਾਰ ਖੇਤੀ ਫ਼ਸਲਾਂ ਖੇਤਾਂ 'ਚ ਖ਼ੁਸ਼ੀ 'ਚ ਝੂਮਦੀਆਂ ਰਹਿਣ। ਲੋਕ ਮਨਾਂ ਅੰਦਰ ਖ਼ੁਸ਼ੀ ਵਾਲੀ ਸਤਰੰਗੀ ਪੀਂਘ ਸਦਾ ਹੀ ਚੜ੍ਹੀ ਰਹੇ।

# ਅਸਲੀ ਦੌਲਤਮੰਦ ਕੌਣ?



ਡਾ. ਨਵਜੋਤ ਕੌਰ
ਪ੍ਰਿੰਸੀਪਲ ਲਾਇਲਪੁਰ ਖਾਲਸਾ ਕਾਲਜ ਜਲੰਧਰ

ਮੇਰੇ ਕੁਝ ਪਾਠਕਾਂ ਦੀ ਅਕਸਰ ਇਹ ਸ਼ਿਕਾਇਤ ਰਹਿੰਦੀ ਹੈ ਕਿ ਮੈਂ ਆਪਣੀਆਂ ਲਿਖਤਾਂ ਵਿਚ ਜ਼ਿੰਦਗੀ ਦਾ ਕਰੂਪ ਪੱਖ ਹੀ ਦਿਖਾਉਂਦੀ ਹਾਂ। ਸ਼ਾਇਦ ਇਹਦੇ ਪਿੱਛੇ ਮੇਰੇ ਅਚੇਤ ਮਨ ਵਿੱਚ ਇਹ ਧਾਰਨਾ ਪਈ ਹੋਵੇ ਕਿ ਆਪਣੇ ਸਮਾਜ ਵਿਚ ਫੈਲੇ ਕੋਹਜ ਨੂੰ ਦਿਖਾ ਕੇ ਮੈਂ ਕਿਤੇ ਨਾ ਕਿਤੇ ਲੋਕਾਈ ਨੂੰ ਸੋਹਣਾ-ਸੁਨੱਖਾ ਸਮਾਜ ਸਿਰਜਨ ਦੇ ਰਾਹ ਤੋਰ ਸਕਾਂ। ਅੱਜ ਮੇਰਾ ਮਕਸਦ ਇਹ ਅਹਿਸਾਸ ਕਰਵਾਉਣਾ ਹੈ ਕਿ ਜੇ ਇਸ ਧਰਤੀ 'ਤੇ ਸਾਰੇ ਮਨੁੱਖ ਦਿਆਲੂ, ਕਿਰਪਾਲੂ ਤੇ ਦਿਆਨਤਦਾਰ ਨਹੀਂ ਹੁੰਦੇ ਤਾਂ ਸਾਰੇ ਲੋਕ ਮਾੜੇ ਵੀ ਨਹੀਂ ਹੁੰਦੇ। ਜੇ ਤੁਹਾਡੇ ਕੁਝ ਨੇੜਲੇ ਲੋਕ ਕਈ ਵਾਰ ਬਿਨਾਂ ਕਾਰਨ ਆਪੇ ਹੀ ਤੁਹਾਡੇ ਦੁਸ਼ਮਣ ਬਣ ਜਾਂਦੇ ਹਨ ਤਾਂ ਕਈ ਅਜਿਹੇ ਬਿਗਾਨੇ ਵੀ ਹੁੰਦੇ ਹਨ ਜੋ ਤੁਹਾਡੀ ਖ਼ੁਸ਼ੀ ਦੀ ਖ਼ਾਤਰ ਸਿਰ ਧੜ ਦੀ ਬਾਜ਼ੀ ਲਗਾ ਦਿੰਦੇ ਹਨ। ਮੇਰੀ ਇਹ ਧਾਰਨਾ ਰਹੀ ਹੈ ਕਿ ਆਪਣੇ ਲਈ ਜਿਊਣਾ ਜ਼ਿੰਦਗੀ ਨਹੀਂ, ਜ਼ਿੰਦਗੀ ਉਹੀ ਖ਼ੂਬਸੂਰਤ ਹੈ ਜਿਸ ਦਾ ਕੋਈ ਮਕਸਦ ਹੋਵੇ ਤੇ ਉਹ ਮਕਸਦ ਲੋਕ ਭਲਾਈ ਨਾਲ ਸੰਬੰਧਿਤ ਹੋਵੇ। ਮੈਂ ਮੰਨਦੀ ਹਾਂ ਕਿ ਸਾਡੇ ਸਮਾਜ ਵਿਚ ਬਹੁਤ ਘੱਟ ਉਹ ਲੋਕ ਹਨ ਜਿਨ੍ਹਾਂ ਅੰਦਰ ਦੂਸਰਿਆਂ ਲਈ ਕੁਝ ਕਰ ਗੁਜ਼ਰਨ ਦਾ ਜਜ਼ਬਾ ਹੋਵੇ। ਬਾਵਜੂਦ ਇਸ ਦੇ ਮੇਰੀ ਨਿੱਜੀ ਰਾਏ ਹੈ ਕਿ ਇਸ ਧਰਤੀ ਉੱਤੇ ਸਾਫ਼-ਸੁਥਰੇ ਅਕਸ ਵਾਲੇ ਲੋਕ ਜ਼ਿਆਦਾ ਹਨ, ਤਾਂ ਹੀ ਤਾਂ ਜ਼ਿੰਦਗੀ ਬਾ-ਦਸਤੂਰ ਚੱਲ ਰਹੀ ਹੈ।

ਜਿਸ ਵੇਲੇ ਨੋਟਬੰਦੀ ਹੋਈ, ਮੇਰੀ ਧੀ ਘਰ ਤੋਂ ਕੋਹਾਂ ਦੂਰ ਆਈ. ਆਈ. ਟੀ. ਖੜਗਪੁਰ ਵਿਖੇ ਪੜ੍ਹ ਰਹੀ ਸੀ। ਖੜਗਪੁਰ ਦੀ ਧਰਤੀ 'ਤੇ ਵਸੀ ਇਹ ਸੰਸਥਾ ਸ਼ਹੀਦਾਂ ਦੇ ਲਹੂ ਦੀ ਮਹਿਕ ਨਾਲ ਅੱਜ ਵੀ ਸਰਸ਼ਾਰ ਹੈ। ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਮੁਕਤ ਕਰਵਾਉਣ ਲਈ ਜਿਨ੍ਹਾਂ ਦੇਸ਼ ਭਗਤਾਂ ਨੂੰ ਜੰਗ-ਏ-ਅਜ਼ਾਦੀ ਵਿੱਚ ਸ਼ਾਮਿਲ ਹੋਣ 'ਤੇ ਸਜ਼ਾ ਦਿੱਤੀ ਜਾਂਦੀ ਸੀ, ਉਨ੍ਹਾਂ ਨੂੰ ਖੜਗਪੁਰ ਵਿਖੇ ਸਥਾਪਤ ਕੀਤੀ ਹਿਜਲੀ ਜੇਲ੍ਹ ਵਿੱਚ ਭੇਜਿਆ ਜਾਂਦਾ ਸੀ। ਇਹ ਉਹ ਸਥਾਨ ਹੈ ਜਿੱਥੇ ਸਭ ਧਰਮਾਂ ਅਤੇ ਫਿਰਕਿਆਂ ਤੋਂ ਉੱਪਰ ਉੱਠ ਕੇ ਸਾਡੇ ਕੌਮੀ ਪਰਵਾਨਿਆਂ ਨੇ ਸਮੁੱਚੇ ਦੇਸ਼ ਲਈ ਕੁਰਬਾਨੀਆਂ ਦਿੱਤੀਆਂ। ਉਸ ਸਮੇਂ ਦੀ ਸਰਕਾਰ ਨੇ ਹਿਜਲੀ ਜੇਲ੍ਹ ਨੂੰ ਸਾਂਭ ਉਸ ਦੇ ਆਲੇ-ਦੁਆਲੇ ਦੀ ਜਗ੍ਹਾ ਲੈ ਕੇ ਉਸਾਰਿਆ ਹੈ ਆਈ. ਆਈ. ਟੀ. ਖੜਗਪੁਰ।

ਆਪਣੀ ਜ਼ਿੰਦਗੀ ਵਤਨ ਦੇ ਨਾਂ ਕਰਨ ਵਾਲੇ ਸ਼ਹੀਦਾਂ ਦੀਆਂ ਮੁਕੱਦਸ ਪੈੜਾਂ ਦੇ ਨਿਸ਼ਾਨ ਦੇਖਦੀ-ਦੇਖਦੀ ਮੈਂ ਅਸਲੀ ਨੁਕਤੇ ਤੋਂ ਭਟਕ ਹੀ ਗਈ। ਹਾਂ! ਤੇ ਮੈਂ ਗੱਲ ਨੋਟਬੰਦੀ ਦੀ ਕਰ ਰਹੀ ਸੀ। ਪੇਪਰਾਂ ਦੇ ਦਿਨ ਸਨ, ਅੰਤਾਂ ਦੀ ਗਰਮੀ ਤੇ ਉੱਪਰੋਂ ਰਾਤੋ-ਰਾਤ ਵਾਪਰੇ ਇਸ ਵਰਤਾਰੇ ਨਾਲ ਕਾਲਜੇ ਵਿੱਚ ਹੌਲ ਪੈ ਰਹੇ ਸਨ। ਬੈਂਕਾਂ ਅਤੇ ਏ. ਟੀ. ਐੱਮ. ਦੇ ਬਾਹਰ ਲੱਗੀਆਂ ਲੰਬੀਆਂ ਕਤਾਰਾਂ ਨੂੰ ਵੇਖ ਕੇ ਮੈਂ ਪਰੇਸ਼ਾਨ ਹੋ ਰਹੀ ਸੀ ਕਿ ਮੇਰੀ ਸੋਹਲ ਜਿਹੀ ਬੱਚੀ ਬਿਨਾਂ ਪੈਸਿਆਂ ਦੇ ਕਿਵੇਂ ਗੁਜ਼ਾਰਾ ਕਰ ਰਹੀ ਹੋਵੇਗੀ। ਲੋਕ ਕਹਿੰਦੇ ਨੇ ਕਿ ਮਿੱਟੀ ਦੇ ਦੀਵਿਆਂ ਦੇ ਜਾਣ ਤੋਂ ਬਾਅਦ ਘਰਾਂ ਵਿੱਚ ਮਸਨੂਈ ਰੌਸ਼ਨੀ ਤਾਂ ਬਹੁਤ ਵਧ ਗਈ ਪਰ ਦਿਲਾਂ ਵਿੱਚੋਂ ਪ੍ਰੇਮ-ਪਿਆਰ ਅਤੇ ਅਪਣੱਤ ਦਾ ਚਾਨਣ ਘਟਦਾ ਜਾ ਰਿਹਾ ਹੈ। ਅਜੋਕਾ ਮਨੁੱਖ ਆਪਣੀਆਂ ਬੁਨਿਆਦੀ ਕਦਰਾਂ ਕੀਮਤਾਂ, ਰੂਹਾਨੀ ਖ਼ੁਸ਼ੀਆਂ, ਦੋਸਤੀਆਂ, ਰਿਸ਼ਤੇਦਾਰੀਆਂ ਤੇ ਇੱਥੋਂ ਤੱਕ ਕੇ ਆਪਣੇ ਆਪ ਤੋਂ ਵੀ ਬੇਮੁੱਖ ਹੁੰਦਾ ਜਾ ਰਿਹਾ ਹੈ। ਪਰ ਇਸ ਪਦਾਰਥਵਾਦੀ ਤੇ ਮਸ਼ੀਨੀ ਮਾਨਸਿਕਤਾ ਦੇ ਯੁੱਗ ਵਿਚ ਛੇਦੀ ਰਾਮ ਵਰਗੇ ਮੁਹੱਬਤੀ ਇਨਸਾਨ ਵੀ ਨੇ ਜਿਹੜੇ ਬੇਪਨਾਹ ਮੁਹੱਬਤਾਂ ਵੰਡਦੇ ਰਿਸ਼ਤਿਆਂ ਦੀ ਮਹਿਕ ਨੂੰ ਸਦੀਵੀ ਬਰਕਰਾਰ ਰੱਖਦੇ ਹਨ। ਛੇਦੀ ਰਾਮ ਆਈ. ਆਈ. ਟੀ. ਦੇ ਅੰਦਰ ਰੇੜ੍ਹੀ 'ਤੇ ਰੱਖ ਕੇ ਨਾਰੀਅਲ ਵੇਚਦਾ ਸੀ। ਭਰ ਗਰਮੀ ਵਿੱਚ ਦਸ-ਦਸ ਕਿਲੋਮੀਟਰ ਸਾਇਕਲ ਚਲਾ ਕੇ ਹੋਸਟਲ ਦੇ ਬੱਚਿਆਂ ਨੇ ਜਦੋਂ ਨਾਰੀਅਲ ਪਾਣੀ ਪੀਣ ਜਾਣਾ ਤਾਂ ਜੇ ਕਦੀ ਕਿਸੇ ਨਾਰੀਅਲ ਵਿੱਚੋਂ ਪਾਣੀ ਘੱਟ ਨਿਕਲਣਾ ਤਾਂ ਉਸਨੇ ਉਨ੍ਹਾਂ ਹੀ ਪੈਸਿਆਂ ਵਿੱਚ ਨਵਾਂ ਨਾਰੀਅਲ ਫੜਾ ਦੇਣਾ। ਨੋਟਬੰਦੀ ਦੇ ਦਿਨ੍ਹਾਂ ਵਿੱਚ ਉਸ ਨੇਕੀ ਦੇ ਭਰ ਵਗਦੇ ਦਰਿਆ ਨੇ ਆਪਣੇ ਘਰਾਂ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਬੱਚਿਆਂ ਨੂੰ ਬਿਨਾਂ ਪੈਸੇ ਲਏ ਹੀ ਨਾਰੀਅਲ ਪਾਣੀ ਪਿਲਾਉਣਾ ਸ਼ੁਰੂ ਕਰ ਦਿੱਤਾ। ਬੱਚਿਆਂ ਨੇ ਜਦੋਂ ਕਹਿਣਾ ਦਾਦਾ ਹਿਸਾਬ ਲਿਖ ਲੈਣਾ ਤਾਂ ਛੇਦੀ ਰਾਮ ਨੇ ਹੱਸ ਕੇ ਕਹਿਣਾ, ਪੇਪਰਾਂ ਤੋਂ ਬਾਅਦ ਵਿੱਚ ਖ਼ੁਦ ਹੀ ਲੇਖਾ-ਜੋਖਾ ਕਰ ਲੈਣਾ ਮੈਂ ਤਾਂ ਅਨਪੜ੍ਹ ਬੰਦਾ ਹਾਂ, ਤੁਸੀਂ ਆਈ. ਆਈ. ਟੀ. ਦੇ ਪਾੜ੍ਹੇ ਹੋ ਤੇ ਮੇਰੇ ਤੋਂ ਵੱਧ ਹਿਸਾਬ ਜਾਣਦੇ ਹੋ। ਉਸ ਦਯਾਵਾਨ ਇਨਸਾਨ ਨੂੰ ਇਹ ਸੋਝੀ ਸੀ ਕਿ ਪੇਪਰਾਂ ਦੇ ਦਿਨ ਹਨ ਤੇ ਇੱਥੇ ਪੜ੍ਹਦੇ ਨੌਜਵਾਨਾਂ ਦੀਆ ਅੱਖਾਂ ਵਿੱਚ ਖ਼ੂਬਸੂਰਤ ਭਵਿੱਖ ਦੇ ਸੈਆਂ ਸੁਪਨੇ ਤੈਰ ਰਹੇ ਹਨ। ਮੇਰੀ ਜਾਚੇ ਉਨ੍ਹਾਂ ਸੁਪਨਿਆਂ ਨੂੰ ਹਕੀਕਤ ਵਿਚ ਬਦਲਣ ਲਈ ਹੀ ਉਸ ਸੁਹਿਰਦ ਇਨਸਾਨ ਨੇ ਇਹ ਉਪਰਾਲਾ ਕੀਤਾ ਹੋਵੇਗਾ। ਜ਼ਿੰਦਗੀ ਦੇ ਇਸ ਉਸਰੱਈਏ ਦੇ ਪੁਖ਼ਤਾ ਖਿਆਲਾਂ ਅਤੇ ਗਹਿਰੇ ਵਿਚਾਰਾਂ ਤੋਂ ਸੱਚੀਂ ਕੁਰਬਾਨ ਜਾਣ ਨੂੰ ਦਿਲ ਕਰਦਾ ਹੈ। ਰੋਜ਼ਾਨਾ ਕਾਰ ਵਿਹਾਰ ਕਰਕੇ ਰੋਜ਼ੀ-ਰੋਟੀ ਕਮਾ ਆਪਣਾ ਤੇ ਆਪਣੇ ਟੱਬਰ ਦਾ ਢਿੱਡ ਭਰਨ ਵਾਲੇ ਇਸ ਮਾਨਵ-ਹਿਤੈਸ਼ੀ ਇਨਸਾਨ ਨੂੰ ਪੱਕਾ ਇਹ ਵੀ ਇਲਮ ਹੋਵੇਗਾ ਕਿ ਮਿਹਨਤ ਅਤੇ ਇਮਾਨਦਾਰੀ ਨਾਲ ਕਮਾਇਆ ਇਕ ਰੁਪਿਆ ਵੀ ਲੁੱਟ-ਖਸੁੱਟ ਨਾਲ ਕਮਾਈ ਲੱਖਾਂ ਕਰੋੜਾਂ ਦੀ ਦੌਲਤ ਨਾਲੋਂ ਕਿਤੇ ਵੱਧ ਬਰਕਤਾਂ ਵਾਲਾ ਹੁੰਦਾ ਏ।

ਹੈਰਾਨ ਹਾਂ ਕਿ ਛੇਦੀ ਰਾਮ ਨੂੰ ਆਪਣੇ ਆਲੇ-ਦੁਆਲੇ ਦੇ ਆਰਥਿਕ, ਰਾਜਨੀਤਿਕ ਤੇ ਸਮਾਜਿਕ ਹਾਲਾਤ ਦੀ ਕਿੰਨੀ ਡੂੰਘੀ ਸੋਝੀ ਹੈ। ਬੇਸ਼ਕ ਉਹ ਪੜ੍ਹਿਆ ਨਹੀਂ ਪਰ ਗੁੜ੍ਹਿਆ ਹੋਇਆ ਇਨਸਾਨ ਹੈ। ਜਿਸ ਦੇਸ਼ ਵਿਚ ਰਿਸ਼ਵਤਖ਼ੋਰੀ, ਲੁੱਟ-ਖਸੁੱਟ ਤੇ ਭ੍ਰਿਸ਼ਟਾਚਾਰ ਆਪਣੇ ਸਿਖਰ 'ਤੇ ਹੋਵੇ, ਜਿੱਥੇ ਆਦਮ-ਬੋ ਆਦਮ-ਬੋ ਦੀ ਸੜ੍ਹਿਹਾਂਦ ਸਾਡੀ ਹੋਂਦ ਨੂੰ ਖੋਰਾ ਲਾ ਰਹੀ ਹੋਵੇ, ਉੱਥੇ ਛੇਦੀ ਰਾਮ ਵਰਗੀਆਂ ਰੱਬੀ ਰੂਹਾਂ ਦੀ ਹੋਂਦ ਸੱਚੀਂ ਇਕ ਕ੍ਰਿਸ਼ਮਾ ਲੱਗਦੀ ਹੈ,

(ਬਾਕੀ ਸਫ਼ਾ 31 'ਤੇ)

# ਬੀ ਟੈੱਕ ਕਰਕੇ ਖੋਲ੍ਹਿਆ ਕੈਫੇ, ਜਿਥੇ ਕੰਮ ਕਰਦੇ ਨੇ ਗੂੰਗੇ, ਬਹਿਰੇ ਅਤੇ ਟ੍ਰਾਂਸਜੇਂਡਰ

ਨੀਰਜ ਝਾਅ






ਸ਼ਾਮ ਦਾ ਸਮਾਂ, ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਦਾ ਜਲਵਿਹਾਰ ਖੇਤਰ। ਮੈਂ 'ਨੁੱਕੜ' ਕੈਫੇ ਵਿੱਚ ਬੈਠਾ ਹਾਂ। ਇਸ ਦੇ ਸੰਸਥਾਪਕ ਪ੍ਰਿਅੰਕ ਪਟੇਲ ਆਪਣੀ ਕਹਾਣੀ ਦੱਸ ਰਹੇ ਹਨ।

ਉਹਨਾਂ ਦਾ ਕਹਿਣਾ ਹੈ ਕਿ 2010 ਦਾ ਸਾਲ ਸੀ। ਇੰਜਨੀਅਰਿੰਗ ਕਰ ਕੇ ਨੌਕਰੀ ਜੁਆਇਨ ਹੋਏ ਤਿੰਨ ਸਾਲ ਹੋ ਗਏ ਸਨ। ਇਕ ਦਿਨ ਮੈਂ ਇਸ ਤਰ੍ਹਾਂ ਇੰਟਰਨੈੱਟ 'ਤੇ ਖੋਜ ਕਰ ਰਿਹਾ ਸੀ ਤਾਂ ਮੈਨੂੰ ਭਾਰਤੀ ਫੈਲੋਸ਼ਿਪ ਬਾਰੇ ਪਤਾ ਲੱਗਾ। ਮੈਂ ਫਾਰਮ ਭਰ ਦਿੱਤਾ। ਕੁਝ ਮਹੀਨਿਆਂ ਬਾਅਦ ਚੋਣ ਵੀ ਹੋ ਗਈ।ਹੁਣ ਤੱਕ ਮੈਂ ਆਪਣੀ ਜ਼ਿੰਦਗੀ ਜੀ ਚੁੱਕਾ ਸੀ। ਇਸ ਸਬੰਧ ਵਿੱਚ ਮੈਂ ਪੁਣੇ ਦੇ ਇਕ ਪਿੰਡ ਵਿੱਚ ਸੀ। ਇਧਰ-ਉਧਰ ਘੁੰਮਦੇ ਹੋਏ ਇੱਕ ਬਜ਼ੁਰਗ ਨੇ ਮੈਨੂੰ ਬੁਲਾਇਆ, ਮੈਂ ਉਸ ਕੋਲ ਗਿਆ। ਜਾਂਦੇ ਹੀ ਉਹ ਮੈਨੂੰ ਘਰ ਦੇ ਅੰਦਰ ਲੈ ਗਿਆ। ਉਸ ਦਾ ਇੱਕ ਪੁੱਤਰ ਮੰਜੇ 'ਤੇ ਲੇਟਿਆ ਹੋਇਆ ਸੀ। ਬੁੱਢੇ ਨੇ ਆਪਣੇ ਬੇਟੇ ਵੱਲ ਇਸ਼ਾਰਾ ਕਰਕੇ ਦੱਸਿਆ ਕਿ ਕੱਲ੍ਹ ਤੱਕ ਉਹ ਸਭ ਕੁਝ ਕਰ ਸਕਦਾ ਸੀ, ਅੱਜ ਕੁਝ ਨਹੀਂ ਕਰ ਸਕਦਾ। ਪਤਾ ਨਹੀਂ ਮੇਰੇ ਬਾਅਦ ਉਹ ਆਪਣੀ ਜ਼ਿੰਦਗੀ ਕਿਵੇਂ ਬਤੀਤ ਕਰੇਗਾ ?

ਮੈਂ ਸੋਚਣ ਲੱਗਾ ਕਿ ਮੈਂ ਕੀ ਜਵਾਬ ਦੇਵਾਂ। ਉਸੇ ਦਿਨ ਮੈਂ ਫੈਸਲਾ ਕਰ ਲਿਆ ਕਿ ਅੱਜ ਤੋਂ ਮੈਂ ਸਮਾਜ ਲਈ ਜਿਉਣਾ ਹੈ। ਸਰੀਰਕ ਤੌਰ 'ਤੇ ਅਪਾਹਜ ਲੋਕਾਂ ਲਈ ਕੁਝ ਕਰਨਾ ਹੋਵੇਗਾ।

ਪ੍ਰਿਅੰਕ ਨੇ ਦਸਿਆ ਕਿ ਜਿਸ ਸਟਾਫ ਮੈਂਬਰ ਨੂੰ ਮੈਂ ਹੁਣੇ ਕੌੜੀ ਲਿਆਉਣ ਲਈ ਕਿਹਾ ਸੀ, ਉਹ ਨਾ ਤਾਂ ਸੁਣ ਸਕਦਾ ਹੈ ਅਤੇ ਨਾ ਹੀ ਬੋਲ ਸਕਦਾ ਹੈ। ਇਸ ਸਮੇਂ ਸਾਡੇ ਨਾਲ 60 ਤੋਂ ਵੱਧ ਗੂੰਗੇ ਅਤੇ ਬੋਲੇ ? ?ਲੋਕ ਕੰਮ ਕਰ ਰਹੇ ਹਨ।

ਤੁਸੀਂ ਹੀ ਦੱਸੋ ਇਹਨਾਂ ਲੋਕਾਂ ਦਾ ਕੀ ਕਸੂਰ ਹੈ। ਉਹ ਜਨਮ ਸਮੇਂ ਜਾਂ ਬਾਲਗ ਉਮਰ ਵਿੱਚ ਸੁਣਨ ਜਾਂ ਬੋਲਣ ਦੀ ਸਮਰੱਥਾ ਗੁਆ ਚੁੱਕੇ ਹਨ। ਕੁਝ ਲੋਕ ਦੇਖ, ਬੋਲ ਜਾਂ ਸੁਣ ਨਹੀਂ ਸਕਦੇ।

ਕੀ ਕਦੇ ਕਿਸੇ ਨੇ ਇਹ ਸੋਚਣ ਦੀ ਖੇਚਲ ਕੀਤੀ ਹੈ ਕਿ ਇਹ ਲੋਕ ਆਪਣੀ ਜ਼ਿੰਦਗੀ ਕਿਵੇਂ ਬਤੀਤ ਕਰ ਰਹੇ ਹੋਣਗੇ। ਕੀ ਇਹਨਾਂ ਦੀ ਕਿਸਮਤ ਵਿੱਚ ਸਿਰਫ਼ ਭੀਖ ਮੰਗਣਾ ਹੀ ਲਿਖਿਆ ਹੈ, ਦੂਜਿਆਂ 'ਤੇ ਨਿਰਭਰ ਰਹਿਣਾ ਹੈ। ਜਦੋਂ ਮੈਂ ਮਹਿਸੂਸ ਕੀਤਾ ਕਿ 21ਵੀ ਸਦੀ ਵਿੱਚ ਵੀ ਸਾਡਾ ਸਮਾਜ ਇਨ੍ਹਾਂ ਲੋਕਾਂ ਨਾਲ ਸੈਕੰਡਰੀ ਪੱਧਰ ਦਾ ਸਲੂਕ ਕਰਦਾ ਹੈ। ਫਿਰ ਅਸੀਂ ਉਸੇ ਥੀਮ ਨਾਲ ਨੁੱਕੜ ਕੈਫੇ ਸ਼ੁਰੂ ਕੀਤਾ। ਇੱਥੇ 70% ਬੋਲ਼ੇ ਅਤੇ ਟ੍ਰਾਂਸਜੈਂਡਰ ਕੰਮ ਕਰਦੇ ਹਨ।

ਪ੍ਰਿਅੰਕ ਨੇ ਭਿਲਾਈ ਤੋਂ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਹੈ। ਉਹ ਕਹਿੰਦਾ ਹੈ, ਮੈਂ ਮੂਲ ਰੂਪ ਤੋਂ ਮੱਧ ਪ੍ਰਦੇਸ਼ ਦਾ ਰਹਿਣ ਵਾਲਾ ਹਾਂ। ਪੜ੍ਹਾਈ ਦੇ ਸਿਲਸਿਲੇ 'ਚ 12ਵੀ ਤੋਂ ਬਾਅਦ ਦੁਰਗ ਆਇਆ ਸੀ। ਮੇਰਾ ਵੱਡਾ ਭਰਾ ਇਥੇ ਰਹਿੰਦਾ ਸੀ। ਇੰਜਨੀਅਰਿੰਗ ਤੋਂ ਬਾਅਦ ਚੰਗੇ ਪੈਕੇਜ ਵਾਲੀ ਕੰਪਨੀ ਵਿੱਚ ਨੌਕਰੀ ਮਿਲ ਗਈ।

ਕਰੀਬ 3 ਸਾਲ ਕੰਮ ਕੀਤਾ। ਜਦੋਂ ਉਹ 2010 ਵਿੱਚ ਫੈਲੋਸ਼ਿਪ ਵਿੱਚ ਸ਼ਾਮਲ ਹੋਇਆ ਤਾਂ ਉਹ ਕਈ ਰਾਜਾਂ ਵਿੱਚ ਗਿਆ। ਨੌਕਰੀ ਦੌਰਾਨ ਲੱਗਦਾ ਸੀ ਕਿ ਇਸੇ ਦਾ ਨਾਮ ਹੈ ਜ਼ਿੰਦਗੀ, ਪਰ ਜਦੋਂ ਮੈਂ ਸਮਾਜਿਕ ਮੁੱਦਿਆਂ ਨਾਲ ਆਹਮੋ-ਸਾਹਮਣੇ ਹੋਇਆ ਤਾਂ ਮੈਨੂੰ ਲੱਗਾ ਕਿ ਇਹੀ ਅਸਲ ਜ਼ਿੰਦਗੀ ਹੈ।

ਮੈਨੂੰ ਕੈਫੇ ਸ਼ੁਰੂ ਕਰਨ ਬਾਰੇ ਕੁਝ ਨਹੀਂ ਪਤਾ ਸੀ। ਹੁਣ ਤੁਸੀਂ ਦੱਸੋ ਕਿ ਇੰਜੀਨੀਅਰਿੰਗ ਦੇ ਵਿਦਿਆਰਥੀ ਨੂੰ ਇਸ ਬਾਰੇ ਕੀ ਪਤਾ ਹੋਵੇਗਾ। ਜਦੋਂ 2013 ਵਿੱਚ ਮੈਂ ਇੱਕ ਕੈਫੇ ਖੋਲ੍ਹਣ ਦੀ ਯੋਜਨਾ ਬਣਾਈ, ਉਹ ਵੀ ਸਰੀਰਕ ਤੌਰ 'ਤੇ ਅਪਾਹਜ ਲੋਕਾਂ ਨਾਲ।

ਯੋਜਨਾ ਬਣਾਈ ਗਈ ਸੀ ਪਰ ਉਸ ਸਮੇਂ ਮੇਰੇ ਸੰਪਰਕ ਵਿੱਚ ਕੋਈ ਵੀ ਸਰੀਰਕ ਤੌਰ 'ਤੇ ਅਪਾਹਜ ਲੋਕ ਨਹੀਂ ਸਨ। ਮੈਨੂੰ ਯਾਦ ਹੈ ਕਿ ਮੈਂ ਰਾਏਪੁਰ ਵਿੱਚ ਇੱਕ ਛੋਟਾ ਜਿਹਾ ਕੈਫੇ ਖੋਲ੍ਹਿਆ ਸੀ।

ਉਦੋਂ ਹੀ ਦੋ ਗੂੰਗੇ-ਬੋਲੇ ਲੋਕ ਮੇਰੇ ਕੋਲ ਪੈਸੇ ਮੰਗਣ ਆਏ। ਮੈਂ ਉਸ ਨੂੰ ਇਸ਼ਾਰਿਆਂ ਵਿੱਚ ਪੁੱਛਿਆ ਕਿ ਭੀਖ ਮੰਗਣ ਦੀ ਬਜਾਏ ਤੁਸੀਂ ਕੋਈ ਕੰਮ ਕਿਉਂ ਨਹੀਂ ਕਰਦੇ ? ਉਸ ਸਮੇਂ ਮੈਨੂੰ ਕੋਈ ਸੰਕੇਤਕ ਭਾਸ਼ਾ ਵੀ ਨਹੀਂ ਆਉਂਦੀ ਸੀ।

ਉਸ ਨੇ ਪਰਚੀ 'ਤੇ ਲਿਖ ਕੇ ਕਿਹਾ ਕਿ ਜੇਕਰ ਉਸ ਨੂੰ ਕੋਈ ਕੰਮ ਦਿੱਤਾ ਜਾਵੇ ਤਾਂ ਉਹ ਕਰ ਲਵੇ। ਮੈਂ ਸੋਚਿਆ ਕਿ ਮੈਨੂੰ ਉਹ ਮਿਲਿਆ ਜੋ ਮੈਂ ਲੱਭ ਰਿਹਾ ਸੀ. ਮੈਂ ਉਨ੍ਹਾਂ ਨੂੰ ਆਪਣੇ ਨਾਲ ਨੌਕਰੀ 'ਤੇ ਰੱਖਿਆ। ਉਨ੍ਹਾਂ ਨੂੰ ਸਿਖਲਾਈ ਦਿੱਤੀ।

ਪ੍ਰਿਯੰਕ ਕਹਿੰਦਾ ਹੈ, ਕਿ ਸ਼ੁਰੂਆਤ ਵਿੱਚ ਐਨਜੀਓ ਵਾਲੇ ਵੀ ਹੈਰਾਨ ਸਨ ਕਿ ਸਰੀਰਕ ਤੌਰ 'ਤੇ ਅਪਾਹਜ ਲੋਕ ਕੈਫੇ ਕਿਵੇਂ ਚਲਾਉਣਗੇ ? ਇੱਕ ਐਨ.ਜੀ.ਓ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਸੀ ਕਿ ਠੀਕ ਹੈ, ਅੱਜ ਇੱਕ ਆਦਮੀ ਲੈ ਲਓ। ਜੇਕਰ ਉਹ ਤੁਹਾਡੇ ਕੈਫੇ ਵਿੱਚ ਆਰਾਮਦਾਇਕ ਮਹਿਸੂਸ ਕਰਦੇ ਹਨ, ਤਾਂ ਅਸੀਂ ਤੁਹਾਡੇ ਸਥਾਨ 'ਤੇ ਹੋਰ ਲੋਕਾਂ ਨੂੰ ਭੇਜਾਂਗੇ।

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਓਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ

28421 S CHRISMAN RD, UNIT# 3, TRACY, CA
ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

16 ਜੁਲਾਈ ਨੂੰ ਸ਼ਹੀਦੀ ਦਿਵਸ 'ਤੇ ਵਿਸ਼ੇਸ਼

# ਸ਼ਹੀਦ ਭਾਈ ਤਾਰੂ ਸਿੰਘ ਜੀ

ਬਾਬਾ ਬੰਦਾ ਸਿੰਘ ਜੀ ਬਹਾਦਰ ਅਤੇ ਉਹਨਾਂ ਦੇ ਸਿੰਘਾਂ ਦੀ ਸ਼ਹੀਦੀ ( 1716 ) ਤੋਂ ਬਾਅਦ ਸਿੰਘਾਂ 'ਤੇ ਬੜੀ ਮੁਸੀਬਤ ਦਾ ਸਮਾਂ ਸੀ। ਮੁਗਲ ਹਾਕਮਾਂ ਨੇ ਸਿੰਘਾਂ 'ਤੇ ਅਤਿਆਚਾਰ ਕਰਨ ਦੀ ਅਤਿ ਹੀ ਚੁੱਕ ਲਈ ਸੀ। ਜਬਰੀ ਧਰਮ ਪ੍ਰੀਵਰਤਣ ਦੇ ਖ਼ੂਨੀ ਇਰਾਦੇ ਹੇਠ, ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ। ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਹੀ ਚਲ ਪਈ। ਸਿੰਘਾਂ ਨੇ ਹਮੇਸ਼ਾ ਲੋਕ ਭਲਾਈ ਲਈ ਜ਼ੁਲਮ ਦੇ ਵਿਰੁੱਧ ਟਾਕਰਾ ਕਰਦੇ ਹੋਏ, ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਲਾਸਾਨੀ ਕੁਰਬਾਨੀਆਂ ਦਿੱਤੀਆਂ।

ਮੱਧ ਕਾਲੀਨ ਯੁੱਗ ਵਿੱਚ ਸਮਾਜ ਸੁਧਾਰਕਾਂ ਵੱਲੋਂ ਭਗਤੀ ਲਹਿਰ ਚਲਾਈ ਗਈ। ਸਮਾਜ ਵਿੱਚ ਝੂਠੇ ਕਰਮਕਾਂਡਾ ਵਿਰੁੱਧ ਚੇਤਨਾ ਆਈ। ਸੂਫ਼ੀ ਰੰਗ ਵਿੱਚ ਰੰਗੀ ਬਾਣੀ ਵਿੱਚ ਬੀਰ ਰਸ ਭਰਿਆ ਗਿਆ। ਕਿਸੇ ਵੀ ਅੰਦੋਲਨ ਵਿੱਚ ਜਾਨ ਪਾਉਣ ਲਈ ਬੀਰ-ਰਸ ਦੀ ਬੜੀ ਅਹਿਮੀਅਤ ਹੁੰਦੀ ਹੈ।

ਗੁਰਬਾਣੀ ਦੇ ਸ਼ਬਦ 'ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ' ॥ (ਅੰਗ 1412) ਤੋਂ ਧਰਮ ਦੀ ਬੁਨਿਆਦ ਨੂੰ ਪੱਕਾ ਕਰਨ ਦਾ ਉਪਦੇਸ਼ ਮਿਲਦਾ ਹੈ। ਸੱਚ ਧਰਮ ਦੇ ਮਾਰਗ 'ਤੇ ਕੁਰਬਾਨੀ ਦੇਣ ਲਈ ਤਿਆਰ ਰਹਿਣ ਦਾ ਸੰਦੇਸ਼ ਮਿਲਦਾ ਹੈ। ਇੱਕ ਪਰਮਾਤਮਾ ਵਿੱਚ ਯਕੀਨ ਰੱਖ ਕੇ ਉਸ ਦਾ ਨਾਮ ਜਪਣਾ, ਖ਼ੁਸ਼ੀ ਅਤੇ ਗਮੀ ਵਿੱਚ ਹਮੇਸ਼ਾ ਰੱਬ ਦਾ ਭਾਣਾ ਮੰਨਣਾ। ਨਾਨਕ ਪੰਥ ਦੀ ਸਮੁੱਚੀ ਬੰਦਗੀ ਵਿੱਚ ਨਿਮਰਤਾ ਨੂੰ ਪਹਿਲ ਦਿੱਤੀ ਗਈ ਹੈ। ਹਰੇਕ ਨੇ ਸੱਚੀ ਮਿਹਨਤ ਅਤੇ ਇਮਾਨਦਾਰੀ ਨਾਲ ਕ੍ਰਿਤ ਕਰਨੀ ਹੈ। ਆਪਣੀ ਮਿਹਨਤ ਦੀ ਕਮਾਈ ਦਾ ਫਲ, ਦੂਜਿਆਂ ਨਾਲ ਵੰਡ ਕੇ ਛੱਕਣਾ ਹੈ। ਜੀਵਨ ਜਾਚ ਲਈ ਸਿਧਾਂਤ ਹੈ ਕਿ 'ਕ੍ਰਿਤ ਕਰੋ, ਨਾਮੁ ਜਪੋ, ਵੰਡ ਛਕੋ।' ਬਰਾਬਰਤਾ ਦੇ ਸਮਾਜ ਵਿੱਚ ਖ ਦਗਰਜੀ ਤੋਂ ਉਪਰ ਉਠ ਕੇ ਸੇਵਾ ਕਰਨੀ ਹੈ। ਸਰਬੱਤ ਦੇ ਭਲੇ ਲਈ ਇਨਸਾਨੀ ਹੱਕਾਂ 'ਤੇ ਪਹਿਰਾ ਦੇਣਾ ਹੈ। ਸਿੱਖ ਧਰਮ ਦੇ ਬਾਨੀ ਸਾਹਿਬ ਗੁਰੂ ਨਾਨਕ ਦੇਵ ਜੀ ਨੇ ਧਰਮਸ਼ਾਲਾ, ਸੰਗਤ, ਪੰਗਤ, ਲੰਗਰ ਅਤੇ ਪ੍ਰਚਾਰ ਲਈ ਮੰਜੀਆਂ ਆਦਿ ਸੰਸਥਾਵਾਂ ਚਲਾਈਆਂ, ਅੱਗੇ ਜਾ ਕੇ ਸਿੱਖ ਗੁਰੂਆਂ ਨੇ ਚਲਦੀਆਂ ਸੰਸਥਾਵਾਂ ਨੂੰ ਹੋਰ ਮਜ਼ਬੂਤ ਕੀਤਾ ਅਤੇ ਵਧਾਇਆ। ਧਰਮ ਯੁੱਧ ਦੇ ਦੌਰ ਵਿੱਚ ਜਿਥੇ ਰਸਦ ਅਤੇ ਮਾਇਆ ਭੇਂਟ ਕੀਤੀ ਜਾਂਦੀ ਹੈ, ਉਥੇ ਲੋੜ ਪੈਣ ਤੇ ਸੀਸ ਵੀ ਭੇਟ ਕੀਤੇ ਜਾਣ ਲੱਗੇ। ਇਸ ਤੇ ਚਲਦਿਆਂ ਸੱਖ ਇਤਿਹਾਸ ਤਸੀਹਿਆਂ, ਕੁਰਬਾਨੀਆਂ ਅਤੇ ਸ਼ਹੀਦੀਆਂ ਦੀ ਵਿਲੱਖਣ ਮਿਸਾਲ ਹੈ। ਉਸੇ ਸੰਘਰਸ਼ ਦੀ ਲੜੀ ਵਿੱਚ ਅਠਾਰਵੀਂ ਸਦੀ ਦੇ ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ ਹੋਏ ਹਨ।

ਜ਼ਕਰੀਆ ਖਾਨ ਲਾਹੌਰ ਦਾ ਹਾਕਮ ਸੀ। ਉਸ ਦਾ ਭਰਾ ਸਿੱਖਾਂ ਨਾਲ ਹੋਈ ਇੱਕ ਜੰਗ ਵਿੱਚ ਮਾਰਿਆ ਗਿਆ। ਉਸ ਦਾ ਬਦਲਾ ਲੈਣ ਲਈ ਉਸ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਚਲਾ ਰੱਖੀ ਸੀ। ਉਸਨੇ ਸਿੱਖਾਂ ਨੂੰ ਚੁਣ ਚੁਣ ਕੇ ਮਾਰਨਾ ਸ਼ੁਰੂ ਕਰ ਦਿੱਤਾ। ਸਿੱਖ ਆਪਣੀ ਹੋਂਦ ਨੂੰ ਬਚਾਉਣ ਲਈ ਜੰਗਲਾਂ ਬੇਲਿਆਂ, ਪਹਾੜਾਂ, ਮਾਰੂਥਲਾਂ ਆਦਿ ਦੀਆਂ ਪਨਾਹਗਾਹਾਂ ਵਿੱਚ ਚਲੇ ਗਏ। ਬਾਕੀ ਕੁਝ ਬਚੇ ਹੋਏ ਸਿੱਖ ਅਤੇ ਦੂਸਰੇ ਵਰਕਾਂ ਦੇ ਲੋਕ ਮੁਗਲਾਂ ਦੇ ਘੋਰ ਜ਼ੁਲਮ ਹੇਠ ਜੀਅ ਰਹੇ ਸਨ। ਉਹ ਗੁਰੂਆਂ ਦੀ ਸਿੱਖਿਆ ਤੇ ਚਲਦੇ ਬਿਨਾਂ ਭੇਦ, ਭਾਵ ਦੇ ਆਪਸ ਵਿੱਚ ਪਿਆਰ ਅਤੇ ਸ਼ਾਂਤਮਈ ਰਹਿ ਰਹੇ ਸਨ। ਇੱਕ ਦੂਜੇ ਦੀ ਮਦਦ ਕਰਕੇ ਖੁਸ਼ ਹੁੰਦੇ ਸਨ। ਉਹ ਜੋ ਕੁਝ ਕਮਾਉਂਦੇ, ਵਿਚੋਂ ਲੋੜਵੰਦਾਂ ਦੀ ਮਦਦ ਕਰਕੇ, ਗੁਰਬਾਣੀ ਪੜ੍ਹਦੇ ਅਤੇ ਵਿਚਾਰਦੇ ਸਾਦਾ ਜੀਵਨ ਜਿਉਂਦੇ ਸਨ।



ਅਜਿਹੇ ਸਮੇਂ ਵਿੱਚ ਭਾਈ ਤਾਰੂ ਸਿੰਘ ਜੀ ਦਾ ਜਨਮ 6 ਅਕਤੂਬਰ 1720 ਈ. ਵਿੱਚ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਮਾਤਾ ਧਰਮ ਕੌਰ ਤੇ ਪਿਤਾ ਭਾਈ ਜੋਧ ਸਿੰਘ ਦੇ ਘਰ ਹੋਇਆ। ਉਹਨਾਂ ਦੇ ਪਿਤਾ ਜੀ ਇਕ ਜੰਗ ਵਿੱਚ ਸ਼ਹੀਦ ਹੋ ਗਏ ਸਨ। ਉਹਨਾਂ ਦੀ ਛੋਟੀ ਭੈਣ ਤਾਰ ਕੌਰ ਸੀ। ਭਾਈ ਸਾਹਿਬ ਨੇ ਇੱਕ ਵਾਰ ਸਿੰਘਾਂ ਨੂੰ ਮੁਗਲਾਂ ਦੇ ਚੁੰਗਲ ਵਿਚੋਂ ਇਕ ਗਰੀਬ ਲੜਕੀ ਨੂੰ ਛੁਡਵਾਉਂਦੇ ਵੇਖ ਕੇ ਸਿੰਘ ਸੱਜਣ ਦਾ ਫੈਸਲਾ ਕੀਤਾ। ਉਹਨਾਂ ਨੇ ਭਾਈ ਮਨੀ ਸਿੰਘ ਜੀ ਪਾਸੋਂ ਅੰਮ੍ਰਿਤ ਛਕਿਆ। ਭਾਈ ਮਨੀ ਸਿੰਘ ਜੀ ਦੀ ਸ਼ਖਸੀਅਤ ਦਾ ਭਾਈ ਸਾਹਿਬ 'ਤੇ ਬੜਾ ਪ੍ਰਭਾਵ ਸੀ। ਉਹ ਕਿਰਸਾਨੀ ਕਰਦੇ ਅਤੇ ਮੱਕੀ ਦੀ ਕਾਸ਼ਤ ਕਰਦੇ ਸਨ। ਸਿੱਖਾਂ ਦਾ ਮੁਗਲ ਹਾਕਮ ਜਕਰੀਆ ਖਾਨ ਨਾਲ ਟਾਕਰਾ ਚੱਲ ਰਿਹਾ ਸੀ। ਉਹਨਾਂ ਦੀ ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਗੁਰੂ ਦੀ ਸਿੱਖਿਆ 'ਤੇ ਚਲਦਿਆਂ ਲੋੜਵੰਦਾਂ ਦੀ ਸੇਵਾ ਕਰਨ ਦਾ ਕੰਮ ਸੌਂਪਿਆ ਹੋਇਆ ਸੀ। ਭਾਈ ਸਾਹਿਬ ਸੰਗਤਾਂ ਦੀ ਸੇਵਾ ਆਪ ਅੱਗੇ ਹੋ ਕੇ ਕਰਦੇ, ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵਿੱਚ ਹਮੇਸ਼ਾ ਤਤਪਰ ਰਹਿੰਦੇ। ਉਹ ਅਣਥੱਕ ਸੇਵਾ ਕਰਨ ਦੇ ਪਾਂਧੀ ਸਨ, ਜਿਵੇਂ ਕਿ ਸਿੰਘ ਪਨਾਹਗਾਹਾਂ ਵਿੱਚ ਚਲੇ ਗਏ ਸਨ। ਉਸੇ ਤਰਾਂ ਦੀ ਇਕ ਪਨਾਹਗਾਹ " ਬੀੜ ਬਾਬਾ ਬੁੱਢਾ ਜੀ ' ਪਿੰਡ ਪੂਹਲੇ ਦੇ ਨੇੜੇ ਸੀ।

ਭਾਈ ਸਾਹਿਬ ਖੇਤੀ ਦੇ ਕੰਮ ਵਿਚੋਂ ਸਿੰਘਾਂ ਦੀ ਸੇਵਾ ਕਰਨ ਦੀ ਜ਼ਿੰਮੇਵਾਰੀ ਲਈ ਹੋਈ ਸੀ। ਉਹਨਾਂ ਦੀ ਮਾਤਾ ਜੀ ਅਤੇ ਭੈਣ ਆਟਾ ਪੀਹ ਕੇ ਮਿੱਸੇ ਪਰਸ਼ਾਦੇ ਅਤੇ ਦੁੱਧ ਦਾ ਤਾਜ਼ਾ ਲੰਗਰ ਤਿਆਰ ਕਰਦੀਆਂ ਤੇ ਭਾਈ ਸਾਹਿਬ, ਲੰਗਰ, ਰਸਦ ਅਤੇ ਹੋਰ ਲੋੜੀਦੀਆਂ ਰੋਜਮਰਾਂ ਦੀਆਂ ਵਸਤਾਂ ਬੀੜ 'ਤੇ ਟਿਕਾਣਾ ਕਰੀ ਬੈਠੇ ਸਿੰਘਾਂ ਤਕ ਪਹੁੰਚਾਉਂਦੇ ਸਨ। ਦੇਰ ਰਾਤ ਤਕ ਭਾਈ ਸਾਹਿਬ ਨੇ ਸਿੰਘਾਂ ਨਾਲ ਚਲੰਤ ਮਾਮਲਿਆਂ 'ਤੇ ਵਾਰਤਾਲਾਪ ਕਰਨ ਦੀ ਦਿਲਚਸਪੀ ਵੀ ਸੀ। ਉਹ ਸਿੰਘਾਂ ਨਾਲ ਮੁਗਲ ਹਾਕਮਾਂ ਦੀਆਂ ਚਾਲਾਂ ਤੇ ਭਵਿੱਖ ਦੇ ਮਨਸੂਬਿਆਂ ਸਕੀਮਾਂ ਬਾਰੇ ਢੇਰ ਸਾਰੀ ਜਾਣਕਾਰੀ ਅਤੇ ਚਰਚਾ ਕਰਦੇ ਸਨ। ਆਉਣ ਵਾਲੇ ਬੁਰੇ ਸਮਿਆਂ ਬਾਰੇ ਸਿੰਘਾਂ ਨੂੰ ਸੁਚੇਤ ਵੀ ਕਰਦੇ ਸਨ। ਇਹ ਸਿਲਸਿਲਾ ਕਈ ਸਾਲ ਚਲਦਾ ਰਿਹਾ। ਭਾਈ ਸਾਹਿਬ ਜੀ ਦੀ ਉਮਰ 25 ਸਾਲ ਤਕ ਅੱਪੜ ਗਈ ਸੀ। ਇਸ ਤੋਂ ਇਲਾਵਾ ਭਾਈ ਸਾਹਿਬ ਪਿੰਡਾਂ ਵਿੱਚ ਆਉਂਦੇ ਜਾਂਦੇ ਮੁਸਾਫ਼ਰਾਂ ਦੀ ਲੰਗਰ ਨਾਲ ਸੇਵਾ ਕਰਦੇ ਸਨ। ਲੋੜਵੰਦਾਂ ਲਈ ਠਹਿਰ ਦਾ ਵੀ ਪ੍ਰਬੰਧ ਕਰ ਲੈਂਦੇ ਸਨ। ਇਸ ਕਰਕੇ ਉਹ ਇਲਾਕੇ ਵਿੱਚ ਹਰਮਨ ਪਿਆਰੇ ਹੋ ਗਏ ਸਨ। ਹਰ ਵਰਗ ਦੇ ਲੋਕ ਉਹਨਾਂ ਦੀ ਹਮਦਰਦੀ ਅਤ ਪਿਆਰ ਦਾ ਸਤਿਕਾਰ ਕਰਦੇ ਸਨ।

ਜੰਡਿਆਲਾ ਦਾ ਹਰਿ ਭਗਤ ਮੁਗਲ ਹਾਕਮਾਂ ਦਾ ਮੁਖ਼ਬਰ ਸੀ। ਉਹ ਸਿੰਘਾਂ ਨਾਲ ਈਰਖਾ ਕਰਦਾ ਸੀ। ਉਸਨੇ ਵੇਖਿਆ ਕਿ ਭਾਈ ਸਾਹਿਬ ਜੀ ਦੀ ਸੇਵਾ ਭਾਵਨਾ ਕਰਕੇ ਸਮਾਜ ਵਿੱਚ ਉਹਨਾਂ ਦੀ ਬੜੀ ਪ੍ਰਸਿੱਧੀ ਹੈ। ਉਸਨੇ ਈਰਖਾ ਵਿੱਚ ਆ ਕੇ ਭਾਈ ਸਾਹਿਬ ਜੀ ਦੀਆਂ ਸਰਗਰਮੀਆਂ ਨੂੰ ਕੁਚਲਣ ਦੀ ਠਾਣ ਲਈ। ਉਸ ਨੂੰ ਪਹਿਲਾਂ ਹੀ ਹਾਕਮਾਂ ਦੀ ਸ਼ਹਿ ਪ੍ਰਾਪਤ ਸੀ। ਉਸ ਨੇ ਗੁੱਸੇ ਵਿੱਚ ਆ ਕੇ ਮੁਗਲ ਸਰਕਾਰ ਨੂੰ ਖ਼ਬਰ ਦਿੱਤੀ ਕਿ ਪਿੰਡ ਪੂਹਲੇ ਵਿੱਚ ਇੱਕ ਸਿੱਖ ਭਾਈ ਤਾਰੂ ਸਿੰਘ ਬਾਗੀ ਰਹਿੰਦਾ ਹੈ। ਉਹ ਹਕੂਮਤ ਦੇ ਬਾਗੀ ਸਿੰਘਾਂ ਦੀ ਸੇਵਾ ਕਰਦਾ ਹੈ। ਉਹ ਦੁਰਾਚਾਰੀ ਮੁਸਾਫ਼ਰਾਂ ਨੂੰ ਪਨਾਹ ਵੀ ਦਿੰਦਾ ਹੈ। ਉਹ ਇੱਕ ਖਤਰਨਾਕ ਬਾਗੀ ਸਿੱਖ ਹੈ। ਉਸ ਦੀਆਂ ਕਾਰਵਾਈਆਂ ਦੀ ਉਸ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।

ਹਰਿਭਗਤ ਨੂੰ ਭਾਈ ਸਾਹਿਬ 'ਤੇ ਲਾਏ ਦੋਸ਼ਾਂ ਦੀ ਸੂਹ ਦੇਣ ਲਈ ਹਕੂਮਤ ਤੋਂ ਇਨਾਮ ਮਿਲਣ ਦੀ ਆਸ ਸੀ। ਭਾਈ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਪਿੰਡ ਪੂਹਲੇ 'ਤੇ ਧਾਵਾ ਬੋਲ ਦਿੱਤਾ। ਭਾਈ ਸਾਹਿਬ ਨੂੰ ਲਾਹੌਰ ਲਿਆਂਦਾ ਗਿਆ। ਜੇਲ੍ਹ ਵਿੱਚ ਰਖ ਕੇ ਅਨ ਮਨੁੱਖੀ ਤਸ਼ੱਦਦ ਢਾਹਿਆ ਗਿਆ। ਕਈ ਦਿਨਾ ਤਕ ਤਸ਼ੱਦਦ ਹੁੰਦਾ ਰਿਹਾ। ਇਸਲਾਮ ਕਬੂਲ ਕਰ ਲਓ 'ਤੇ ਜੋਰ ਦਿੱਤਾ ਗਿਆ। ਇਸਲਾਮ ਕਬੂਲ ਕਰ ਲੈਣ ਤਾਂ ਜਾਨ ਬਖ਼ਸ਼ ਦਿੱਤੀ ਜਾਵੇਗੀ, ਲਿਹਾਜ਼ਾ ਕੇਸ ਕਤਲ ਕਰ ਦਿੱਤੇ ਜਾਣਗੇ। ਇਸਲਾਮ ਕਬੂਲ ਕਰਵਾਉਣ ਲਈ ਭਾਈ ਸਾਹਿਬ ਨੂੰ ਕਈ ਲਾਲਚ ਦਿੱਤੇ ਗਏ, ਜਿਵੇਂ ਸਰਕਾਰੀ ਅਹੁਦਾ ਦੇ ਕੇ ਮਾਨ ਸਨਮਾਨ ਅਤੇ ਦੌਲਤ ਨਾਲ ਮਾਲਾ ਮਾਲ ਕਰ ਦਿੱਤਾ ਜਾਵੇਗਾ। ਇਸ ਤਰਾਂ ਅਰਾਮ ਦੀ ਜਿੰਦਗੀ ਬਿਤਾ ਸਕੋਗੇ। ਨਹੀਂ ਤਾਂ ਤਸ਼ੱਦਦ ਚਲਦਾ ਰਹੇਗਾ। ਚਰਖੜੀ 'ਤੇ ਚੜ੍ਹਾ ਕੇ ਕਤਲ ਕੀਤੇ ਜਾਉਗੇ। ਇਹ ਨਸੀਅਤ ਵੀ ਦਿੱਤੀ ਕਿ ਕਿਉਂ ਸਿੱਖੀ ਲਈ ਜਾਨ ਗੁਆ ਰਹੇ ਹੋ। ਭਾਈ ਸਾਹਿਬ ਨੇ ਕਿਹਾ ਕਿ ਮੈਂ ਆਪਣੇ ਧਰਮ ਵਿੱਚ ਰਹਿ ਕੇ ਮਰਨਾ ਚਾਹਵਾਂਗਾ। ਭਾਈ ਸਾਹਿਬ ਜੀ ਨੇ ਬੜੇ ਦ੍ਰਿੜ੍ਹ ਇਰਾਦੇ ਨਾਲ ਕਿਹਾ ਕਿ ਇਹ ਜੋ ਤੂੰ ਐਸੋ ਆਰਾਮ ਦੇ ਸੌਦੇ ਵਿਖਾ ਰਿਹਾ ਹੈ, ਇਹ ਮੈਂ ਆਪਣੀ ਜੁੱਤੀ ਦੀ ਨੋਕ 'ਤੇ ਲਿਖਦਾ ਹਾਂ। ਜੇਕਰ ਸਾਰ ਜਹਾਨ ਦੀਆਂ ਬਾਦਸ਼ਾਹੀਆਂ, ਧੰਨ ਦੌਲਤ ਮੇਰੇ ਪੈਰਾਂ ਵਿੱਚ ਰੱਖ ਦੇਵੇ, ਸਾਰਾ ਜਹਾਨ ਮੇਰਾ ਨੌਕਰ ਹੋ ਜਾਵੇ ਤਾਂ ਵੀ ਮੈਂ ਆਪਣਾ ਸਿੱਖੀ ਸਿਦਕ ਨਹੀਂ ਛੱਡਾਗਾਂ। ਇਸ ਸਿੱਖੀ ਨੂੰ ਕੇਸਾਂ ਸੁਆਸਾਂ ਨਾਲ ਨਿਭਾਵਾਂ ਗਾਂ। ਇਹਨਾਂ ਸਾਰੀਆਂ ਦੁਰਲੱਭ ਵਸਤੂਆਂ ਤੋਂ ਮੇਰਾ ਧਰਮ ਉੱਚਾ ਹੈ। ਮੈਂ ਆਪਣਾ ਵਾਲ ਵੀ ਬਾਂਕਾ ਨਹੀਂ ਕਰਨ ਦਿਆਂਗਾ। ਮੈਂ ਸ਼ਹੀਦ ਹੋਣ ਲਈ ਤਿਆਰ ਹਾਂ। ਮੇਰਾ ਪਰਮਾਤਮਾ ਮੇਰੇ ਨਾਲ ਸਹਾਈ ਹੋਵੇਗਾ।

ਜਕਰੀਆ ਖਾਨ ਨੇ ਹੰਕਾਰ ਵਿੱਚ ਆ ਕੇ ਕਿਹਾ ਕਿ ਇਸ ਵੇਲੇ ਤੇਰਾ ਪਰਮਾਤਮਾ ਮੈਂ ਹਾਂ? ਜੋ ਤੇਰੀ ਜਾਨ ਬਖ਼ਸ਼ ਸਕਦਾ ਹੈ। ਪਰ ਮੈਂ ਤੇਰੀ ਗਲ ਮੰਨਦਾ ਹਾਂ ਕਿ ਤੇਰੇ ਕੇਸ ਕਤਲ ਨਾ ਕੀਤੇ ਜਾਣ। ਤੇਰੇ ਕੇਸ ਤੇਰੀ ਖੋਪੜੀ ਸਮੇਤ ਉਤਾਰੇ ਜਾਣ। ਇਸ ਬਾਰੇ ਤੇਰਾ ਕੀ ਖਿਆਲ ਹੈ। ਭਾਈ ਸਾਹਿਬ ਨੇ ਕਿਹਾ ਕਿ ਤੇਰੀ ਇਹ ਦਿਆਲਤਾ ਮੈਨੂੰ ਮਨਜ਼ੂਰ ਹੈ। ਮੈਨੂੰ ਭਾਵੇਂ ਕਿਸੇ ਵੀ ਤਰੀਕੇ ਨਾਲ ਸ਼ਹੀਦ ਕਰ, ਪਰ ਮੇਰੇ ਕੇਸ ਮੇਰੇ ਸੁਆਸਾਂ ਤਕ ਕਾਇਮ ਰਹਿਣ। ਹੁਣ ਜਲਦੀ ਮੈਨੂੰ ਸ਼ਹੀਦ ਕਰ, ਮੈਂ ਪਰਮਾਤਮਾ ਦਾ ਕਰਜ਼ ਉਤਾਰਾਂ। ਜਕਰੀਆ ਖਾਨ ਨੇ ਹੁਕਮ ਦਿੱਤਾ ਕਿ ਭਾਈ ਤਾਰੂ ਸਿੰਘ ਨੂੰ ਘੋੜ ਮੰਡੀ, ਨਾਖਾਸ ਚੌਂਕ ਦਿੱਲੀ ਗੇਟ ਲਾਹੌਰ ਵਿਖੇ ਲਿਜਾਇਆ ਜਾਵੇ। ਇੱਥੇ ਪਹਿਲਾਂ ਵੀ ਕਈ ਸਿੰਘ ਸ਼ਹੀਦ ਹੋਏ ਸਨ। ਜਲਾਦ ਨੂੰ ਭਾਈ ਸਾਹਿਬ ਦੀ ਖੋਪੜੀ ਉਤਾਰਨ ਦਾ ਹੁਕਮ ਹੋਇਆ। ਭਾਈ ਸਾਹਿਬ ਸ਼ਾਂਤ ਚਿੱਤ ਅਡੋਲ ਰਹੇ। ਜਪੁ ਜੀ ਸਾਹਿਬ ਦਾ ਪਾਠ ਕਰਦੇ ਰਹੇ। ਭਾਈ ਸਾਹਿਬ ਜੀ ਦੀ ਖੋਪੜੀ ਉਤਾਰ ਕੇ ਸਾਹਮਣੇ ਰਖ ਦਿੱਤੀ ਭਾਈ ਸਾਹਿਬ ਨੇ ਰੱਬ ਦਾ ਸ਼ੁਕਰ ਮਨਾਇਆ ਕਿ ਮੇਰੇ ਕੇਸ ਬਚਾ ਲਏ ਹਨ।

ਭਾਈ ਸਾਹਿਬ ਨੂੰ ਫਿਰ ਵਾਪਿਸ ਜੇਲ੍ਹ ਭੇਜਿਆ ਗਿਆ, ਤਸ਼ੱਦਦ ਜਾਰੀ ਰਿਹਾ। ਉਹਨਾਂ ਦਿਨਾਂ ਵਿੱਚ ਜਕਰੀਆ ਖਾਨ ਦੇ ਗੁਰਦੇ ਖਰਾਬ ਹੋ ਗਏ। ਉਹ ਅਤਿਅੰਤ ਦਰਦ ਵਿੱਚ ਸੀ ਕਿ ਉਸ ਦਾ ਸਾਹ ਰੁਕਣ ਲੱਗਿਆ। ਉਸਨੇ ਪਛਤਾਵਾ ਕੀਤਾ ਕਿ ਮੈਂ ਇੱਕ ਬੇਕਸੂਰ ਸੰਤ ਰੂਪੀ ਸਿੰਘ ਨੂੰ ਬੜੇ ਤਸੀਹੇ ਦਿੱਤੇ ਹਨ। ਇਹ ਮੇਰਾ ਉਹਨਾਂ ਕਰਮਾਂ ਦਾ ਫਲ ਹੈ ਕਿ ਮੈਂ ਬਿਮਾਰੀ ਭੋਗ ਰਿਹਾ ਹਾਂ। ਉਸਨੇ ਭਾਈ ਸ਼ੁਬੇਗ ਸਿੰਘ ਜੀ ਨੂੰ ਭਾਈ ਸਾਹਿਬ ਕੋਲ ਭੇਜਿਆ ਕਿ ਮੈਨੂੰ ਮਾਫ਼ ਕਰ ਦਿਉ। ਭਾਈ ਸਾਹਿਬ ਜੀ ਨੇ ਸੁਨੇਹਾ ਦਿੱਤਾ ਕਿ ਜੋ ਕੁਝ ਵਾਪਰ ਰਿਹਾ ਹੈ, ਉਸ ਪਰਮਾਤਮਾ ਦੇ ਭਾਣੇ ਵਿੱਚ ਹੈ। ਉਹ ਪਰਮਾਤਮਾ ਸਭ ਦਾ ਇਨਸਾਫ ਕਰਦਾ ਹੈ। ਜਕਰੀਆ ਖਾਨ ਦੀ ਬਿਮਾਰੀ ਕੁਝ ਕੁ ਠੀਕ ਹੋ ਗਈ ਪਰ ਉਹ 22 ਦਿਨਾਂ ਬਾਅਦ ਮਰ ਗਿਆ। ਉਸ ਦੇ ਮਰਨ ਦੀ ਖ਼ਬਰ ਜਦ ਭਾਈ ਸਾਹਿਬ ਨੂੰ ਮਿਲੀ ਤਾਂ ਉਹਨਾਂ ਸ਼ਹੀਦੀ ਪਾ ਲਈ।

(ਬਾਕੀ ਸਫ਼ਾ 31 'ਤੇ)

# ਰਾਜਪੁਰਾ ਵਿਖੇ ਸਾਵਣ ਕਵੀ ਦਰਬਾਰ ਕਰਵਾਇਆ

ਰਾਜਪੁਰਾ/ਪ੍ਰਮਿੰਦਰ ਸਿੰਘ ਪ੍ਰਵਾਨਾ: ਲੋਕ ਸਾਹਿਤ ਸੰਗਮ ਰਾਜਪੁਰਾ ਵੱਲੋਂ ਸਾਹਿਤਕ ਸਮਾਗਮ ਕਰਵਾਇਆ ਗਿਆ। ਪ੍ਰਧਾਨਗੀ ਮੰਡਲ ਵਿੱਚ ਸਾਹਿਤਕਾਰ ਅਮਰਜੀਤ ਕੌਂਕੇ, ਡਾ. ਹਰਜੀਤ ਸਿੰਘ ਸੱਧਰ, ਡਾ.ਗੁਰਵਿੰਦਰ ਅਮਨ ਅਤੇ ਨਵਦੀਪ ਮੁੰਡੀ ਬੈਠੇ।

ਸਮਾਗਮ ਦਾ ਆਰੰਭ ਲੋਕ ਕਵੀ ਕਰਮ ਸਿੰਘ ਹਕੀਰ ਦੀ ਕਵਿਤਾ ਨਾਲ ਹੋਇਆ ਉਸਨੇ ਮਾਪਿਆਂ ਵੱਲੋਂ ਕੈਨੇਡਾ ਭੇਜੇ ਬੱਚਿਆਂ ਦਾ ਦੁੱਖ ਬਿਆਨ ਕੀਤਾ। ਅਵਤਾਰ ਪੁਆਰ ਨੇ ਗਜ਼ਲ 'ਬਾਰਿਸ਼ ਹੋ ਕੇ ਵੀ ਧਰਤ ਪਿਆਸੀ ਏ, ਇਸੇ ਕਰਕੇ ਰੁੱਖਾਂ ਵਿੱਚ ਛਾਈ ਉਦਾਸੀ ਏ।' ਸੁਣਾਈ।

ਸੂਰਤ ਚੰਦਰ ਭਾਵੁਕ ਅਤੇ ਪ੍ਰੋ. ਸ਼ਤਰੂਘਨ ਗੁਪਤਾ ਨੇ ਮਿਆਰੀ ਹਿੰਦੀ ਕਵਿਤਾਵਾਂ ਸੁਣਾਈਆਂ। ਰਣਜੀਤ ਸਿੰਘ ਫਤਹਿਗੜ੍ਹ ਸਾਹਿਬ ਨੇ 'ਰੱਬਾ ਤੇਰੇ ਚਰਨਾ ਵਿੱਚ' ਅਤੇ ਸੁਰਿੰਦਰ ਕੌਰ ਬਾੜਾ ਸਰਹਿੰਦ ਨੇ ਗੀਤ ਗਾਇਆ। ਜਗਦੀਸ਼ ਚੌਹਾਨ, ਜਮਨਾ ਪ੍ਰਕਾਸ਼, ਸੁਵਿੰਦਰ ਸਿੰਘ ਨੇ ਗਜਲਾਂ ਸੁਣਾਇਆਂ। ਸੁਰਿੰਦਰ ਸਿੰਘ ਸੋਹਾਣਾ ਨੇ ਅਸੀਂ ਕਹੀ ਕੁਹਾੜੀ ਵਾਹੁੰਦੇ, ਸਾਰਾ ਦਿਨ ਯੋਗਾ ਕਰਦੇ ਹਾਂ ਸੁਣਾਂਇਆ।









ਗੁਰਵਿੰਦਰ ਪਾਲ ਸਿੰਘ ਤੇ ਅਸ਼ੋਕ ਝਾਅ ਨੇ ਸ਼ੇਅਰ ਸੁਣਾਏ। ਪ੍ਰੋ. ਲਵਲੀ ਪੰਨੂੰ ਨੇ ਪੁਆਧੀ ਬੋਲੀ ਦੀ ਅਹਿਮੀਅਤ ਦਰਸਾਈ। ਅਮਰੀਕ ਸਿੰਘ, ਇੰਜ. ਰਵਿੰਦਰ ਕ੍ਰਿਸ਼ਨ, ਭੀਮ ਸੈਨ ਝੂਲੇ ਲਾਲ ਤੇ ਹਰਦੀਪ ਸਭਰਵਾਲ ਨੇ ਕਵਿਤਾਵਾਂ ਸੁਣਾਈਆਂ। ਕੁਲਵੰਤ ਜੱਸਲ ਨੇ ਗੀਤ 'ਜੇ ਐਸਾਂ ਕਰਨੀਆਂ ਨੇ ਤਾਂ ਮਿਤਰਾ ਬਣ ਜਾਂ ਤੂੰ ਵੀ ਬਾਬਾ ਸੁਣਾਇਆ। ਸੰਗਮ ਦੇ ਪ੍ਰਧਾਨ ਡਾ. ਅਮਨ ਨੇ 'ਮੈਂ ਤੇ ਮੇਰੀ ਕਵਿਤਾ ਸੁਣਾਈ।

ਸੰਗਮ ਦੇ ਚੇਅਰਮੈਨ ਡਾ. ਹਰਜੀਤ ਸਿੰਘ ਸੱਧਰ ਨੇ ਗੀਤ ਗਾਇਆ। ਇਸ ਸਮਾਗਮ ਦੌਰਾਨ ਅਮਰੀਕੀ ਲੇਖਿਕਾ ਸੁਧਾ ਓਮ ਢੀਂਗਰਾ ਦੀ ਕਾਵਿ ਪੁਸਤਕ 'ਧੁੱਪ ਨਾਲ ਰੁੱਸੀ ਚਾਂਦਨੀ' ਲੋਕ ਅਰਪਣ ਕੀਤੀ। ਪੁਸਤਕ ਦਾ ਅਨੁਵਾਦ ਕਵੀ ਅਮਰਜੀਤ ਕੌਂਕੇ ਵੱਲੋਂ ਕੀਤਾ ਗਿਆ ਹੈ। ਮੰਚ ਸੰਚਾਲਨ ਬਲਦਵੇ ਸਿੰਘ ਖੁਰਾਨਾ ਨੇ ਕੀਤਾ।

ਅਜਬ-ਗਜ਼ਬ ਦੁਨੀਆਂ

# ਭਾਰਤ ਦੀਆਂ ਅਜੀਬੋ-ਗ਼ਰੀਬ ਪਰੰਪਰਾਵਾਂ





ਭਾਰਤ ਦੇ ਹਰ ਹਿੱਸੇ ਨਾਲ ਕੋਈ ਨਾ ਕੋਈ ਪੁਰਾਤਨ ਸਭਿਅਤਾ ਜੁੜੀ ਹੋਈ ਹੈ, ਜੋ ਅੱਜ ਵੀ ਕਾਇਮ ਹੈ। ਇਨ੍ਹਾਂ ਸਭਿਅਤਾਵਾਂ ਦੇ ਆਪਣੇ ਰੀਤੀ-ਰਿਵਾਜ ਹਨ, ਜਿਨ੍ਹਾਂ ਵਿੱਚੋਂ ਕੁਝ ਬਹੁਤ ਹੀ ਅਜੀਬ, ਅਜੀਬ ਅਤੇ ਹੈਰਾਨ ਕਰਨ ਵਾਲੇ ਹਨ। ਭਾਰਤ ਵਿੱਚ ਹਰ ਰਾਜ, ਧਰਮ, ਭਾਈਚਾਰਾ ਅਤੇ ਹਰ ਕਬੀਲੇ ਦੇ ਲੋਕ ਆਪਣੇ ਸੱਭਿਆਚਾਰ ਅਤੇ ਪਰੰਪਰਾਵਾਂ ਦਾ ਪਾਲਣ ਕਰਦੇ ਹਨ। ਭਾਰਤ ਵਿੱਚ ਮਨਾਏ ਜਾਂਦੇ ਤਿਉਹਾਰਾਂ ਦੀ ਇੱਕ ਵਿਸ਼ਾਲ ਕਿਸਮ ਇਸ ਦੇ ਅਮੀਰ ਸੱਭਿਆਚਾਰ ਅਤੇ ਪਰੰਪਰਾਵਾਂ ਦਾ ਸਹੀ ਪ੍ਰਗਟਾਵਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਇਨ੍ਹਾਂ ਰੰਗੀਨ ਤਿਉਹਾਰਾਂ ਅਤੇ ਜੀਵੰਤ ਜਸ਼ਨਾਂ ਦੇ ਵਿਚਕਾਰ, ਭਾਰਤ ਵਿੱਚ ਕੁਝ ਅਜਿਹੇ ਅਭਿਆਸ ਹਨ ਜੋ ਬਹੁਤ ਹੀ ਅਜੀਬ ਹਨ। ਜਿਨ੍ਹਾਂ ਵਿਚੋਂ ਕੁਝ ਖ਼ਤਰਨਾਕ ਅਤੇ ਦਰਦਨਾਕ ਹਨ ਜਦੋਂ ਕਿ ਕੁਝ ਮਨੋਰੰਜਨ ਨਾਲ ਭਰਪੂਰ ਹਨ। ਪਰ ਫਿਰ ਵੀ ਉਹ ਪੂਰੀ ਸ਼ਰਧਾ ਨਾਲ ਨਿਭਾਏ ਜਾਂਦੇ ਹਨ।



ਤੁਸੀਂ ਭਾਰਤ ਵਿੱਚ ਲੋਕਾਂ ਦੇ ਰੁੱਖਾਂ ਨਾਲ ਵਿਆਹ ਕਰਨ ਬਾਰੇ ਤਾਂ ਸੁਣਿਆ ਹੀ ਹੋਵੇਗਾ, ਪਰ ਕੀ ਤੁਸੀਂ ਕਦੇ ਡੱਡੂਆਂ ਦੇ ਵਿਆਹ ਬਾਰੇ ਸੁਣਿਆ ਹੈ? ਜੇਕਰ ਤੁਸੀਂ ਨਹੀਂ ਸੁਣਿਆ ਤਾਂ ਤੁਸੀਂ ਥੋੜ੍ਹਾ ਹੈਰਾਨ ਹੋ ਸਕਦੇ ਹੋ ਪਰ ਇਹ ਬਿਲਕੁਲ ਸੱਚ ਹੈ। ਸਾਡੇ ਦੇਸ਼ ਦੇ ਕੁਝ ਹਿੱਸਿਆਂ ਵਿੱਚ ਚੰਗੀ ਬਰਸਾਤ ਲਈ ਡੱਡੂ ਅਤੇ ਡੱਡੂ ਦਾ ਵਿਆਹ ਪੂਰੇ ਰੀਤੀ-ਰਿਵਾਜ ਨਾਲ ਕੀਤਾ ਜਾਂਦਾ ਹੈ। ਦਰਅਸਲ, ਆਸਾਮ ਦੇ ਜੋਰਹਾਟ ਜ਼ਿਲ੍ਹੇ ਦੇ ਪਿੰਡ ਦੇ ਲੋਕਾਂ ਦਾ ਮੰਨਣਾ ਹੈ ਕਿ ਜੇਕਰ ਜੰਗਲੀ ਡੱਡੂਆਂ ਦਾ ਵਿਆਹ ਰਵਾਇਤੀ ਹਿੰਦੂ ਵਿਆਹ ਵਿੱਚ ਕੀਤਾ ਜਾਂਦਾ ਹੈ, ਤਾਂ ਇਹ ਲੰਬੇ ਸਮੇਂ ਤੋਂ ਸੋਕੇ ਨੂੰ ਖਤਮ ਕਰ ਦੇਵੇਗਾ ਅਤੇ ਕੁਝ ਦਿਨਾਂ ਵਿੱਚ ਭਾਰੀ ਬਰਸਾਤ ਲਿਆਵੇਗਾ। ਇਹ ਡੱਡੂ ਸਾਰੇ ਹਿੰਦੂ ਵਿਆਹ ਪਰੰਪਰਾਵਾਂ ਦੀ ਪਾਲਣਾ ਕਰਦੇ ਹੋਏ ਵਿਆਹੇ ਜਾਂਦੇ ਹਨ। ਜਿਸ ਵਿੱਚ ਪੁਜਾਰੀ ਵੀ ਸ਼ਾਮਲ ਹਨ।

### ਲੱਠ ਮਾਰ ਹੋਲੀ

ਭਾਵੇਂ ਪੂਰੇ ਭਾਰਤ ਵਿੱਚ ਹੋਲੀ ਦਾ ਤਿਉਹਾਰ ਬੜੀ ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ ਪਰ ਉੱਤਰ ਪ੍ਰਦੇਸ਼ ਦੇ ਮਥੁਰਾ ਜ਼ਿਲ੍ਹੇ ਦੇ ਨੰਦਗਾਓਂ ਅਤੇ ਬਰਸਾਨਾ ਕਸਬਿਆਂ ਵਿੱਚ ਹੋਲੀ ਦਾ ਇਹ ਤਿਉਹਾਰ ਬਹੁਤ ਹੀ ਅਨੋਖੇ ਢੰਗ ਨਾਲ ਮਨਾਇਆ ਜਾਂਦਾ ਹੈ। ਜਿਸ ਨੂੰ ਲੱਠ ਮਾਰ ਹੋਲੀ ਕਿਹਾ ਜਾਂਦਾ ਹੈ। ਇਸ ਦੇ ਨਾਮ ਤੋਂ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਕਿਹੋ ਜਿਹੀ ਹੋਲੀ ਹੋਵੇਗੀ। ਲੱਠ ਮਾਰ ਹੋਲੀ ਵਿੱਚ, ਔਰਤਾਂ ਮਰਦਾਂ ਨੂੰ ਡੰਡਿਆਂ ਨਾਲ ਮਾਰਦੀਆਂ ਹਨ ਜਦੋਂ ਕਿ ਮਰਦ ਢਾਲ ਨਾਲ ਆਪਣੀ ਰੱਖਿਆ ਕਰਦੇ ਹਨ। ਇਸੇ ਕਾਰਨ ਇਸਨੂੰ ਇੱਕ ਅਜੀਬ ਪਰੰਪਰਾ ਦਾ ਹਿੱਸਾ ਮੰਨਿਆ ਗਿਆ ਹੈ।

### ਸਿਰ ’ਤੇ ਨਾਰੀਅਲ ਤੋੜਨਾ

ਹਾਲਾਂਕਿ ਭਾਰਤ ’ਚ ਆਸਥਾ ਦੇ ਨਾਂ ’ਤੇ ਕਈ ਕੰਮ ਕੀਤੇ ਜਾਂਦੇ ਹਨ ਪਰ ਅਜਿਹੀ ਹੀ ਇਕ ਹੈਰਾਨੀਜਨਕ ਕਹਾਣੀ ’ਚ ਸ਼ਰਧਾਲੂਆਂ ਦੇ ਸਿਰ ’ਤੇ ਨਾਰੀਅਲ ਤੋੜਨਾ ਵੀ ਸ਼ਾਮਲ ਹੈ। ਦਰਅਸਲ ਇਹ ਕੰਮ ਤਾਮਿਲਨਾਡੂ ਦੇ ਇੱਕ ਮੰਦਰ ਵਿੱਚ ਕੀਤਾ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਸਿਰ ’ਤੇ ਨਾਰੀਅਲ ਤੋੜਨ ਨਾਲ ਦੇਵਤੇ ਖੁਸ਼ ਹੋਣਗੇ ਅਤੇ ਸ਼ਹਿਰ ਨੂੰ ਖੁਸ਼ਹਾਲੀ ਅਤੇ ਤੰਦਰੁਸਤੀ ਵੱਲ ਲੈ ਜਾਵੇਗਾ। ਕਈ ਲੋਕ ਨਾਰੀਅਲ ਤੋੜਦੇ ਹੋਏ ਜ਼ਖਮੀ ਵੀ ਹੋ ਜਾਂਦੇ ਹਨ। ਖੂਨ ਵਹਿਣ ਨੂੰ ਰੋਕਣ ਅਤੇ ਜ਼ਖ਼ਮ ਨੂੰ ਠੀਕ ਕਰਨ ਲਈ, ਮੰਦਰ ਦੇ ਪੁਜਾਰੀ ਸ਼ਰਧਾਲੂਆਂ ਦੇ ਸਿਰਾਂ ’ਤੇ ਹਲਦੀ ਅਤੇ ਧੂਪ ਸਟਿੱਕ ਲਗਾਉਂਦੇ ਹਨ। ਇਸ ਪਰੰਪਰਾ ਦਾ ਸਥਾਨਕ ਲੋਕ ਬੜੀ ਸ਼ਰਧਾ ਨਾਲ ਪਾਲਣ ਕਰਦੇ ਹਨ।

### ਬਲਦੇ ਕੋਲਿਆਂ ’ਤੇ ਤੁਰਨਾ

ਤਾਮਿਲਨਾਡੂ ਵਿੱਚ ਤਿਮਿਥੀ ਵਜੋਂ ਮਸ਼ਹੂਰ, ਤਿਉਹਾਰ ਭਾਰਤ ਦੀਆਂ ਸਭ ਤੋਂ ਅਜੀਬ ਪਰੰਪਰਾਵਾਂ ਵਿੱਚੋਂ ਇੱਕ ਹੈ। ਇਸ ਤਿਉਹਾਰ ਵਿੱਚ, ਸ਼ਰਧਾਲੂ ਹਿੰਦੂ ਦੇਵੀ ਦਰੋਪਤੀ ਅਮਾਨ ਦਾ ਸਨਮਾਨ ਕਰਨ ਲਈ ਬਲਦੇ ਕੋਲਿਆਂ ’ਤੇ ਨੰਗੇ ਪੈਰੀਂ ਤੁਰ ਕੇ ਤਿਉਹਾਰ ਮਨਾਉਂਦੇ ਹਨ। ਜੇਕਰ ਤੁਸੀਂ ਸੋਚਦੇ ਹੋ ਕਿ ਭਗਤ ਗਰਮ ਕੋਲਿਆਂ ਵਿੱਚ ਤੇਜ਼ ਚੱਲ ਸਕਦੇ ਹਨ ਤਾਂ ਅਜਿਹਾ ਨਹੀਂ ਹੈ, ਦੇਵੀ ਨੂੰ ਖੁਸ਼ ਕਰਨ ਲਈ ਸ਼ਰਧਾਲੂਆਂ ਨੂੰ ਹੌਲੀ-ਹੌਲੀ ਚੱਲਣਾ ਪੈਂਦਾ ਹੈ। ਜੋ ਕਿ ਅਸਲ ਵਿੱਚ ਬਹੁਤ ਖਤਰਨਾਕ ਅਤੇ ਦਰਦਨਾਕ ਹੈ। ਇਹ ਪਰੰਪਰਾ ਵਿਦੇਸ਼ਾਂ ਦੇ ਕਈ ਹਿੱਸਿਆਂ ਵਿੱਚ ਵੀ ਪਾਈ ਜਾਂਦੀ ਹੈ।





TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035









ਸਾਡੀ ਰਚਨਾ ਕੁਦਰਤ ਅਤੇ ਵਾਤਾਵਰਨ ’ਤੇ ਨਿਰਭਰ ਹੈ। ਹਵਾ, ਪਾਣੀ, ਰਹਿਣ ਲਈ ਜ਼ਰੂਰੀ ਭੋਜਨ ਵਾਤਾਵਰਨ ਦੀ ਦੇਣ ਹਨ। ਉਨ੍ਹਾਂ ਤੋਂ ਬਿਨਾਂ ਸ੍ਰਿਸ਼ਟੀ ਅਤੇ ਕਿਸੇ ਜੀਵ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਸਾਡੇ ਆਲੇ-ਦੁਆਲੇ ਦਾ ਵਾਤਾਵਰਨ ਰੁੱਖਾਂ, ਪੌਦਿਆਂ, ਨਦੀਆਂ, ਜੰਗਲਾਂ, ਜ਼ਮੀਨਾਂ ਅਤੇ ਪਹਾੜਾਂ ਆਦਿ ਨਾਲ ਘਿਰਿਆ ਹੋਇਆ ਹੈ। ਅਸੀਂ ਕੁਦਰਤ ਤੋਂ ਬਹੁਤ ਕੁਝ ਲੈਂਦੇ ਹਾਂ, ਪਰ ਬਦਲੇ ਵਿੱਚ ਇਸ ਨੂੰ ਪ੍ਰਦੂਸ਼ਿਤ ਕਰ ਰਹੇ ਹਾਂ। ਜੰਗਲਾਂ ਨੂੰ ਵੱਢ ਕੇ, ਨਦੀਆਂ ਨੂੰ ਪ੍ਰਦੂਸ਼ਿਤ ਕਰਕੇ, ਗੈਰ-ਕਾਨੂੰਨੀ ਮਾਈਨਿੰਗ ਕਰਕੇ ਪਹਾੜਾਂ ਨੂੰ ਖੋਖਲਾ ਕਰਕੇ ਅਤੇ ਪਾਣੀ ਦੀ ਅੰਨ੍ਹੇਵਾਹ ਵਰਤੋਂ ਕਰਕੇ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਕੇ ਅਸੀਂ ਕੁਦਰਤ ਦੀ ਹੋਂਦ ਨੂੰ ਤਬਾਹ ਕਰ ਰਹੇ ਹਾਂ ਅਤੇ ਸਾਡੀਆਂ ਜ਼ਿੰਦਗੀਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਖਤਰਨਾਕ ਮਾਹੌਲ ਪੈਦਾ ਕਰ ਰਹੇ ਹਾਂ। ਅਜਿਹੇ ਵਿੱਚ ਵਾਤਾਵਰਨ ਨੂੰ ਬਚਾਉਣ ਲਈ ਛੋਟੇ-ਮੋਟੇ ਉਪਰਾਲੇ ਕਰਨ ਦੀ ਲੋੜ ਹੈ। ਜੇਕਰ ਕੁਦਰਤ ਦੀ ਰਾਖੀ ਹੋਵੇਗੀ ਤਾਂ ਮਨੁੱਖੀ ਜੀਵਨ ਸੁਰੱਖਿਅਤ ਰਹੇਗਾ।

ਮਾਈਨਿੰਗ ਮਾਫੀਆ ਨੇ ਪਹਾੜਾਂ ਦੇ ਵਾਸੀਆਂ ਨੂੰ ਇਸ ਹੱਦ ਤੱਕ ਤਬਾਹ ਕਰ ਦਿੱਤਾ ਹੈ ਕਿ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਨੂੰ ਇਸ ਨੂੰ ਗੰਭੀਰ ਅਪਰਾਧਿਕ ਕਾਰਵਾਈ ਕਰਾਰ ਦੇਣਾ ਪਿਆ ਹੈ।

ਵਾਤਾਵਰਨ ਸੰਤੁਲਨ ਲਈ ਪਾਣੀ, ਜੰਗਲ, ਪਹਾੜ, ਜੰਗਲੀ ਜੀਵ ਅਤੇ ਕੁਦਰਤ ਵੱਲੋਂ ਦਿੱਤੀਆਂ ਹੋਰ ਚੀਜ਼ਾਂ ਜ਼ਰੂਰੀ ਹਨ। ਪਹਾੜਾਂ ਦੀ ਤਬਾਹੀ ਕਾਰਨ ਜੰਗਲੀ ਜੀਵਾਂ ਦਾ ਰਹਿਣ-ਸਹਿਣ ਖ਼ਤਮ ਹੋ ਗਿਆ ਹੈ। ਨਤੀਜੇ ਵਜੋਂ ਜੰਗਲੀ ਜੀਵਾਂ ਨੂੰ ਆਬਾਦੀ ਵਾਲੇ ਖੇਤਰਾਂ ਵੱਲ ਹਿਜਰਤ ਕਰਨਾ ਪਿਆ, ਜਿਸ ਕਾਰਨ ਉਨ੍ਹਾਂ ਦੀ ਜਾਨ ਨੂੰ ਖਤਰਾ ਪੈਦਾ ਹੋ ਗਿਆ। ਇਸ ਦੇ ਨਾਲ ਹੀ ਜੰਗਲੀ ਜੀਵਾਂ ਦੀ ਭੋਜਨ ਲੜੀ ’ਤੇ ਵੀ ਸੰਕਟ ਆ ਗਿਆ ਹੈ।

ਨਿੱਤ ਦਿਨ ਕੱਟੇ ਜਾ ਰਹੇ ਜੰਗਲਾਂ ਕਾਰਨ ਕੁਦਰਤੀ ਸੰਤੁਲਨ ਵੀ ਵਿਗੜ ਗਿਆ ਹੈ। ਹਰੇ-ਭਰੇ ਰੁੱਖਾਂ ਦੀ ਕਟਾਈ ਕਾਰਨ ਵਾਯੂਮੰਡਲ ਵਿੱਚ ਆਕਸੀਜਨ ਦੀ ਕਮੀ ਦੇ ਨਾਲ-ਨਾਲ ਕਾਰਬਨ ਮੋਨੋਆਕਸਾਈਡ, ਕਾਰਬਨ ਡਾਈਆਕਸਾਈਡ, ਮੀਥੇਨ ਵਰਗੀਆਂ ਮਾਰੂ ਗੈਸਾਂ ਦਾ ਪ੍ਰਭਾਵ ਵਧਿਆ ਹੈ। ਇਸ ਦਾ ਮਨੁੱਖੀ ਜੀਵਨ ਪ੍ਰਭਾਵਿਤ ਹੋਇਆ ਹੈ।

ਜ਼ਿਆਦਾ ਵਰਤੋਂ ਅਤੇ ਬਰਸਾਤ ਦੀ ਘਾਟ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਭਾਰਤ ਦੇ ਜ਼ਿਆਦਾਤਰ ਡੈਮ ਸੁੱਕੇ ਪਏ ਹਨ। ਹਰੇ ਦਰਖਤਾਂ ਦਾ ਘਟਦਾ ਰਕਬਾ ਇੱਕ ਵੱਡੀ ਸਮੱਸਿਆ ਹੈ। ਵਿਕਾਸ ਅਤੇ ਸਵਾਰਥ ਦੇ ਨਾਂ ’ਤੇ ਹਰੇ-ਭਰੇ ਦਰਖ਼ਤਾਂ ਦੀ ਕਟਾਈ ਅਤੇ ਉਜਾੜੇ ਜੰਗਲਾਂ ਦਾ ਨਤੀਜਾ ਹੈ ਕਿ ਭਾਰਤ ’ਚ ਜੰਗਲਾਤ ਖੇਤਰ ’ਚ ਕਮੀ ਆਈ ਹੈ। ਮਾਹਿਰਾਂ ਅਨੁਸਾਰ, ਇੱਕ ਆਮ ਘਰੇਲੂ ਪੌਦੇ ਦਾ ਪੱਤਾ ਪ੍ਰਤੀ ਘੰਟਾ ਲਗਭਗ 5 ਮਿਲੀਲੀਟਰ ਆਕਸੀਜਨ ਪੈਦਾ ਕਰਦਾ ਹੈ। ਜਦੋਂ ਕਿ ਇੱਕ ਸਾਧਾਰਨ ਮਨੁੱਖ ਨੂੰ ਪ੍ਰਤੀ ਘੰਟਾ 50 ਲੀਟਰ ਆਕਸੀਜਨ ਦੀ ਲੋੜ ਹੁੰਦੀ ਹੈ। ਹਰੇ ਦਰਖ਼ਤ ਆਕਸੀਜਨ ਪੈਦਾ ਕਰਨ ਦਾ ਬਹੁਤ ਵੱਡਾ ਸਰੋਤ ਹਨ।




ਵਾਤਾਵਰਣ ਵਿੱਚ ਆਇਆ ਵਿਗਾੜ ਅਤੇ ਪ੍ਰਦੂਸ਼ਣ ਖੁਦ ਮਨੁੱਖ ਵੱਲੋਂ ਸਹੇੜੀਆਂ ਹੋਈਆਂ ਵੱਡੀਆਂ ਸਮੱਸਿਆਵਾਂ ਹਨ। ਮਨੁੱਖ ਵੱਲੋਂ ਆਪਣੀਆਂ ਨਿੱਜੀ ਲਾਲਸਾਵਾਂ ਦੀ ਪੂਰਤੀ ਕਰਦਿਆਂ ਵਾਤਾਵਰਣ ਵਿੱਚ ਵੱਡਾ ਵਿਗਾੜ ਪੈਦਾ ਕਰ ਦਿੱਤਾ ਹੈ। ਮਨੁੱਖ ਵੱਲੋਂ ਹੀ ਫੈਲਾਏ ਜਾ ਰਹੇ ਹਰ ਤਰਾਂ ਦੇ ਪ੍ਰਦੂਸ਼ਣ ਕਾਰਨ ਮਨੁੱਖੀ ਸਭਿਅਤਾ ਦਾ ਹੋਂਦ ਹੀ ਖ਼ਤਰੇ ਵਿੱਚ ਪੈ ਗਈ ਹੈ। ਜਦੋਂ ਵਾਤਾਵਰਣ ਵਿੱਚ ਆਮ ਅਤੇ ਸਿਹਤਮੰਦ ਮਾਪਦੰਡਾਂ ਅਨੁਸਾਰ ਮੌਜੂਦ ਗੈਸਾਂ ਅਤੇ ਕਣਾਂ ਦੀ ਬਜਾਏ ਹੋਰ ਹਾਨੀਕਾਰਕ ਤੱਤ ਸ਼ਾਮਲ ਕੀਤੇ ਜਾਂਦੇ ਹਨ, ਤਾਂ ਇਸਨੂੰ ਪ੍ਰਦੂਸ਼ਣ ਕਿਹਾ ਜਾਂਦਾ ਹੈ।

**ਵਾਤਾਵਰਣ ਪ੍ਰਦੂਸ਼ਣ ਦੇ ਕਾਰਨ**

ਜਦੋਂ ਹਵਾ ਵਿੱਚ ਗ੍ਰੀਨ ਹਾਊਸ ਗੈਸਾਂ ਜਿਵੇਂ ਕਿ ਕਾਰਬਨ ਡਾਈਆਕਸਾਈਡ, ਓਜ਼ੋਨ, ਨਾਈਟਰਸ ਆਕਸਾਈਡ, ਧੂੜ, ਕਲੋਰੋਫਲੋਰੋਕਾਰਬਨ ਆਦਿ ਦੀ ਮਾਤਰਾ ਵਧ ਜਾਂਦੀ ਹੈ, ਤਾਂ ਇਸ ਨੂੰ ਹਵਾ ਪ੍ਰਦੂਸ਼ਣ ਕਿਹਾ ਜਾਂਦਾ ਹੈ। ਪਾਣੀ ਦਾ ਪ੍ਰਦੂਸ਼ਣ ਉਦੋਂ ਹੁੰਦਾ ਹੈ ਜਦੋਂ ਰਸਾਇਣਿਕ ਅਤੇ ਹਾਨੀਕਾਰਕ ਗੈਸਾਂ ਪਾਣੀ ਵਿੱਚ ਘੁਲ ਜਾਂਦੀਆਂ ਹਨ। ਇਸੇ ਤਰ੍ਹਾਂ ਜਦੋਂ ਮਿੱਟੀ ਵਿੱਚ ਰਸਾਇਣਿਕ ਪਦਾਰਥ, ਜੈਵਿਕ ਅਕਾਰਬਿਕ ਰਹਿੰਦ-ਖੂੰਹਦ ਆਦਿ ਪਾਏ ਜਾਂਦੇ ਹਨ, ਤਾਂ ਮਿੱਟੀ ਦਾ ਪ੍ਰਦੂਸ਼ਣ ਹੁੰਦਾ ਹੈ। ਇਸ ਤੋਂ ਇਲਾਵਾ ਮਿਆਰੀ ਪੱਧਰਾਂ ਤੋਂ ਉੱਪਰ ਆਵਾਜ਼ ਨੂੰ ਸ਼ੋਰ ਪ੍ਰਦੂਸ਼ਣ ਕਿਹਾ ਜਾਂਦਾ ਹੈ।

**ਹਵਾ ਪ੍ਰਦੂਸ਼ਣ ਦਾ ਕਾਰਨ**

ਹਵਾ ਪ੍ਰਦੂਸ਼ਣ ਦਾ ਸਭ ਤੋਂ ਵੱਡਾ ਸਰੋਤ ਜੈਵਿਕ ਈਂਧਨ ਤੋਂ ਬਣੇ ਊਰਜਾ ਅਤੇ ਪਾਵਰ ਪਲਾਂਟ ਹਨ। ਕੋਲਾ, ਪੈਟਰੋਲੀਅਮ ਨੂੰ ਜੈਵਿਕ ਬਾਲਣ ਦੀ ਸ਼੍ਰੇਣੀ ਵਿੱਚ ਰੱਖਿਆ ਗਿਆ ਹੈ। ਇਸ ਤੋਂ ਇਲਾਵਾ ਜਿੱਥੇ ਅਸੀਂ ਅਕਸਰ ਪੈਟਰੋਲ ਜਾਂ ਡੀਜ਼ਲ ਦੀ ਵਰਤੋਂ ਕਰਦੇ ਹਾਂ ਉੱਥੇ ਵਾਹਨਾਂ ਦਾ ਪ੍ਰਦੂਸ਼ਣ ਵੀ ਇੱਕ ਵੱਡਾ ਕਾਰਨ ਹੈ, ਖਾਸ ਕਰਕੇ ਸ਼ਹਿਰਾਂ ਵਿੱਚ। ਸ਼ਹਿਰਾਂ ਵਿੱਚ ਵਾਹਨਾਂ ਦੀ ਗਿਣਤੀ ਬਹੁਤ ਸੰਘਣੀ ਹੈ। ਉਦਯੋਗਾਂ ਦਾ ਧੂੰਆਂ ਵੀ ਹਵਾ ਵਿੱਚ ਕਣ ਪਦਾਰਥ ਛੱਡਦਾ ਹੈ। ਲੈਂਡਫਿਲ ਅਤੇ ਰਹਿੰਦ-ਖੂੰਹਦ ਦੇ ਗੈਰ-ਯੋਜਨਾਬੱਧ ਨਿਪਟਾਰੇ ਤੋਂ ਵੀ ਹਾਨੀਕਾਰਕ ਗੈਸਾਂ ਨਿਕਲਦੀਆਂ ਹਨ। ਪਸ਼ੂ ਪਾਲਣ, ਝੋਨੇ ਦੀ ਖੇਤੀ ਅਤੇ ਜੈਵਿਕ ਰਹਿੰਦ-ਖੂੰਹਦ ਵੀ ਮੀਥੇਨ ਅਤੇ ਕਾਰਬਨ ਡਾਈਆਕਸਾਈਡ ਵਰਗੀਆਂ ਗੈਸਾਂ ਨੂੰ ਪ੍ਰਦੂਸ਼ਿਤ ਕਰਦੇ ਹਨ।

**ਪਾਣੀ ਦੇ ਪ੍ਰਦੂਸ਼ਣ ਦਾ ਕਾਰਨ**

ਦੂਜੇ ਪਾਸੇ ਖੇਤਾਂ ਵਿੱਚੋਂ ਵਗਦਾ ਪਾਣੀ ਜਿਸ ਵਿੱਚ ਖਾਦਾਂ ਵਰਗੇ ਰਸਾਇਣ ਹੁੰਦੇ ਹਨ, ਪਾਣੀ ਦੇ ਪ੍ਰਦੂਸ਼ਣ ਲਈ ਮੁੱਖ ਤੌਰ ’ਤੇ ਜ਼ਿੰਮੇਵਾਰ ਹਨ। ਇਸ ਤੋਂ ਇਲਾਵਾ, ਉਦਯੋਗਾਂ ਵਿੱਚੋਂ ਨਿਕਲਣ ਵਾਲਾ ਤਰਲ ਰਹਿੰਦ-ਖੂੰਹਦ ਜੋ ਪਾਣੀ ਦਾ ਤਾਪਮਾਨ ਵਧਾਉਂਦਾ ਹੈ - ਇਨ੍ਹਾਂ ਜਲ ਭੰਡਾਰਾਂ ਵਿੱਚ ਵਾਟਰ ਹਾਈਸਿੰਥ ਵਰਗੇ ਤੱਤ ਆਕਸੀਜਨ ਦੀ ਕਮੀ ਨੂੰ ਵਧਾਉਂਦੇ ਹਨ। ਇਸ ਤੋਂ ਇਲਾਵਾ ਸ਼ਹਿਰਾਂ ਦੇ ਕੂੜੇ ਦੇ ਢੁਕਵੇਂ ਨਿਪਟਾਰੇ ਕਾਰਨ ਇਹ ਕੂੜਾ ਜਲਗਾਹਾਂ ਦੇ ਕੰਢਿਆਂ ’ਤੇ ਜਮ੍ਹਾਂ ਹੋ ਜਾਂਦਾ ਹੈ ਅਤੇ ਇਸ ਨਾਲ ਪਾਣੀ ਵੀ ਦੂਸ਼ਿਤ ਹੁੰਦਾ ਹੈ।



**ਮਿੱਟੀ ਅਤੇ ਸ਼ੋਰ ਪ੍ਰਦੂਸ਼ਣ ਦੇ ਕਾਰਨ**

ਖੇਤੀ ਵਿੱਚ ਰਸਾਇਣਿਕ ਖਾਦਾਂ ਦੀ ਵਰਤੋਂ, ਪਰਾਲੀ ਨੂੰ ਅੱਗ ਲਗਾਉਣ ਨਾਲ ਹਵਾ, ਪਾਣੀ ਅਤੇ ਮਿੱਟੀ ਪ੍ਰਦੂਸ਼ਿਤ ਹੁੰਦੀ ਹੈ। ਇਸ ਤੋਂ ਇਲਾਵਾ ਜੰਗਲਾਂ ਵਿੱਚ ਕੁਦਰਤੀ ਅਤੇ ਮਨੁੱਖੀ ਕਾਰਨਾਂ ਕਰਕੇ ਲੱਗਣ ਵਾਲੀਆਂ ਅੱਗਾਂ ਵੀ ਵਾਤਾਵਰਨ ਨੂੰ ਹੋਰ ਗਰਮ ਅਤੇ ਪ੍ਰਦੂਸ਼ਿਤ ਕਰਦੀਆਂ ਹਨ। ਜਿੱਥੋਂ ਤੱਕ ਆਵਾਜ਼ ਪ੍ਰਦੂਸ਼ਣ ਦਾ ਸਬੰਧ ਹੈ, ਇਹ ਵਾਹਨਾਂ, ਨਿਰਮਾਣ ਕਾਰਜਾਂ, ਜਨਤਕ ਸਮਾਗਮਾਂ ਵਿੱਚ ਕੰਨ ਪਾੜਨ ਵਾਲੇ ਪਟਾਕਿਆਂ ਆਦਿ ਕਾਰਨ ਹੁੰਦਾ ਹੈ।

**ਵਾਤਾਵਰਣ ਪ੍ਰਦੂਸ਼ਣ ਦੇ ਸਭ ਤੋਂ ਵੱਧ ਨੁਕਸਾਨਦੇਹ ਪ੍ਰਭਾਵ**

ਵਾਤਾਵਰਣ ਪ੍ਰਦੂਸ਼ਣ ਦੇ ਪ੍ਰਭਾਵ ਮਨੁੱਖਾਂ ਅਤੇ ਜਾਨਵਰਾਂ ਲਈ ਬਹੁਤ ਘਾਤਕ ਹਨ। ਵਿਸ਼ਵ ਸਿਹਤ ਸੰਗਠਨ ਮੁਤਾਬਕ ਹਵਾ ਪ੍ਰਦੂਸ਼ਣ ਕਾਰਨ ਸਮੇਂ ਤੋਂ ਪਹਿਲਾਂ ਮੌਤਾਂ ਵਧਦੀਆਂ ਹਨ। ਹਵਾ, ਪਾਣੀ ਅਤੇ ਮਿੱਟੀ ਦਾ ਪ੍ਰਦੂਸ਼ਣ ਅੰਤ ਵਿੱਚ ਭੋਜਨ ਲੜੀ ਵਿੱਚ ਦਾਖਲ ਹੁੰਦਾ ਹੈ ਅਤੇ ਸਿਹਤ ਨੂੰ ਪ੍ਰਭਾਵਿਤ ਕਰਦਾ ਹੈ। ਉਦਾਹਰਣ ਵਜੋਂ, ਪੀਣ ਵਾਲੇ ਪਾਣੀ ਵਿੱਚ ਰਸਾਇਣਿਕ ਪਾਣੀ ਦੀ ਮਿਲਾਵਟ ਅਤੇ ਖਾਣ-ਪੀਣ ਵਿੱਚ ਮਿੱਟੀ ਦੇ ਰਸਾਇਣਾਂ ਦੀ ਮਿਲਾਵਟ ਨਾਲ ਡਾਇਰੀਆ, ਹੈਜ਼ਾ ਵਰਗੀਆਂ ਬਿਮਾਰੀਆਂ ਫੈਲਦੀਆਂ ਹਨ।

ਇਹ ਦਿਲ, ਫੇਫੜਿਆਂ ਅਤੇ ਨਰਵਸ ਸਿਸਟਮ ਨੂੰ ਵੀ ਪ੍ਰਭਾਵਿਤ ਕਰਦਾ ਹੈ। ਪ੍ਰਦੂਸ਼ਣ ਕਾਰਨ ਵਧ ਰਹੀ ਗਰਮੀ ਨਾਲ ਜੰਗਲਾਂ ਦੇ ਭੰਡਾਰਾਂ ਵਿਚ ਪਾਣੀ ਦੀ ਮਾਤਰਾ ਘਟ ਜਾਂਦੀ ਹੈ ਅਤੇ ਅਜਿਹੀ ਸਥਿਤੀ ਵਿੱਚ ਜਾਨਵਰ ਪ੍ਰੇਸ਼ਾਨ ਹੋ ਜਾਂਦੇ ਹਨ। ਦੂਜੇ ਪਾਸੇ ਪਾਣੀ ਦਾ ਪ੍ਰਦੂਸ਼ਣ ਪਾਣੀ ਦੀ ਆਕਸੀਜਨ ਨੂੰ ਪ੍ਰਭਾਵਿਤ ਕਰਕੇ ਮੱਛੀਆਂ ਅਤੇ ਹੋਰ ਜੀਵਾਂ ਨੂੰ ਪ੍ਰਭਾਵਿਤ ਕਰਦਾ ਹੈ। ਦਿੱਲੀ ਵਿੱਚ ਪਿਛਲੇ ਕੁਝ ਸਾਲਾਂ ਤੋਂ ਕਾਲੇ ਧੂੰਏਂ ਦੀ ਚਾਦਰ ਵਰਗੀ ਚਾਦਰ ਵਿਛੀ ਹੋਈ ਹੈ, ਜਿਸ ਨੇ ਪੂਰੇ ਮਾਹੌਲ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਹੈ, ਇਸੇ ਦਾ ਨਤੀਜਾ ਹੈ। ਇਹ ਗਰਭਵਤੀ ਔਰਤਾਂ ਅਤੇ ਨਵਜੰਮੇ ਬੱਚਿਆਂ ਦੀ ਮੌਤ ਦੇ ਕਾਰਨਾਂ ਵਿੱਚ ਵੀ ਯੋਗਦਾਨ ਪਾਉਂਦਾ ਹੈ।

ਪ੍ਰਦੂਸ਼ਣ ਨਾਲ ਨਜਿੱਠਣ ਲਈ ਸਾਰਿਆਂ ਦੀ ਸ਼ਮੂਲੀਅਤ ਹੋਣੀ ਚਾਹੀਦੀ ਹੈ ।ਹਾਲਾਂਕਿ, ਅਸੀਂ ਸਾਰੇ ਮਿਲ ਕੇ ਵਾਤਾਵਰਨ ਪ੍ਰਦੂਸ਼ਣ ਨੂੰ ਘਟਾ ਸਕਦੇ ਹਾਂ (ਇਸ ਦੇ ਪ੍ਰਭਾਵ ਨੂੰ ਘਟਾ ਸਕਦੇ ਹਾਂ ਜਾਂ ਘਟਾ ਸਕਦੇ ਹਾਂ) ਅਤੇ ਅਨੁਕੂਲ (ਇਸ ਨਾਲ ਲੜਨ ਦੀ ਤਿਆਰੀ) ਕਰ ਸਕਦੇ ਹਾਂ। ਭਾਵੇਂ ਗੱਲ ਤਕਨੀਕੀ ਢੰਗਾਂ ਦੀ ਹੋਵੇ ਜਾਂ ਜੀਵਨ ਸ਼ੈਲੀ ਵਿੱਚ ਤਬਦੀਲੀਆਂ ਦੀ, ਜਦੋਂ ਤੱਕ ਸਰਕਾਰਾਂ, ਸਮਾਜ, ਗੈਰ-ਸਰਕਾਰੀ ਸੰਸਥਾਵਾਂ ਅਤੇ ਨਿੱਜੀ ਖੇਤਰ ਇੱਕਜੁੱਟ ਹੋ ਕੇ ਯਤਨ ਨਹੀਂ ਕਰਦੇ, ਇਹ ਲੜਾਈ ਅਧੂਰੀ ਲੜਾਈ ਹੀ ਰਹੇਗੀ।

ਕਹਾਣੀ

# ਖ਼ੁਸ਼ੀ

ਸੁਖਵੰਤ ਕੌਰ ਮਾਨ



ਭਰ ਗਰਮੀਆਂ ਦੀਆਂ ਦੁਪਹਿਰਾਂ ਹੁੰਦੀਆਂ। ਘਰ ਦੇ ਸਾਰੇ ਜੀਅ ਅੰਦਰ ਵੜ ਕੇ ਸੁੱਤੇ ਪਏ ਹੁੰਦੇ। ਕਾਮੇ ਪਿੰਡ ਰੋਟੀ ਖਾਣ ਲਈ ਚਲੇ ਜਾਂਦੇ। ਪਿਤਾ ਜੀ ਅਡੋਲ ਆਪਣੀ ਕੋਠੜੀ ਵਿਚੋਂ ਨਿਕਲ ਆਲੇ-ਦੁਆਲੇ ਵਿੰਹਦੇ। ਬੱਝੀਆਂ ਹੋਈਆਂ ਮੱਝਾਂ ਦੀਆਂ ਖੁਰਲੀਆਂ ਕੋਲ ਜਾ ਖਲੋਂਦੇ। ਮੱਝਾਂ ਖੋਲ੍ਹ ਕੇ ਉਹਨਾਂ ਨੂੰ ਹਿੱਕਦੇ ਹੋਏ ਖਾਲੀ ਪੈਲੀਆਂ ਵਿੱਚ ਲੈ ਜਾਂਦੇ। ਮੱਝਾਂ ਖੁੱਲ੍ਹ ਕੇ ਭੂਤਰ ਜਾਂਦੀਆਂ। ਅਲੂਈਆਂ ਮੱਕੀਆਂ ਨੂੰ ਮਿਧਾੜਦੀਆਂ, ਸਬਜ਼ੀਆਂ ਦੀਆਂ ਵੱਲਾਂ ਨੂੰ ਲਿਤਾੜਦੀਆਂ, ਬੂਥੇ ਚੁੱਕੀ ਸਿੱਧੀਆਂ ਦੌੜ ਪੈਂਦੀਆਂ। ਪਿਤਾ ਜੀ ਗਾਲ੍ਹਾਂ ਕੱਢਦੇ ਹੋਏ ਉਹਨਾਂ ਦੇ ਮਗਰ ਦੌੜ ਪੈਂਦੇ। ਦੌੜਦੀਆਂ ਹੋਈਆਂ ਮੱਝਾਂ ਨੂੰ ਉਹ ਅੱਗੋਂ-ਵਾਂਢੀ ਹੋ ਵਲ ਲੈਂਦੇ। ਖ਼ਾਲੀ ਖੇਤਾਂ ਵੱਲ ਹੱਕ ਲੈਂਦੇ। ਪਜਾਮਾ ਲਾਹ ਮੋਢੇ ਉਤੇ ਟੰਗ ਲੈਂਦੇ। ਲੰਮੀਆਂ-ਲੰਮੀਆਂ ਲਾਲ ਜੀਭਾਂ ਕੱਢ ਹਰੇ-ਕਚੂਰ ਘਾਹ ਨੂੰ ਲਪਰ-ਲਪਰ ਕਰ ਕੇ ਚਰਦੀਆਂ ਮੱਝਾਂ ਵਲ ਵੇਖੀ ਜਾਣਾ ਉਹਨਾਂ ਨੂੰ ਅਸੀਮ ਖ਼ੁਸ਼ੀ ਦਿੰਦਾ। ਜਿਉਂ-ਜਿਉਂ ਮੱਝਾਂ ਰੱਜਦੀਆਂ ਜਾਂਦੀਆਂ, ਪਿਤਾ ਜੀ ਦਾ ਚਿਹਰਾ ਖਿੜਦਾ ਜਾਂਦਾ।

ਮੱਝਾਂ ਰੱਜ ਕੇ ਫੂੰ-ਫੂੰ ਕਰਨ ਲੱਗਦੀਆਂ। ਇਕ ਦੂਜੀ ਨੂੰ ਟੱਕਰਾਂ ਮਾਰਦੀਆਂ, ਪੂਛਲਾਂ ਚੁੱਕੀ ਅੱਗੇ ਨੂੰ ਭੱਜ ਪੈਂਦੀਆਂ। ਤਿੰਨੇ ਕਾਮੇ, ਚੌਥਾ ਵਾਗੀ ਮੁੰਡਾ, ਦੋਵੇਂ ਪੋਤਰੇ ਮੱਝਾਂ ਮਗਰ ਭੱਜ-ਭੱਜ ਹਫ਼ ਜਾਂਦੇ। ਬੜੀ ਮੁਸ਼ਕਲ ਨਾਲ ਵਿਹੜ ਕੇ ਉਹਨਾਂ ਨੂੰ ਵਾੜੇ ਵਿੱਚ ਵਾੜਿਆ ਜਾਂਦਾ। ਪਿਤਾ ਜੀ ਦੀ ਹਾਲਤ ਵੇਖਣ ਵਾਲੀ ਹੁੰਦੀ। ਦਾੜ੍ਹੀ ਖਿੱਲਰੀ ਪਈ ਹੁੰਦੀ, ਧਾਰੀਂ ਮੁੜ੍ਹਕਾ ਵਹਿ ਰਿਹਾ ਹੁੰਦਾ।

ਪੱਠੇ ਵੱਢ-ਵੱਢ, ਕੁਤਰ-ਕੁਤਰ ਕਾਮੇ ਮੱਝਾਂ ਅੱਗੇ ਸੁੱਟੀ ਜਾਂਦੇ। ਪਿਤਾ ਜੀ ਉਹਨਾਂ ਨੂੰ ਹੋਰ-ਹੋਰ ਵੱਢਣ ਲਈ ਆਖਦੇ ਰਹਿੰਦੇ। ਕਾਮਿਆਂ ਨਾਲ ਝਗੜਦੇ ਰਹਿੰਦੇ, ਲੜਦੇ ਰਹਿੰਦੇ। ਜਿੰਨਾ ਚਿਰ ਮੱਝਾਂ ਦੀਆਂ ਕੁੱਖਾਂ ਨਾ ਭਰ ਜਾਂਦੀਆਂ, ਪਿਤਾ ਜੀ ਦਾ ਸ਼ਹੁ ਨਾ ਭਰਦਾ। ਇਕ ਕਾਮਾ ਅਤੇ ਮਾਂ ਮੱਝਾਂ ਨੂੰ ਚੋਈ ਜਾਂਦੇ, ਦੁੱਧ ਲਿਆ-ਲਿਆ ਕਾੜ੍ਹਨੀਆਂ ਵਿੱਚ ਉਲੱਦੀ ਜਾਂਦੇ।

ਸੋਤੇ ਪਏ ਮੋਟਾ-ਮੋਟਾ ਮੱਛਰ ਮੱਝਾਂ ਨੂੰ ਲੜਦਾ। ਮੱਝਾਂ ਤੜਫ਼ਦੀਆਂ। ਪਿਤਾ ਜੀ ਉੱਠ ਕੇ ਉਹਨਾਂ ਮਗਰ ਧੂਣੀਆਂ ਲਾਂਦੇ ਫਿਰਦੇ। ਮੂੰਹ-ਹਨੇਰੇ ਉੱਠ ਮਾਂ ਦੁੱਧ ਰਿੜਕਣ ਲੱਗ ਜਾਂਦੀ। ਰਿੜਕ-ਰਿੜਕ ਹਾਰ ਜਾਂਦੀ, ਦੁੱਧ ਨਾ ਮੁੱਕਦਾ। ਦਿਨ ਚੜ੍ਹਦਿਆਂ ਹੀ ਲੱਸੀ ਲੈਣ ਵਾਲੀਆਂ ਤੀਵੀਆਂ ਦਾ ਤਾਂਤਾ ਬੱਝ ਜਾਂਦਾ। ਮਾਂ ਲੁੱਦ-ਲੁੱਦ ਥੱਕ ਜਾਂਦੀ, ਪਰ ਲੱਸੀ ਨਾ ਮੁੱਕਦੀ। ਮਾਂ ਘਿਉ ਤਾਅ-ਤਾਅ ਚਾਟੀਆਂ-ਬਲ੍ਹਣੇ ਭਰੀ ਜਾਂਦੀ। ਪੈਲ਼ੀਆਂ ਵਿੱਚ ਜਿੰਨੇ ਛੋਲੇ ਹੁੰਦੇ, ਸਭ ਮੱਝਾਂ ਦੇ ਢਿੱਡ ਵਿੱਚ ਪੈ ਜਾਂਦੇ। ਗੱਡਾ ਭਰ ਛੋਲਿਆਂ ਦਾ ਖਰਾਸ ਉੱਤੇ ਦਲਣ ਲਈ ਭੇਜ ਦਿੱਤਾ ਜਾਂਦਾ। ਛੋਲੇ ਮੁੱਕਣ ’ਤੇ ਖਲ਼ ਦੀਆਂ ਬੋਰੀਆਂ ਦੀਆਂ ਬੋਰੀਆਂ ਖੁੱਲ੍ਹਦੀਆਂ ਜਾਂਦੀਆਂ।

ਕੋਈ ਪਰਾਹੁਣਾ ਆਉਂਦਾ ਤਾਂ ਜੀਆਂ ਦੀ ਸੁੱਖ-ਸਾਂਦ ਪੁੱਛਣ ਪਿੱਛੋਂ ਲਵੇਰੇ ਦਾ ਹਾਲਚਾਲ ਪੁੱਛਿਆ ਜਾਂਦਾ।

ਪਿਤਾ ਜੀ ਉਹਨਾਂ ਨੂੰ ਨਾਲ ਲੈ ਮੱਝਾਂ ਵਾਲੇ ਵਾੜੇ ਵਿੱਚ ਚਲੇ ਜਾਂਦੇ। ਕੱਲੀ-ਕੱਲੀ ਮੱਝ ਦੇ ਪਿੰਡੇ ਉੱਤੇ ਹੱਥ ਫੇਰਦੇ ਹੋਏ ਉਹ ਉਹਨਾਂ ਦੀਆਂ ਸਿਫ਼ਤਾਂ ਆਰੰਭ ਦਿੰਦੇ। ਉਹਨਾਂ ਦੇ ਥਣਾਂ ਤੋਂ ਲੈ ਕੇ ਉਹਨਾਂ ਦੇ ਸਿੰਗਾਂ ਤਕ ਇਕ-ਇਕ ਅੰਗ ਦੀ ਉਹ ਸਿਫ਼ਤ ਕਰੀ ਜਾਂਦੇ। ਉਸ ਵੇਲੇ ਉਹਨਾਂ ਦੀਆਂ ਅੱਖਾਂ ਵਿਚਲੀ ਚਮਕ ਵੇਖਣ ਵਾਲੀ ਹੁੰਦੀ। ਮੱਝਾਂ ਦੇ ਪਿੰਡਿਆਂ ਨੂੰ ਪਲੋਸ ਰਿਹਾ ਉਹਨਾਂ ਦਾ ਹੱਥ ਅਜੀਬ ਜਿਹੀ ਥਿਰਕਣ ਮਹਿਸੂਸ ਕਰ ਰਿਹਾ ਹੁੰਦਾ। ਉਹਨਾਂ ਦੇ ਚਿਹਰੇ ਉੱਤੇ ਇਕ ਅਜੀਬ ਤਰ੍ਹਾਂ ਦਾ ਗਰਵ ਹੁੰਦਾ। ਫਿਰ ਪਾਕਿਸਤਾਨ ਵਿੱਚ ਰਹਿ ਗਈਆਂ ਮੱਝਾਂ ਦੀਆਂ ਕਹਾਣੀਆਂ ਛੋਹ ਬਹਿੰਦੇ। ਸ਼ਾਹਕਾਲ਼ੀਆਂ ਮੁਹਰਾ ਨਸਲ ਦੀਆਂ ਮੱਝਾਂ, ਪੰਜਕਲਿਆਣੀਆਂ ਝੋਟੀਆਂ। ਫਿਰ ਵੱਡੀ ਮੱਝ ਦੀ ਗੱਲ ਕਰਦਿਆਂ ਤਾਂ ਉਹਨਾਂ ਦਾ ਜਿਵੇਂ ਗੱਚ ਭਰ ਆਉਂਦਾ,ਮੱਝ ਜੋ ਪੰਜੀ ਸੇਰ ਪੱਕੇ ਦੁੱਧ ਦਿੰਦੀ ਸੀ, ਜਿਹਦੀ ਪੂਛਲ ਭੋਏਂ ਨੂੰ ਛੂਹਦੀ ਸੀ ਤੇ ਸਿੰਗ ਕੁੰਢੇ-ਚੂਰ ਸਨ।

ਮਾਂ ਦੱਸਦੀ, ਉਹ ਕਦੀ ਵੀ ਕੋਈ ਮੱਝ ਨਹੀਂ ਸਨ ਵੇਚਦੇ। ਕਿਧਰੋਂ ਵੀ ਕਿਸੇ ਚੰਗੀ ਝੋਟੀ ਦੀ ਦੱਸ ਪੈਂਦੀ ਤਾਂ ਘੋੜੀ ਉੱਤੇ ਚੜ੍ਹ ਉਸੇ ਪਿੰਡ ਪਹੁੰਚ ਜਾਂਦੇ। ਅੱਪੜ ਕੇ ਉਹ ਘਰ ਲੱਭ ਲੈਂਦੇ। ਮੱਝ ਨੂੰ ਅੱਗੋਂ-ਪਿੱਛੋਂ ਵੇਖਦੇ, ਉਹਦੀ ਪੂਛਲ, ਸਿੰਙ ਤੇ ਹਵਾਨਾ ਵੇਖਦੇ, ਅੱਖਾਂ ਹੀ ਅੱਖਾਂ ਵਿੱਚ ਉਹਦੇ ਥਣਾਂ ਦੀ ਲੰਮਾਈ ਤੇ ਹਵਾਨੇ ਦਾ ਹੁਜਮ ਲਖ ਲੈਂਦੇ। ਗੋਡਿਆਂ ਵਿੱਚ ਦੋਹਨਾ ਦੱਬੀ ਉਹ ਉਹਨੂੰ ਚੋਣ ਬੈਠ ਜਾਂਦੇ। ਪਸੰਦ ਆ ਜਾਂਦੀ ਤਾਂ ਭਾਵੇਂ ਕਿੰਨਾ ਵੀ ਮੁੱਲ ਅਗਲੇ ਦੱਸਦੇ, ਪਿਤਾ ਜੀ ਉਹਨੂੰ ਖ਼ਰੀਦ ਕੇ ਛੱਡਦੇ।

ਪਾਕਿਸਤਾਨੋਂ ਆਉਂਦਿਆਂ ਉਹ ਮੱਝਾਂ ਦੇ ਵਾੜੇ ਵਿੱਚ ਵੜੇ ਸਨ। ਉਹਨਾਂ ਦੇ ਪਿੰਡਿਆਂ ਉੱਤੇ ਥਾਪੀਆਂ ਦਿੰਦੇ ਹੋਏ ਉਹ ਇਕ-ਇਕ ਦਾ ਰੱਸਾ ਵੱਢਦੇ ਗਏ ਸਨ। ਤੇ ਸਭ ਤੋਂ ਵੱਡਾ ਦੁੱਖ ਉਹਨਾਂ ਨੂੰ ਇਹੋ ਸੀ ਕਿ ਉਹ ਆਉਂਦੀ ਵੇਰ ਆਪਣੇ ਨਾਲ ਇੱਕ ਵੀ ਮੱਝ ਨਹੀਂ ਸਨ ਲਿਆ ਸਕੇ।

ਏਧਰ ਆ ਕੇ ਵੀ ਉਹਨਾਂ ਦੀ ਸਭ ਤੋਂ ਵੱਡੀ ਤਮੰਨਾ ਸੀ, ਚੰਗੀ ਤੋਂ ਚੰਗੀ ਨਸਲ ਦੀਆਂ ਮੱਝਾਂ ਇਕੱਠੀਆਂ ਕਰ ਲਈਆਂ ਜਾਣ। ਜਿਥੋਂ ਵੀ ਦੱਸ ਪੈਂਦੀ, ਉਹ ਰਾਣੀ ਦੀ ਮੂਰਤ ਵਾਲੇ ਚਾਂਦੀ ਦੇ ਰੁਪਏ ਵੇਚ ਮੱਝ ਖ਼ਰੀਦ ਲਿਆਉਂਦੇ। ਪਰ ਹੁਣ ਹਾਲਾਤ ਬਦਲ ਗਏ ਸਨ। ਜ਼ਮੀਨਾਂ ’ਤੇ ਕੱਟ ਲੱਗ ਗਈ ਸੀ। ਚਰਾਂਦਾਂ ਲਈ ਖੁੱਲ੍ਹੇ ਖੇਤ ਨਹੀਂ ਸਨ ਰਹੇ। ਆਪਣੀਆਂ ਪੈਲ਼ੀਆਂ ਦੇ ਛੋਲੇ ਛੇਤੀ ਹੀ ਖ਼ਤਮ ਹੋ ਜਾਂਦੇ। ਛੋਲਿਆਂ ਅਤੇ ਖਲ਼ ਦੇ ਭਾਅ ਚੜ੍ਹ ਗਏ ਸਨ।

ਜਮਾਂਦਾਰਨੀ ਗੋਹਾ ਸੁੱਟਣੋਂ ਇਨਕਾਰੀ ਹੋ ਜਾਂਦੀ। ਮੱਝਾਂ ਹੇਠੋਂ ਚੰਗੀ ਸਫ਼ਾਈ ਨਾ ਕਰਨ ਕਰ ਕੇ ਪਿਤਾ ਜੀ ਉਹਦੇ ਗਲ ਪੈ ਜਾਂਦੇ। ਉਹ ਘਰ ਬੈਠ ਜਾਂਦੀ। ਕੁੜ੍ਹਾਂ ਵਿੱਚ ਗੋਹੇ ਦੇ ਢੇਰ ਲੱਗ ਜਾਂਦੇ। ਪਿਤਾ ਜੀ ਤੇੜੋਂ ਪਜਾਮਾ ਲਾਹ ਫਹੁੜਾ ਚੁੱਕ ਮੱਝਾਂ ਹੇਠੋਂ ਗੋਹਾ ਪਿਛਾਂਹ ਨੂੰ ਖਿੱਚ ਰਹੇ ਹੁੰਦੇ। ਉਹਨਾਂ ਦੇ ਪੈਰ ਲਿੱਬੜ ਜਾਂਦੇ, ਲੱਤਾਂ ਲਿੱਬੜ ਜਾਂਦੀਆਂ। ਕਾਮਿਆਂ ਨੂੰ ਆਖਦੇ ਤਾਂ ਉਹ ਵਿਗੜ ਬਹਿੰਦੇ।

ਰੋਟੀ-ਟੁੱਕਰ ਤੋਂ ਵਿਹਲੀ ਹੋ ਮਾਂ ਘੁੰਗਣੀਆਂ ਵਾਲੀ ਕਾੜ੍ਹਨੀ ਚੁੱਲ੍ਹੇ ਉੱਤੇ ਰੱਖ ਦਿੰਦੀ। ਘੁੰਗਣੀਆਂ ਲਾਹੁੰਦੀ ਤਾਂ ਕਿਸੇ ਬਿਮਾਰ ਮੱਝ ਜਾਂ ਜਾਅ ਲਈ ਕਾਹੜਾ ਧਰ ਦਿੰਦੀ। ਕਾਹੜਾ ਲਾਹੁੰਦੀ ਤਾਂ ਵੜੇਵੇਂ ਉਬਲਣੇ ਰੱਖ ਦਿੰਦੀ। ਵਧਦੀ ਉਮਰ ਕਰ ਕੇ ਮਾਂ ਹੁਣ ਥੱਕ ਜਾਂਦੀ। ਬਿਮਾਰ ਹੋ ਜਾਂਦੀ ਤਾਂ ਦੁੱਧ ਪਿਤਾ ਜੀ ਨੂੰ ਰਿੜਕਣਾ ਪੈਂਦਾ।

ਸ਼ਹਿਰੋਂ ਆਏ ਦੋਧੀ ਪਿਤਾ ਜੀ ਨੂੰ ਰਾਹਵਾਟੇ ਮਿਲ ਪੈਂਦੇ। ਦੁੱਧ ਵੇਚਣ ਲਈ ਆਖਦੇ ਰਹਿੰਦੇ। ਮਾਂ ਤੇ ਭਰਾ ਸਮਝਾ-ਸਮਝਾ ਥੱਕ ਜਾਂਦੇ, ਪਰ ਪਿਤਾ ਜੀ ਦੁੱਧ ਵੇਚਣੋਂ ਸਾਫ਼ ਇਨਕਾਰ ਕਰ ਦਿੰਦੇ। ਪਰ ਇਕ ਦਿਨ ਜਦੋਂ ਇਕ ਦੋਧੀ ਨੇ ਦੋ ਸੌ ਰੁਪਏ ਪਿਤਾ ਜੀ ਦੀ ਝੋਲੀ ਲਿਆ ਪਾਏ ਤਾਂ ਦਾਣੇ ਦੇ ਖਲ਼ ਹੱਥੋਂ ਖੁੜੇ ਬੈਠੇ ਪਿਤਾ ਜੀ ਨੇ ਆਖ਼ਰ ਮਨਜ਼ੂਰ ਕਰ ਹੀ ਲਏ।

ਵੀਹ-ਪੰਝੀ ਕਿੱਲੋ ਦੁੱਧ ਰੋਜ਼ ਜਾਂਦਾ। ਨਗਦ ਪੈਸੇ ਮਿਲ ਜਾਂਦੇ। ਹੁਣ ਪਿਤਾ ਜੀ ਨੂੰ ਦੁੱਧ ਵੇਚਣਾ ਕੁਝ-ਕੁਝ ਚੰਗਾ ਲੱਗਣ ਲੱਗਿਆ। ਖਲੋਤੇ ਕੰਮ ਚੱਲਣ ਲੱਗੇ। ਇੰਜਣ ਲਈ ਜਦੋਂ ਪਹਿਲਾਂ ਅੱਸੀਆਂ ਰੁਪਿਆਂ ਦਾ ਡੀਜ਼ਲ ਦਾ ਡਰੰਮ ਲਿਆਉਣਾ ਔਖਾ ਸੀ, ਹੁਣ ਝੱਟ ਆ ਜਾਂਦਾ। ਮੱਝਾਂ ਲਈ ਦਾਣਾਵੜੇਵਾਂ ਵੀ ਪਿਤਾ ਜੀ ਵਾਧੂ ਲੈ ਆਉਂਦੇ। ਬਾਹਰ ਫ਼ਾਰਮ ਉੱਤੇ ਮਕਾਨ ਬਨਾਉਣ ਲਈ ਸਲਾਹ ਬਣੀ ਤਾਂ ਸਭ ਤੋਂ ਪਹਿਲਾਂ ਮੱਝਾਂ ਲਈ ਪੱਕੇ ਕੋਠੇ ਪਾਏ ਗਏ। ਲੰਮੀਆਂ ਲੰਮੀਆਂ ਸੀਮਿੰਟੀ ਖੁਰਲੀਆਂ ਬਣਾਈਆਂ ਗਈਆਂ। ਢਾਲਵੇਂ ਫ਼ਰਸ਼ ਬਣਾਏ ਗਏ। ਪਾਣੀ ਪੀਣ ਲਈ ਪੱਕੀ ਹੌਦੀ ਬਣਾਈ ਗਈ। ਪੈਸੇ ਮੁੱਕ ਗਏ ਤਾਂ ਆਪਣੇ ਵਸੇਬੇ ਲਈ ਡੰਗਟਪਾਊ ਜਿਹੇ ਕੋਠੇ ਪਾ ਕੇ ਆਉਣਾ ਪਿਆ।

ਏਨੇ ਡੰਗਰ ਵੇਖ ਕਾਮੇ ਵੀ ਆਪਣੀਆਂ ਮੱਝਾਂ ਲਿਆ ਉਥੇ ਹੀ ਬੰਨ੍ਹ ਦਿੰਦੇ। ਭਰਾ ਤੇ ਮਾਂ ਖਿਝਦੇ, ਪਰ ਕਾਮੇ ਇਕ ਦਿਨ ਵੀ ਘਰ ਬੈਠ ਜਾਂਦੇ ਤਾਂ ਮੱਝਾਂ ਭੁੱਖੀਆਂ ਅੜਾਂਅ-ਅੜਾਂਅ ਕਰਨ ਲੱਗਦੀਆਂ।

ਕਿਸੇ ਮੱਝ ਦਾ ਜਾਅ ਮਰ ਜਾਂਦਾ। ਮੱਝ ਭੱਜ ਜਾਂਦੀ। ਸੂਆ ਖ਼ਤਮ ਹੋ ਜਾਂਦਾ। ਦੁੱਧ ਘਟ ਜਾਂਦਾ। ਆਮਦਨ ਘਟ ਜਾਂਦੀ। ਸਾਲਾਂ-ਬੱਧੀ ਕੱਟਿਆਂ-ਕੱਟੀਆਂ ਨੂੰ ਅਤੇ ਫੰਡਰ ਮੱਝਾਂ ਨੂੰ ਖੁਰਲੀਆਂ ਉੱਤੇ ਬੰਨ੍ਹ ਕੇ ਪੱਠੇ ਪਾਈ ਜਾਣੇ ਹੁਣ ਫ਼ਜ਼ੂਲ ਜਾਪਦੇ। ਭਾਵੇਂ ਹੋਰ ਲੋੜਾਂ ਨੂੰ ਪਿੱਛੇ ਪਾ ਕੇ ਪਿਤਾ ਜੀ ਨੇ ਬਿਜਲੀ ਨਾਲ ਚੱਲਣ ਵਾਲਾ ਟੋਕਾ ਲੁਆ ਲਿਆ, ਫਿਰ ਵੀ ਕਾਮੇ ਸਾਰਾ ਸਾਰਾ ਦਿਨ ਬਰਸੀਮ ਵੱਢਦੇ ਰਹਿੰਦੇ। ਪੱਠੇ ਫਿਰ ਵੀ ਘਟ ਜਾਂਦੇ। ਪਿਤਾ ਜੀ ਨੌਕਰਾਂ ਉੱਤੇ ਚੜ੍ਹਾਈ ਕਰ ਦਿੰਦੇ। ਉਹ ਪਰਨਾ ਮੋਢਿਆਂ ਉੱਤੇ ਸੁੱਟਦੇ ਅਤੇ ਪਿੰਡ ਨੂੰ ਹੋ ਲੈਂਦੇ।

ਚਾਚਿਆਂ ਤੋਂ ਸਸਤੇ ਠੇਕੇ ਉੱਤੇ ਲਈ ਭੋਏਂ ਵੀ ਹੁਣ ਹੱਥੋਂ ਨਿਕਲ ਗਈ ਸੀ। ਉਹਨਾਂ ਨੇ ਆਪ ਖੇਤੀ ਸ਼ੁਰੂ ਕਰ ਲਈ ਸੀ। ਪੱਠਿਆਂ ਲਈ ਜ਼ਮੀਨ ਘੱਟ ਰਹਿ ਗਈ ਸੀ। ਚੱਪਾ-ਚੱਪਾ ਭੋਏਂ ਹੁਣ ਬੀਜੀ ਜਾਣ ਲੱਗ ਪਈ ਸੀ। ਆਦਤ ਤੋਂ ਮਜਬੂਰ ਪਿਤਾ ਜੀ ਹੁਣ ਵੀ ਮੱਝਾਂ ਛੱਡ ਲੈਂਦੇ। ਹਿੱਲੀਆਂ ਹੋਈਆਂ ਮੱਝਾਂ ਚਾਚਿਆਂ ਦੀਆਂ ਪੈਲ਼ੀਆਂ ਵਿੱਚ ਜਾ ਵੜਦੀਆਂ। ਲੜਾਈ ਵਧ ਜਾਂਦੀ। ਚਾਚੇ ਅਤੇ ਉਹਨਾਂ ਦੇ ਮੁੰਡੇ ਡਾਂਗਾਂ ਕੱਢ ਲਿਆਉਂਦੇ। ਵੱਡਾ ਭਰਾ ਪੜ੍ਹ-ਲਿਖ ਕੇ ਨੌਕਰੀ ਲੱਗ ਗਿਆ ਸੀ। ਜਦੋਂ ਆਉਂਦਾ, ਬੈਠ ਕੇ ਸਾਰਾ ਹਿਸਾਬ ਲਾਉਂਦਾ। ਪੱਠਿਆਂ ਦੀ ਬਿਜਾਈ ਦਾ ਖ਼ਰਚ, ਕਾਮਿਆਂ ਦਾ ਖ਼ਰਚ, ਦਾਣਾ, ਪੱਠਾ, ਖਲ਼-ਵੜੇਵੇਂ-ਹਰ ਚੀਜ ਦਾ ਹਿਸਾਬ ਕੀਤਾ ਜਾਂਦਾ। ਪੱਠਿਆਂ ਹੇਠਲੀ ਜ਼ਮੀਨ ਵਿੱਚ ਜੇ ਫ਼ਸਲ ਬੀਜੀ ਜਾਵੇ ਤਾਂ ਕਿੰਨੀ ਆਮਦਨ ਹੋ ਸਕਦੀ ਏ। ਚੌਹਾਂ ਕਾਮਿਆਂ ਵਿਚੋਂ ਜੇ ਦੋ ਹਟਾ ਦਿੱਤੇ ਜਾਣ ਤਾਂ ਖ਼ਰਚੇ ਵਿੱਚ ਕਿੰਨੀ ਕਮੀ ਆ ਸਕਦੀ ਏ। ਉਹ ਪਿਤਾ ਜੀ ਨੂੰ ਬਿਠਾ ਕੇ ਸਮਝਾਉਂਦਾ ਕਿ ਉਹ ਪੱਲਿਉਂ ਪਾ ਰਹੇ ਸਨ। ਪਰ ਪਿਤਾ ਜੀ ਉਲਟਾ ਉਹਦੇ ਕੋਲੋਂ ਕੁਝ ਮੰਗਣ ਲੱਗ ਜਾਂਦੇ। ਉਹਨੂੰ ਉਲ੍ਹਾਮੇ ਦੇਣ ਲੱਗ ਜਾਂਦੇ। ਅਖ਼ੀਰ ਦੋਵੇਂ ਪਿਉਂ-ਪੁੱਤਰ ਲੜ ਕੇ ਉੱਠ ਖਲੋਂਦੇ।

ਕੱਲਿਆਂ ਤੋਂ ਕੰਮ ਨਾ ਸੰਭਲਦਾ ਹੋਣ ਕਰ ਕੇ ਛੋਟੇ ਨੂੰ ਪਿਤਾ ਜੀ ਹਰ ਦੂਜੇ ਦਿਨ ਘਰ ਰਹਿਣ ਲਈ ਆਖ ਦਿੰਦੇ। ਕਦੀ ਕਾਮਾ ਭੱਜ ਜਾਣ ਕਰ ਕੇ ਪੱਠੇ ਵੱਢਣੇ ਹੁੰਦੇ, ਕਦੀ ਕਿਸੇ ਜਾਅ ਲਈ ਸ਼ਹਿਰੋਂ ਦੁਆਈ ਲਿਆਉਣੀ ਹੁੰਦੀ। ਦੂਜੇ ਦਿਨ ਸਕੂਲ ਜਾਂਦਾ ਤਾਂ ਮਾਸਟਰ ਝਿੜਕਦਾ। ਅਖ਼ੀਰ ਪਿਤਾ ਜੀ ਨੇ ਉਹਨੂੰ ਵੀ ਆਪਣੇ ਨਾਲ ਵਾਹੀ ਵਿੱਚ ਜੋਅ ਲਿਆ ਸੀ। ਟਰੈਕਟਰ ਆਉਣ ’ਤੇ ਦੋ ਜੋਗਾਂ ਵੇਚ ਦਿੱਤੀਆਂ ਗਈਆਂ ਸਨ। ਭਰਾ ਤਾਂ ਦੂਜੀਆਂ ਵੀ ਦੋਵੇਂ ਜੋਗਾਂ ਵੇਚ ਦੇਣਾ ਚਾਹੁੰਦਾ ਸੀ, ਪਰ ਪਿਤਾ ਜੀ ਦਾ ਕਹਿਣਾ ਸੀ ਕਿ ਮਸ਼ੀਨਰੀ ਤਾਂ ਕਿਸੇ ਵੇਲੇ ਵੀ ਖਲੋ ਸਕਦੀ ਏ। ਪਰ ਵਿਹਲੇ ਢੱਗਿਆਂ ਨੂੰ ਪੱਠੇ ਪਾਉਣੇ ਭਰਾ ਨੂੰ ਹੁਣ ਡਾਢੇ ਚੁਭਦੇ। ਭਰਾ ਆਖਦਾ, ਕੱਟੀਆਂ ਸਾਰੀਆਂ ਮਗਰੋਂ ਲਾਹ ਦਿੱਤੀਆਂ ਜਾਣ। ਪਿਤਾ ਜੀ ਆਖਦੇ, ਹੁਣ ਇਹਨਾਂ ਦਾ ਵੱਟਿਆ ਕੁਝ ਨਹੀਂ ਜਾਣਾ। ਭਰਾ ਆਖਦਾ, ਜਦੋਂ ਤਕ ਇਹਨਾਂ ਸੂਣਾ ਏਂ, ਆਪਣੀ ਕੀਮਤ ਤੋਂ ਵੀ ਵੱਧ ਖਾ ਜਾਣਾ ਏਂ। ਘਰ ਵਿੱਚ ਪ੍ਰਤੱਖ ਹੁਣ ਦੋ ਗਰੁੱਪ ਬਣ ਗਏ ਸਨ। ਕਲ੍ਹਾ ਰਹਿਣ ਲੱਗ ਗਈ ਸੀ।

ਪਿਤਾ ਜੀ ਕਿਸੇ ਵਿਆਹ ਗਏ ਹੋਏ ਸਨ। ਪਿੱਛੋਂ ਮੰਡੀ ਲੱਗੀ ਤਾਂ ਦੋ ਲਿਆਰੀਆਂ ਰੱਖ ਭਰਾ ਨੇ ਸਾਰਾ ਮਾਲ ਮੰਡੀ ਭੇਜ ਦਿੱਤਾ ਸੀ। ਪਿਤਾ ਜੀ ਦੇ ਆਉਂਦਿਆਂ ਨੂੰ ਸਭ ਖੁਰਲੀਆਂ ਖ਼ਾਲੀ ਹੋਈਆਂ ਪਈਆਂ ਸਨ। ਇਕ ਵਾਰ ਤਾਂ ਉਹਨਾਂ ਦਾ ਮੂੰਹ ਅੱਡੇ ਦਾ ਅੱਡਿਆ ਰਹਿ ਗਿਆ ਸੀ। ਕੁਝ ਦੇਰ ਤਾਂ ਉਹ ਬੋਲ ਹੀ ਨਹੀਂ ਸਨ ਸਕੇ। ਹਉਕਾ ਜਿਹਾ ਭਰਦੇ ਸਿਰ ਸੁੱਟੀ ਮੰਜੀ ਉੱਤੇ ਢਹਿ ਜਿਹੇ ਪਏ ਸਨ।

ਤੂੰ ਮੇਰੇ ਨਾਲ ਸਲਾਹ ਤਾਂ ਕਰ ਲੈਂਦੋਂ। ਰਾਤੀਂ ਪੁੱਤਰ ਨੂੰ ਕੋਲ ਸੱਦਦਿਆਂ ਉਹਨਾਂ ਹੌਲੀ ਜਿਹੇ ਕਿਹਾ। ਭਰਾ ਨੇ ਚੁੱਪ ਰਹਿਣਾ ਚੰਗਾ ਸਮਝਿਆ। ਕਈ ਦਿਨ ਉਹ ਸੁੰਨਮੁੰਨ ਰਹੇ। ਉਹ ਖ਼ਾਲੀ ਖੁਰਲੀਆਂ ਕੋਲ ਜਾ ਕੇ ਖਲੋ ਜਾਂਦੇ। ਕਿੰਨੀ-ਕਿੰਨੀ ਦੇਰ ਕੁਝ ਸੋਚਦੇ ਹੋਏ ਖਲੋਤੇ ਰਹਿੰਦੇ। ਉਹਨਾਂ ਨੂੰ ਜਾਪਦਾ ਜਿਵੇਂ ਉਹਨਾਂ ਦੇ ਜੀਵਨ ਦਾ ਮਕਸਦ ਖ਼ਤਮ ਹੋ ਗਿਆ ਹੋਵੇ।

.....ਖੁਰਲੀਆਂ ਖ਼ਾਲੀ....ਮੱਤ ਮਾਰੀ ਗਈ ਏਸ ਮੁੰਡੇ ਦੀ...., ਮੰਜੀ ਉੱਤੇ ਪਏ ਉਹ ਆਪਣੇ ਆਪ ਨਾਲ ਬੜਬੜਾਈ ਜਾਂਦੇ। ਕਈ ਵਾਰ ਰਾਤ ਨੂੰ ਲੰਮੇ-ਲੰਮੇ ਹਉਕੇ ਭਰਦੇ, ਜਾਗ ਕੇ ਬੈਠ ਜਾਂਦੇ।

ਗੁਰਦੁਆਰੇ ਕਿਉਂ ਨਹੀਂ ਜਾਂਦੇ ਤੁਸੀਂ? ਭਰਾ ਉਹਨਾਂ ਨੂੰ ਹਿੱਕ-ਹਕਾ ਕੇ ਗੁਰਦੁਆਰੇ ਭੇਜਦਾ। ਉਹ ਅੱਧ ਵਿਚੋਂ ਹੀ ਮੁੜ ਆਉਂਦੇ। ਘਰ ਕੋਈ ਰਿਸ਼ਤੇਦਾਰ ਆਉਂਦਾ ਤਾਂ ਉਹ ਮੱਝਾਂ, ਝੋਟੀਆਂ ਅਤੇ ਕੱਟੀਆਂ ਦੀਆਂ ਗੱਲਾਂ ਲੈ ਬੈਠਦੇ। ਇਕਇਕ ਮੱਝ ਦੀਆਂ ਖ਼ਸਲਤਾਂ ਗਿਣਾਈ ਜਾਂਦੇ-ਕਿਹੜੀ ਕਿੰਨੀ ਘਿਆਲ ਸੀ ਤੇ ਕਿਹੜੀ ਕਿੰਨੀ ਦੁੱਧਲ, ਕਿਹੜੀ ਹਰ-ਵਰ੍ਹਿਆਈ ਸੀ ਤੇ ਕਿਹੜੀ ਮਰੇ ਹੋਏ ਜਾਅ ਤੋਂ ਵੀ ਥਾਪੀ ਦਿੱਤਿਆਂ ਮਿਲ ਪੈਂਦੀ ਸੀ। ਇਹ ਸਭ ਦੱਸਦਿਆਂ ਹੋਇਆਂ ਉਹ ਪੂਰੇ ਵੇਗ ਵਿੱਚ ਹੁੰਦੇ। ਅਗਲੇ ਨੂੰ ਬਾਹੋਂ ਫੜੀ ਘੜੀਸਦੇ ਜਿਹੇ ਖਾਲੀ ਖੁਰਲੀਆਂ ਕੋਲ ਲੈ ਜਾਂਦੇ।

ਕੋਈ ਅਕਲ ਏ ਏਸ ਮੁੰਡੇ ਦੀ, ਖੁਰਲੀਆਂ ਖ਼ਾਲੀ ਕਰ ਦਿੱਤੀਆਂ ਸੂ, ਕੌਡੀਆਂ ਦੇ ਭਾਅ ਮਾਲ ਮਗਰੋਂ ਲਾਹ ਦਿੱਤਾ ਸੂ।

ਰਿਸ਼ਤੇਦਾਰ ਸਮਝਾਉਂਦੇ ਕਿ ਸਮੇਂ ਦੀ ਚਾਲ ਹੀ ਅਜਿਹੀ ਏ। ਉਹਨਾਂ ਨੂੰ ਵੀ ਸਮਝ ਜਾਣਾ ਚਾਹੀਦਾ ਏ। ਪਰ ਪਿਤਾ ਜੀ ਉਲਟਾ ਉਹਨਾਂ ਦੇ ਗਲ ਪੈ ਜਾਂਦੇ।

ਹੁਣ ਦੋਹਾਂ ਮੱਝਾਂ, ਕੱਟੀ ਅਤੇ ਜੋਗਾਂ ਲਈ ਪੱਠੇ ਰੱਜਵੇਂ ਹੁੰਦੇ। ਪਰ ਭਰਾ ਦੇ ਕਿਤੇ ਵਾਂਢੇ ਜਾਣ ਮਗਰੋਂ ਪਿਤਾ ਜੀ ਦੋਵੇਂ ਮੱਝਾਂ ਅਤੇ ਕੱਟੀ ਛੱਡ ਕੇ ਵੱਟਾਂ ਉੱਤੇ ਲਈ ਫਿਰਦੇ। ਮੱਝਾਂ ਬੀਜੀਆਂ ਹੋਈਆਂ ਪੈਲ਼ੀਆਂ ਵਿੱਚ ਵੜ ਜਾਂਦੀਆਂ। ਵਡੇਰੇ ਹੋਣ ਕਰ ਕੇ ਉਹ ਹੁਣ ਉਹਨਾਂ ਦੇ ਮਗਰ ਨਾ ਦੌੜ ਸਕਦੇ। ਅੱਗੇ-ਅੱਗੇ ਦੋਵੇਂ ਮੱਝਾਂ ਅਤੇ ਮਗਰ ਕੱਟੀ ਭੱਜ ਪੈਂਦੀ। ਰੋਕੋ ਓਏ, ਡੱਕੋ ਓਇ... ਓਏ ਪੱਪੂ, ਓਏ ਬੰਟੀ...ਓਏ ਤਾਰਿਆ, ਓਏ ਗੋਬਿਆ..., ਉਹ ਆਪਣੇ ਪੋਤਰਿਆਂ ਅਤੇ ਨੌਕਰਾਂ ਨੂੰ ਆਵਾਜ਼ਾਂ ਮਾਰ-ਮਾਰ ਹਫ਼ ਜਾਂਦੇ। ਮੁੰਡੇ ਵੀ ਅੱਗੋਂ ਓਨਾ ਹੀ ਚੀਕਦੇ। ਨੌਕਰ ਉਂਜ ਬੁੜ-ਬੁੜ ਕਰਦੇ ਫਿਰਦੇ। ਬਾਪੂ ਜੀ ਮੁੰਡਿਆਂ ਨੂੰ, ਨੌਕਰਾਂ ਨੂੰ ਗਾਲ੍ਹੀਂ ਉਤਰ ਆਉਂਦੇ। ਭਰਾ ਘਰ ਆਉਂਦਾ ਤਾਂ ਨੂੰਹ ਅਤੇ ਪੋਤਰੇ ਪਿਤਾ ਜੀ ਦੇ ਖਿਲਾਫ਼ ਉਹਦੇ ਕੰਨ ਭਰਦੇ। ਲੜਾਈ ਹੋ ਜਾਂਦੀ। ਉੱਚੇ-ਨੀਵੇਂ ਸ਼ਬਦ ਬੋਲੇ ਜਾਂਦੇ। ਪਿਤਾ ਜੀ ਨਰਾਜ਼ ਹੋ ਕੇ ਤੁਰ ਪੈਂਦੇ।

ਦੋਹਾਂ ਮੱਝਾਂ ਦੇ ਦੁੱਧੋਂ ਭੱਜ ਜਾਣ ਮਗਰੋਂ ਪਿਤਾ ਜੀ ਨੂੰ ਹਸਪਤਾਲ ਘੱਲ ਭਰਾ ਦੋਵੇਂ ਮੱਝਾਂ ਮੰਡੀ ਲੈ ਗਿਆ। ਪਿਤਾ ਜੀ ਦੇ ਵਾਪਸ ਆਉਣ ਉੱਤੇ ਘਰ ਵਿੱਚ ਬਹੁਤ ਹੰਗਾਮਾ ਮੱਚਿਆ। ਨੰਗੇ ਪੈਰੀਂ ਪਿਤਾ ਜੀ ਭਾਖੜਾ ਨਹਿਰ ਵੱਲ ਨੂੰ ਭੱਜ ਉੱਠੇ। ਬੜੀ ਮੁਸ਼ਕਲ ਨਾਲ ਖਿੱਚ-ਧਰੂਹ ਕੇ ਉਹਨਾਂ ਨੂੰ ਵਾਪਸ ਲਿਆਂਦਾ ਗਿਆ...।

ਭਰਾ ਜਲਦੀ ਦੋ ਦੋਗਲੀਆਂ ਗਾਈਆਂ ਲੈ ਆਇਆ ਸੀ। ਵੀਹ-ਵੀਹ ਕਿੱਲੋ ਪੱਕੇ ਦੁੱਧ ਦੇਣ ਵਾਲੀਆਂ ਗਾਈਆਂ। ਦੋਹਾਂ ਮਗਰ ਸਜਾਈਆਂ ਵੱਛੀਆਂ। ਪਰ ਪਿਤਾ ਜੀ ਨੂੰ ਉਹ ਵੱਛੀਆਂ ਚੰਗੀਆਂ ਨਾ ਲੱਗੀਆਂ। ਸਾਰਾ ਟੱਬਰ, ਸਣੇ ਕਾਮਿਆਂ, ਉਹਨਾਂ ਦੀ ਸੇਵਾ ਵਿੱਚ ਰੁੱਝਿਆ ਰਹਿੰਦਾ। ਆਂਢੀ-ਗੁਆਂਢੀ ਫ਼ਾਰਮਾਂ ਵਾਲੇ ਵੇਖਣ ਆਉਂਦੇ। ਭਰਾ ਉਹਨਾਂ ਦੀਆਂ ਸਿਫ਼ਤਾਂ ਕਰਦਾ ਨਾ ਰੱਜਦਾ। ਪਰ ਪਿਤਾ ਜੀ ਮਸੋਸੇ ਜਿਹੇ ਚੁੱਪ-ਚਾਪ ਉਹਨਾਂ ਵੱਲ ਵਿੰਹਦੇ ਰਹਿੰਦੇ।

ਰਾਤ ਨੂੰ ਪੋਤਰੇ ਦੁੱਧ ਲੈ ਕੇ ਜਾਂਦੇ ਤਾਂ ਬਹਾਨਾ ਬਣਾਅ ਕੇ ਮੋੜ ਦਿੰਦੇ। ਅਖੇ, ਗਾਈਂ ਦਾ ਦੁੱਧ ਵੀ ਕੋਈ ਪੀਣ ਲਾਇਕ ਹੁੰਦਾ ਏ?

ਬੱਸ ਕਦੀ-ਕਦੀ ਮੁਹਰਾ ਨਸਲ ਦੀ ਇਕੋ-ਇਕ ਬਚੀ-ਬਚਾਈ ਕੱਟੀ ਦੀ ਖੁਰਲੀ ਕੋਲ ਜਾ ਖਲੋਂਦੇ। ਆਪ ਟੋਕਰੀ ਪੱਠਿਆਂ ਦੀ ਭਰ ਉਹਦੀ ਖੁਰਲੀ ਵਿੱਚ ਲੱਦ ਆਉਂਦੇ। ਉਹਦੇ ਮੱਥੇ ਉੱਤੇ, ਕੰਡ ਉੱਤੇ ਹੱਥ ਫੇਰਦੇ ਰਹਿੰਦੇ।

ਪਿਤਾ ਜੀ ਰਾਤ ਨੂੰ ਅਡੋਲ ਉੱਠਦੇ। ਆਲੇ-ਦੁਆਲੇ ਵੇਖਦੇ। ਕੋਈ ਜਾਗਦਾ ਨਾ ਹੁੰਦਾ। ਅਡੋਲ ਕੱਟੀ ਦਾ ਰੱਸਾ ਜਾ ਖੋਲ੍ਹਦੇ। ਹਨੇਰੇ ਵਿੱਚ ਉਹਦੀਆਂ ਅੱਖਾਂ ਲਿਸ਼ਕ ਉੱਠਦੀਆਂ। ਸਹਿਜੇ-ਸਹਿਜੇ ਉਹ ਬੈਂਗਣਾਂ ਜਾਂ ਮਿਰਚਾਂ ਦੀ ਪਨੀਰੀ ਵਿੱਚ ਜਾ ਵੜਦੀ। ਪਨੀਰੀ ਗੋਭੀ ਜਾਂ ਨਵੀ ਕਿਸਮ ਦੇ ਟਮਾਟਰਾਂ ਦੇ ਮਹਿੰਗੇ ਬੀਅ ਦੀ ਵੀ ਹੋ ਸਕਦੀ ਸੀ। ਸਵੇਰ ਤਕ ਰੱਜ-ਪੁੱਜ ਕੇ ਫਿੰਡ ਬਣੀ ਉਹ ਖਰਾਮਾਂ-ਖਰਾਮਾਂ ਚਲਦੀ ਘਰ ਨੂੰ ਆ ਰਹੀ ਹੁੰਦੀ।

ਹਾਇਆ, ਇਹਨੂੰ ਰਾਤ ਕਿਸ ਖੋਲ੍ਹਿਆ ਏ? ਸਾਡੀ ਸਾਰੀ ਪਨੀਰੀ ਉਜਾੜ ਦਿੱਤੀ ਏ ਇਹਨੇ, ਚਾਚਾ ਜੀ ਸੜਕ ਉੱਤੇ ਖਲੋਤੇ ਬਾਹਵਾਂ ਮਾਰ-ਮਾਰ ਪਿਤਾ ਜੀ ਨੂੰ ਉਲ੍ਹਾਮੇ ਦੇ ਰਹੇ ਹੁੰਦੇ।

ਇਹ ਨਹੀਂ ਮੁੜਦੇ ਜਿੰਨਾ ਚਿਰ ਲੱਥੀ-ਲਹਾਈ ਨਾ ਕਰਵਾ ਲੈਣ, ਅੰਦਰ ਕਮਰੇ ਵਿੱਚ ਭਰਾ ਬੁੜ-ਬੁੜ ਕਰ ਰਿਹਾ ਹੁੰਦਾ।

ਕਿਸੇ ਦੀ ਵੀ ਕਿਸੇ ਗੱਲ ਦੀ ਪਰਵਾਹ ਨਾ ਕਰਦੇ ਹੋਏ ਪਿਤਾ ਜੀ ਕੇਵਲ ਰੱਜੀ ਹੋਈ ਕੱਟੀ ਦੀਆਂ ਭਰੀਆਂ ਹੋਈਆਂ ਕੁੱਖਾਂ ਵੱਲ ਵੇਖ ਰਹੇ ਹੁੰਦੇ। ਉਹਦੀਆਂ ਸੰਤੁਸ਼ਟ ਚਮਕਦੀਆਂ ਹੋਈਆਂ ਅੱਖਾਂ ਵੱਲ ਵੇਖਦਿਆਂ ਇਕ ਨਿੱਕੀ-ਨਿੱਕੀ ਸ਼ਰਾਰਤੀ ਜਿਹੀ ਮੁਸਕਾਨ ਉਹਨਾਂ ਦੇ ਮੂੰਹ ਉੱਤੇ ਫੈਲ ਜਾਂਦੀ ਅਤੇ ਇਕ ਅਜੀਬ ਜਿਹੀ ਚਮਕ ਉਹਨਾਂ ਦੀਆਂ ਅੱਖਾਂ ਵਿੱਚ ਭਰ ਜਾਂਦੀ।

ਮਿੰਨੀ ਕਹਾਣੀ

## ਕਿਸਾਨ ਅਤੇ ਕੁੱਕੜ



ਇੱਕ ਪਿੰਡ ਵਿੱਚ ਇੱਕ ਕਿਸਾਨ ਰਹਿੰਦਾ ਸੀ, ਉਸਦਾ ਇੱਕ ਕੁੱਕੜ ਸੀ ਜੋ ਦਿਨ ਚੜ੍ਹਦੇ ਹੀ ਰੌਲਾ ਪਾ ਦਿੰਦਾ ਸੀ।

ਉਸ ਦੀ ਆਵਾਜ਼ ਸੁਣ ਕੇ ਹਰ ਕੋਈ ਉੱਠ ਕੇ ਆਪਣੇ ਕੰਮ ਵਿੱਚ ਰੁੱਝ ਜਾਂਦਾ ਸੀ। ਇੱਕ ਦਿਨ ਕਿਸਾਨ ਤੋਂ ਗੁੱਸੇ ਵਿੱਚ ਆ ਕੇ ਮੁਰਗੇ ਨੇ ਫੈਸਲਾ ਕੀਤਾ ਕਿ ਅਗਲੇ ਦਿਨ ਜੇਕਰ ਉਹ ਆਵਾਜ਼ ਨਹੀਂ ਕੱਢੇਗਾ ਤਾਂ ਸਭ ਨੂੰ ਇਸ ਦੀ ਮਹੱਤਤਾ ਦਾ ਪਤਾ ਲੱਗ ਜਾਵੇਗਾ।

ਉਸ ਰਾਤ ਉਸ ਨੇ ਜੋ ਫੈਸਲਾ ਕਰਿਆ ਸੀ, ਉਸ ਕਾਰਨ ਉਹ ਅਗਲੇ ਦਿਨ ਦੇਰ ਨਾਲ ਜਾਗਿਆ ਅਤੇ ਕੋਈ ਆਵਾਜ਼ ਨਹੀਂ ਕੀਤੀ। ਪਰ ਉਸ ਨੇ ਦੇਖਿਆ ਕਿ ਸਾਰੇ ਲੋਕ ਸਮੇਂ ਸਿਰ ਉੱਠ ਕੇ ਆਪਣੇ ਕੰਮ ਵਿਚ ਰੁੱਝੇ ਹੋਏ ਸਨ।

ਇਹ ਦੇਖ ਕੇ ਕੁੱਕੜ ਨੇ ਸਮਝ ਲਿਆ ਕਿ ਉਹ ਕਿਸਾਨ ਨਾਲ ਬੇਵਜ੍ਹਾ ਗੁੱਸੇ ਹੋ ਕੇ ਠੀਕ ਨਹੀਂ ਕੀਤਾ।

# ਮੇਰੀ ਕਲਮ

## ਦੁਸ਼ਮਣਾਂ ਵਰਗੇ ਦੋਸਤ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਇਹ ਵਰ ਹੈ ਜਾਂ ਸਰਾਪ ਹੈ ਜਾਂ ਪਿਛਲੇ ਜਨਮਾਂ ਦਾ ਪਾਪ ਹੈ ?
ਜਿਸ ਨੂੰ ਵੀ ਦੋਸਤ ਕਹਿ ਬੈਠਾਂ, ਉਹੀਓ ਹੁੰਦਾ ਮੇਰੇ ਖਿਲਾਫ ਹੈ।
ਕੋਈ ਧਰਮ ਦੇ ਨਾਂ ਤੇ ਲੜ ਪੈਂਦਾ, ਕੋਈ ਜਾਤ 'ਚ ਪਾਤ ਫਸਾ ਲੈਂਦਾ,
ਕੋਈ ਮੇਰੀ ਗੱਲ ਨੂੰ ਕੱਟਣ ਲਈ, ਬੱਸ ਐਵੇਂ ਟੰਗ ਅੜਾ ਬਹਿੰਦਾ।
ਕੋਈ ਮੈਥੋਂ ਬਹੁਤ ਸਿਆਣਾ ਹੈ, ਅੰਨ੍ਹਿਆਂ ਵਿੱਚ ਫਿਰਦਾ ਕਾਣਾ ਹੈ,
ਮੈਨੂੰ ਰਸਤਾ ਦੱਸਣ ਲੱਗ ਪੈਂਦਾ, ਖ਼ੁਦ ਪਤਾ ਨਹੀਂ ਕਿੱਧਰ ਜਾਣਾ ਹੈ।
ਕਈ ਮੂੰਹ 'ਤੇ ਮਿੱਠੇ ਬਣਦੇ ਨੇ, ਪਿੱਠ ਪਿੱਛੇ ਛੁਰੀਆਂ ਕੱਢਦੇ ਨੇ,
ਮੈਨੂੰ ਇਸ ਜਹਾਨੋਂ ਤੋਰਨ ਲਈ, ਅਰਦਾਸਾਂ ਨਿੱਤ ਦਿਨ ਕਰਦੇ ਨੇ।
ਮੇਰੀ ਸ਼ਕਲ ਨੂੰ ਨਫ਼ਰਤ ਕਰ ਕਰਕੇ, ਕਈ ਵਿੰਗੇ ਮੂੰਹ ਕਰਾ ਬੈਠੇ,
ਨਹੀਂ ਚੱਲਦਾ ਵੱਸ ਹੁਣ ਕਈਆਂ ਦਾ, ਬੱਸ ਆਪਣੇ ਮੂੰਹ ਦੀ ਖਾ ਬੈਠੇ।
ਮੈਨੂੰ ਖੁਸ਼ੀ ਉਦੋਂ ਰੱਜ ਕੇ ਹੁੰਦੀ, ਜਦੋਂ ਖ਼ੂਨ ਉਨ੍ਹਾਂ ਦਾ ਮਘਦਾ ਹੈ,
ਦਿਲ ਬਾਗ਼ ਬਾਗ਼ ਮੇਰਾ ਹੋ ਜਾਂਦਾ, ਦਿਨ ਸਫਲ ਹੋ ਗਿਆ ਲੱਗਦਾ ਹੈ।
ਰੱਬ ਕਰੇ ਕਿ ਜੀਂਦੇ ਰਹਿਣ ਸਦਾ, ਮੇਰਾ ਦਿਲ ਇਵੇਂ ਹੀ ਲਾ ਰੱਖਣ,
ਦੁਸ਼ਮਣੀ ਐਸੇ ਦੋਸਤਾਂ ਦੀ, ਮੈਨੂੰ ਲੱਗੇ ਬਣ ਕੇ ਘਿਓ ਮੱਖਣ।
ਅਨੋਖੀ ਜਿਹੀ ਇਹ ਦੋਸਤੀ ਵੀ, ਕੰਡਿਆਂ ਦੇ ਤਾਜ ਬਰਾਬਰ ਹੈ,
ਜਿਸਦਾ ਚੋਭ ਨਜ਼ਾਰਾ ਵੀ, ਖ਼ੁਸ਼ੀਆਂ ਦਾ ਭਰਿਆ ਸਾਗਰ ਹੈ।

## ਅੱਜ

ਅੰਮ੍ਰਿਤਾ ਪ੍ਰੀਤਮ



ਮਾਨ ਸਰੋਵਰ ਰਿਸ਼ਮਾਂ ਲੱਥੀਆਂ
ਮੋਤੀ ਰਹੀਆਂ ਚੁੱਗ ਵੇ ।
ਫੇਰ ਹਨੇਰੇ ਚਉਸਰ ਖੇਡੇ
ਫ਼ਜ਼ਰ ਗਈ ਉ ਪੁੱਗ ਵੇ ।
ਪੂਰਬ ਦੀ ਇਕ ਟਾਹਣੀ ਉੱਤੇ
ਕਿਰਣਾਂ ਪਈਆਂ ਉੱਗ ਵੇ ।
ਸੱਭੇ ਯਾਦਾਂ ਉੱਮਲ੍ਹ ਆਈਆਂ
ਭਰੀ ਕਲੇਜੇ ਰੁੱਗ ਵੇ ।
ਅੱਲ੍ਹੜ ਧੁੱਪਾਂ ਖੇਡਣ ਪਈਆਂ
ਖੇਡਣ ਰੰਗ ਕਸੁੰਭ ਵੇ ।
ਲਗਰਾਂ ਜਹੀਆਂ ਸਿਖ਼ਰ ਦੁਪਹਿਰਾਂ
ਹੋਈਆਂ ਚਿੱਟੀਆਂ ਖੁੰਬ ਵੇ ।
ਵੇਖ ਸਮੇਂ ਨੇ ਚਾੜ੍ਹ ਧੁਣਖਣੀ
ਚਾਨਣ ਦਿੱਤਾ ਤੁੰਬ ਵੇ ।
ਦੋਵੇਂ ਪੈਰ ਦਿਹੁੰ ਦੇ ਠਰ ਗਏ
ਕਿਰਣਾਂ ਮਾਰੀ ਝੁੰਬ ਵੇ ।

ਕਿਰਣਾਂ ਜਿਵੇ ਜਲੂਟੀ ਹੋਈਆਂ
ਅੰਬਰ ਗਏ ਨੇ ਅੰਬ ਵੇ ।
ਕਿਸੇ ਰਾਹੀ ਨੇ ਅੱਡੀ ਝਾੜੀ
ਪੰਛੀ ਝਾੜੇ ਖੰਭ ਵੇ ।
ਆ ਗਏ ਝੁੰਡ, ਵੱਗ ਤੇ ਡਾਰਾਂ
ਭਰ ਗਏ ਸਰਵਰ ਛੰਭ ਵੇ ।
ਏਸ ਹਿਜਰ ਦੇ ਪੈਂਡੇ ਉੱਤੇ
ਜਿੰਦ ਗਈ ਮੇਰੀ ਹੰਭ ਵੇ ।

ਡੋਲ ਗਈ ਸੂਰਜ ਦੀ ਬੇੜੀ
ਪੱਛਮ ਉੱਠੀ ਛੱਲ ਵੇ ।
ਗੰਢ ਪੋਟਲੀ ਚੁੱਕ ਤਰਕਾਲਾਂ
ਆਈਆਂ ਸਾਡੀ ਵੱਲ ਵੇ ।
ਕਿਹੜੇ ਬੱਦਲੋਂ ਕਣੀਆਂ ਲੱਥੀਆਂ
ਅੱਖੀਆਂ ਭਰ ਲਈ ਡੱਲ ਵੇ ।
ਹਰ ਇਕ ਮੇਰੀ ਅੱਜ ਢੂੰਡਦੀ
ਕਿੱਥੇ ਕੁ ਤੇਰੀ ਕੱਲ੍ਹ ਵੇ ?

## ਸ਼ਰੀਂਹ ਦੇ ਫੁੱਲ

ਸ਼ਿਵ ਕੁਮਾਰ ਬਟਾਲਵੀ



ਦਿਲ ਦੇ ਝੱਲੇ ਮਿਰਗ ਨੂੰ ਲੱਗੀ ਹੈ ਤੇਹ।
ਪਰ ਨੇ ਦਿਸਦੇ ਹਰ ਤਰਫ਼ ਵੀਰਾਨ ਥੇਹ।
ਕੀ ਕਰਾਂ ? ਕਿਥੋਂ ਬੁਝਾਵਾਂ ਮੈਂ ਪਿਆਸ,
ਹੋ ਗਏ ਬੰਜਰ ਜਿਹੇ ਦੋ ਨੈਣ ਇਹ।
ਥਲ ਹੋਏ ਦਿਲ 'ਚੋਂ ਗ਼ਮਾਂ ਦੇ ਕਾਫ਼ਲੇ,
ਰੋਜ਼ ਲੰਘਦੇ ਨੇ ਉਡਾ ਜਾਂਦੇ ਨੇ ਖੇਹ।
ਦੁਆਰ ਦਿਲ ਦੇ ਖਾ ਗਈ ਹਠ ਦੀ ਸਿਉਂਕ,
ਖਾ ਗਈ ਚੰਦਨ ਦੀ ਦੇਹ ਬਿਰਹੋਂ ਦੀ ਲੇਹ।
ਰਤਨ ਖ਼ੁਸ਼ੀਆਂ ਦੇ ਮਣਾਂ ਮੂੰਹ ਪੀਹ ਲਏ,
ਇਕ ਪਰਾਗਾ ਰੋੜ ਪਰ ਹੋਏ ਨਾ ਪੀਹ।
ਮਨ ਮੋਏ ਦਾ ਗਾਹਕ ਨਾ ਮਿਲਿਆ ਕੋਈ,
ਤਨ ਦੀ ਡੋਲੀ ਦੇ ਮਿਲੇ ਪਰ ਰੋਜ਼ ਵੀਹ।
ਚਿਰ ਹੋਇਆ ਮੇਰੇ ਮੁਹਾਣੇ ਡੁੱਬ ਗਏ,
ਹੁਣ ਸਹਾਰੇ ਖ਼ਿਜ਼ਰ ਦੇ ਦੀ ਲੋੜ ਕੀਹ ?
ਜਾਣਦੇ ਬੁਝਦੇ ਯਸੂ ਦੇ ਰਹਿਨੁਮਾ,
ਚਾੜ੍ਹ ਆਏ ਬੇ-ਗੁਨਾਹ ਸੂਲੀ ਮਸੀਹ।
ਮੇਰਿਆਂ ਗੀਤਾਂ ਦੀ ਮੈਨਾਂ ਮਰ ਗਈ,
ਰਹਿ ਗਿਆ ਪਾਂਧੀ ਮੁਕਾ ਪਹਿਲਾ ਹੀ ਕੋਹ।
ਆਖ਼ਰੀ ਫੁੱਲ ਵੀ ਸ਼ਰੀਂਹ ਦਾ ਡਿੱਗ ਪਿਆ,
ਖਾ ਗਿਆ ਸਰਸਬਜ਼ ਜੂਹਾਂ ਸਰਦ ਪੋਹ।
ਚੰਨ ਦੀ ਰੋਟੀ ਪਕਾਈ ਤਾਰਿਆਂ,
ਬਦਲੀਆਂ ਮਰ ਜਾਣੀਆਂ ਗਈਆਂ ਲੈ ਖੋਹ।
ਗੋਂਦਵੀਂ ਆਸਾਂ ਦੀ ਡੋਰੀ ਟੁੱਟ ਗਈ,
ਧਾਣ ਚਿੜੀਆਂ ਠੂੰਗ ਲਏ ਥੋਥੇ ਨੇ ਤੋਹ।
ਪੈ ਗਈਆਂ ਫੁੱਲਾਂ ਦੇ ਮੂੰਹ 'ਤੇ ਝੁਰੜੀਆਂ,
ਤਿਤਲੀਆਂ ਦੀ ਹੋ ਗਈ ਧੁੰਦਲੀ ਨਿਗਾਹ।
ਫੂਕ ਘੱਤੇ ਪਰ ਕਿਸੇ ਅੱਜ ਮੋਰ ਦੇ,
ਹਫ਼ ਗਏ ਕਿਸੇ ਭੌਰ ਦੇ ਉੱਡ-ਉੱਡ ਕੇ ਸਾਹ।
ਵਗ ਰਹੀ ਹੈ ਓਪਰੀ ਜਿਹੀ ਅੱਜ ਹਵਾ,
ਲੌਂਗ ਊਸ਼ਾ ਦੇ, ਦੀ ਹੈ ਕੁਝ ਹੋਰ ਭਾਹ।
ਫੂਕ ਲੈਣੇ ਨੇ ਮੈਂ ਢਾਰੇ ਆਪਣੇ,
ਭੁੱਲ ਜਾਣੇ ਨੇ ਮੈਂ ਆਪਣੇ ਆਪ ਰਾਹ।
ਦੂਰ ਹੋ ਕੇ ਬਹਿ ਦਿਲ ਦੀਏ ਹਸਰਤੇ,
ਛੂਹ ਨਾ ਪੀੜਾਂ ਮਾਰੀਏ ਮੈਨੂੰ ਨਾ ਛੂਹ।
ਖਾਣ ਦੇ ਜਿੰਦੂ ਨੂੰ ਕੱਲਰ ਸੋਗ ਦੇ,
ਮਹਿਕੀਆਂ ਰੋਹੀਆਂ ਦੇ ਵੱਲ ਇਹਨੂੰ ਨਾ ਧੂਹ।
ਥੱਕ ਗਈ ਮੂੰਹ-ਜ਼ੋਰ ਜਿੰਦ ਲਾਹ ਲੈ ਲਗਾਮ,
ਨਰੜ ਕੇ ਬੰਨ੍ਹ ਲੈ ਮੇਰੀ ਬੇਚੈਨ ਰੂਹ।
ਪੀਣ ਦੇ ਆਡਾਂ ਨੂੰ ਪਾਣੀ ਪੀਣ ਦੇ,
ਭਰ ਨਸਾਰਾਂ ਵਹਿਣ ਦੇ ਨੈਣਾਂ ਦੇ ਖੂਹ।

## ਯੁਗਾਂ ਯੁਗਾਂ ਦਾ ਰਾਹੀ

ਦਰਸ਼ਨ ਸਿੰਘ ਅਵਾਰਾ



ਮੈਂ ਹਾਂ ਯੁਗਾਂ ਯੁਗਾਂ ਦਾ ਰਾਹੀ।
ਧਰਤੀ, ਸੂਰਜ, ਚੰਦ ਸਿਤਾਰੇ,
ਮੇਰੇ ਸਾਥੀ ਤੇ ਹਮਰਾਹੀ।
ਮੈਂ ਹਾਂ ਯੁਗਾਂ ਯੁਗਾਂ ਦਾ ਰਾਹੀ।
ਮੇਰੇ ਪੈਰਾਂ ਦੇ ਪੱਬਾਂ ਨੂੰ,
ਟਿਕਣ ਨਾ ਦੇਣ ਕਿਤੇ ਊਸ਼ਾਵਾਂ।
ਅਚਵੀ ਛੇੜੀ ਲੱਤਾਂ ਅੰਦਰ,
ਉਫ਼ਕਾਂ ਨੂੰ ਚੁੱਮਣ ਦੇ ਚਾਵਾਂ।
ਵੇਖ ਅਮੁਕਤਾ ਪੈਂਡੇ ਦੀ ਮੈਂ
ਅਜੇ ਤੀਕ ਨਹੀਂ ਢੇਰੀ ਢਾਹੀ।
ਮੈਂ ਹਾਂ ਯੁਗਾਂ ਯੁਗਾਂ ਦਾ ਰਾਹੀ।
ਜਿਨ੍ਹਾਂ ਪਹਾੜਾਂ ਦੀ ਟੀਸੀ ਨੇ,
ਅੰਬਰ ਦੀ ਹਿੱਕ ਜ਼ਖ਼ਮੀ ਕੀਤੀ।
ਜਿਨ੍ਹਾਂ ਸਮੁੰਦਰਾਂ ਉਮ੍ਹਲ ਉਮ੍ਹਲ ਕੇ,
ਧਰਤੀ ਸਾਰੀ ਹੈ ਵਲ ਲੀਤੀ ।
ਉਹਨਾਂ ਦੇ ਵਲ ਵੇਖ ਕੇ ਹੱਸੇ,
ਸ਼ੌਂਕ ਮੇਰੇ, ਮੇਰੀ ਉੱਚ-ਨਿਗਾਹੀ।
ਮੈਂ ਹਾਂ ਯੁਗਾਂ ਯੁਗਾਂ ਦਾ ਰਾਹੀ।
ਵਹਿਸ਼ੀ-ਪਨ ਦੇ ਜੰਗਲ ਲੰਘਦਾ,
ਖ਼ੁਦ-ਗ਼ਰਜ਼ੀ ਦੇ ਬੰਧਨ ਕਪਦਾ।
ਮੋਹ ਮਾਇਆ ਦੇ ਔਝੜ ਗਾਂਹਦਾ,
ਸਵੈ, ਮਮਤਾ ਦੀਆਂ ਵਾੜਾਂ ਟਪਦਾ।
ਰਾਹ ਦੀ ਹਰ ਇਕ ਰੋਕ-ਰੁਕਾ ਤੋਂ,
ਹੋਂਦਾ ਗਿਆਂ ਹੋਰ ਉਤਸ਼ਾਹੀ।
ਮੈਂ ਹਾਂ ਯੁਗਾਂ ਯੁਗਾਂ ਦਾ ਰਾਹੀ।
ਧਰਮਾਂ ਦੀ ਵਲਗਣ ਦੇ ਅੰਦਰ,
ਮੇਰਾ ਸ਼ੌਂਕ ਰਿਹਾ ਨਾ ਵਲਿਆ।
ਵੇਖ ਸੁਨਹਿਰੀ ਮਿਰਗ ਖ਼ੁਦਾ ਦਾ,
ਤੁਰਨ-ਚਾਉ ਮੇਰਾ ਗਿਆ ਨਾ ਛਲਿਆ ।
ਸਵਰਗਾਂ ਨੇ ਕਦੇ ਕਿਹਾ ਸਵਾਬੀ,
ਨਰਕਾਂ ਨੇ ਕਦੇ ਕਿਹਾ ਗੁਨਾਹੀ।
ਮੈਂ ਹਾਂ ਯੁਗਾਂ ਯੁਗਾਂ ਦਾ ਰਾਹੀ।
ਜਦੋਂ ਕਦੀ ਨਿਰਜੀਵ-ਬੁਤਾਂ ਨੇ,
ਮੇਰਾ ਰਾਹ ਰੋਕਣ ਦੀ ਕੀਤੀ।
ਉਦੋਂ ਹੀ ਮੇਰੇ ਪੀਂਢੇ ਮੱਥੇ,
ਨਾਲ ਉਹਨਾਂ ਨੇ ਟੱਕਰ ਲੀਤੀ।
ਰਾਹ ਵਿਚ ਥਾਂ ਥਾਂ ਰਤ ਦੀਆਂ ਫੂਹੀਆਂ,
ਟੁਟੀਆਂ ਹੱਡੀਆਂ ਦੇਣ ਗਵਾਹੀ।
ਮੈਂ ਹਾਂ ਯੁਗਾਂ ਯੁਗਾਂ ਦਾ ਰਾਹੀ।

## ਤੂੰ ਬਚੈਨ ਕਿਉਂ ਹੈਂ

ਸੁਰਜੀਤ ਪਾਤਰ



ਤੂੰ ਬੇਚੈਨ ਕਿਉਂ ਹੈਂ ਤੂੰ ਰੰਜੂਰ ਕਿਉਂ ਹੈਂ
ਤੂੰ ਸੀਨੇ ਨੂੰ ਲੱਗ ਕੇ ਵੀ ਇਉਂ ਦੂਰ ਕਿਉਂ ਹੈਂ
ਕਿਵੇਂ ਬਲ ਰਿਹੈਂ ਤੂੰ ਉਹ ਕੀ ਜਾਣਦੇ ਨੇ
ਜੁ ਪੁੱਛਦੇ ਨੇ ਤੂੰ ਏਨਾ ਪੁਰਨੂਰ ਕਿਉਂ ਹੈਂ
ਉਹ ਸੂਲੀ ਚੜ੍ਹਾ ਕੇ ਉਹਨੂੰ ਪੁੱਛਦੇ ਨੇ
ਤੂੰ ਸਾਡੇ ਤੋਂ ਉੱਚਾ ਐਂ ਮਨਸੂਰ ਕਿਉਂ ਹੈਂ
ਉਹ ਆਪਣੇ ਹੀ ਦਿਲ ਦੀ ਅਗਨ ਸੀ ਰੌਸ਼ਨ
ਉਹ ਪੁੱਛਦੇ ਸੀ ਤੂੰ ਏਨਾ ਮਸ਼ਹੂਰ ਕਿਉਂ ਹੈਂ
ਜੁ ਧਰਤੀ ਵੀ ਭੁੱਲਿਆ ਤੇ ਨੀਹਾਂ ਵੀ ਭੁੱਲਿਐ
ਤੂੰ ਗੁੰਬਦ ਏਂ ਪਰ ਏਨਾ ਮਗਰੂਰ ਕਿਉਂ ਹੈਂ
ਬਣਾ ਖੁਦ ਮੁਹੱਬਤ ਦਾ ਪੁਲ ਤੂੰ ਖੁਦਾ ਤਕ
ਕਿ ਤੂੰ ਠੇਕੇਦਾਰਾਂ ਦਾ ਮਜ਼ਦੂਰ ਕਿਉਂ ਹੈਂ
ਹਵਾਵਾਂ 'ਚ ਕਿਉਂ ਨਈਂ ਤੂੰ ਲਿਖਦਾ ਮੁਹੱਬਤ
ਤੂੰ ਸ਼ਾਇਰ ਏਂ ਫਿਰ ਏਨਾ ਮਜ਼ਬੂਰ ਕਿਉਂ ਹੈਂ

## ਕਮਲ ਗੋਦੀ ਵਿੱਚ ਤ੍ਰੇਲ ਮੋਤੀ

ਭਾਈ ਵੀਰ ਸਿੰਘ



ਕਮਲ ਪੱਤ ਤੇ ਪਿਆ ਹਾਂ ਮੈਂ ਹਾਂ ਮੋਤੀ ਤ੍ਰੇਲ
ਝੂੰਮਾਂ ਜੀਕੂੰ ਨੀਰ ਤੇ ਪੱਤਾ ਕਰਦਾ ਕੇਲ,-
ਸੂਰਜ ਰਿਸ਼ਮ ਪੁਰੋਤੜਾ ਹੇਠਾਂ ਉਤਰਯਾ ਆਣ,
ਸੋਨੇ ਤਾਰ ਪੁਰੋਤੜੇ ਮੋਤੀ ਵਾਂਙੂੰ ਜਾਣ,
ਡਲ੍ਹਕਾਂ ਗੋਦੀ-ਕਮਲ ਮੈਂ ਚਮਕਾਂ ਤੇ ਥਰਰਾਉਂ,
ਜੀਕੂੰ ਖਿੜੀ ਸਵੇਰ ਦੀ ਕਿਰਨ ਦਏ ਲਹਿਰਾਉ ।
ਭਾਗ ਭਰੇ ਜਿਸ ਹੱਥ ਨੇ ਪਲਮਾਇਆ ਮੈਂ ਹੇਠ,
ਸਭ ਨੂਰਾਂ ਦਾ ਹੱਥ ਉਹ ਕਾਦਰ, ਮਾਲਕ, ਸੇਠ,
ਉਹੋ ਸੁਹਾਵਾ ਹੱਥ ਹੈ ਸ਼ਾਹ ਮੇਰੇ ਦਾ ਹੱਥ,
ਸਾਰੇ ਹੱਥ ਉਸ ਹੱਥ ਦੇ ਰਹਿੰਦੇ ਹੇਠਾਂ ਹੱਥ;
ਕਮਲ ਗੋਦ ਅੱਜ ਖੇਡਦਾ ਰਖਿਆ ਮੈਂ ਉਸ ਹੱਥ,
ਕਲ ਪਰ ਗੋਦੀ ਓਸਦੀ ਖੇਡਾਂਗਾ ਛਡ ਵਿੱਥ:
ਘੱਲੇ, ਸੱਦੇ ਪਾਤਸ਼ਾਹ, ਏਥੇ ਓਥੇ ਆਪ,-
ਅਮਰ ਖੇਡ ਮੈਂ ਓਸਦੀ ਖੇਡ ਖਿਡਾਵੇ ਬਾਪ ।

## ਮਤਾਂ ਹੰਝੂ ਰੋਵੇਂ ਰੱਤ ਵੇ

ਦੇਵਿੰਦਰ ਸਤਿਆਰਥੀ

ਬਸ ਬਸ ਹੁਣ ਹੋਰ ਨਾ ਹਸ ਵੇ,
ਮਤਾਂ ਹੰਝੂ ਰੋਵੇਂ ਰੱਤ ਵੇ--
ਮੈਂ ਹੋੜ ਹੋੜ ਕੇ ਥੱਕੀ ਆਂ,
ਮੈਂ ਮੋੜ ਮੋੜ ਕੇ ਅੱਕੀ ਆਂ,
ਮੈਂ ਸੌ ਸੌ ਕੀਤੀਆਂ ਪੱਕੀਆਂ,
ਇਹ ਸਮਾਂ ਨਾ ਆਉਣਾ ਵੱਤ ਵੇ--
ਮਤਾਂ ਹੰਝੂ ਰੋਵੇਂ ਰੱਤ ਵੇ।
ਤੈਨੂੰ ਚੜ੍ਹਿਆ ਸੱਜਰਾ ਲੋਰ ਵੇ,
ਤੂੰ ਹੋ ਗਿਆ ਹੋਰ ਦਾ ਹੋਰ ਵੇ,
ਕੋਈ ਨਵਾਂ ਮਚਾਵੇਂ ਸ਼ੋਰ ਵੇ,
ਨਹੀਂ ਚੰਗੀ ਇਤਨੀ ਅੱਤ ਵੇ--
ਮਤਾਂ ਹੰਝੂ ਰੋਵੇਂ ਰੱਤ ਵੇ ।
ਇਹ ਭਾਗ ਪੀਸਦੇ ਜਾਣ ਵੇ,
ਸਭ ਰੂਪ ਜੋਬਨ ਦੀ ਸ਼ਾਨ ਵੇ,
ਸੁਫ਼ਨੇ ਭੁਖ ਕਿਵੇਂ ਮਿਟਾਣ ਵੇ,
ਜੀਵਨ ਦੀ ਖੌਰ੍ਹੀ ਗਤ ਵੇ--
ਮਤਾਂ ਹੰਝੂ ਰੋਵੇਂ ਰੱਤ ਵੇ ।
ਬਸ ਬਸ ਹੁਣ ਹੋਰ ਨਾ ਹਸ ਵੇ,
ਮਤਾਂ ਹੰਝੂ ਰੋਵੇਂ ਰੱਤ ਵੇ ।






# ਜਦੋਂ ਲਾਟਰੀ ਦੇ ਪੈਸਿਆਂ ਨਾਲ ਬਣੀਆਂ ਫ਼ਿਲਮਾਂ, ਬਲੈਕ 'ਚ ਵਿਕੀਆਂ ਟਿਕਟਾਂ

ਇਫਤ ਕੁਰੈਸ਼ੀ

ਫਿਲਮ ਆਲਮ ਆਰਾ 14 ਮਾਰਚ 1931 ਨੂੰ ਰਿਲੀਜ਼ ਹੋਈ ਸੀ। ਇਹ ਆਪਣੇ ਆਪ ਵਿੱਚ ਇੱਕ ਹੈਰਾਨੀ ਦੀ ਗੱਲ ਸੀ, ਕਿਉਂਕਿ ਇਹ ਭਾਰਤ ਦੀ ਪਹਿਲੀ ਟਾਕੀ ਫਿਲਮ ਸੀ। ਹੁਣ ਤੱਕ ਮੂਕ ਫ਼ਿਲਮਾਂ ਦੇਖਣ ਵਾਲੇ ਦੇਸ਼ ਵਾਸੀਆਂ ਨੂੰ ਪਤਾ ਲੱਗ ਗਿਆ ਸੀ ਕਿ ਫ਼ਿਲਮੀ ਪਰਦੇ 'ਤੇ ਅਦਾਕਾਰ ਸਿਰਫ਼ ਬੋਲਦੇ ਹੀ ਨਹੀਂ, ਗਾਉਂਦੇ ਵੀ ਹਨ। ਇਸ ਲਈ ਸਿਨੇਮਾਘਰਾਂ ਵਿੱਚ ਭੀੜ ਵਧ ਗਈ। ਦੁਪਹਿਰ 3 ਵਜੇ ਤੋਂ ਸ਼ੁਰੂ ਹੋਏ ਇਸ ਸ਼ੋਅ ਲਈ ਲੋਕ ਸਵੇਰੇ 6 ਵਜੇ ਤੋਂ ਟਿਕਟ ਖਿੜਕੀ 'ਤੇ ਕਤਾਰਾਂ 'ਚ ਲੱਗ ਗਏ। ਜਦੋਂ ਟਿਕਟਾਂ ਮੁੱਕ ਗਈਆਂ ਤਾਂ ਉਹ ਹੰਗਾਮਾ ਕਰਨ 'ਤੇ ਤੁਲ ਗਏ।

ਭਾਰਤੀ ਸਿਨੇਮਾ ਵਿੱਚ ਇਹ ਪਹਿਲੀ ਵਾਰ ਸੀ ਕਿ ਸਿਨੇਮਾ ਹਾਲਾਂ ਦੇ ਬਾਹਰ ਟਿਕਟਾਂ ਬਲੈਕ ਵਿੱਚ ਵੇਚੀਆਂ ਗਈਆਂ। ਲੋਕਾਂ ਨੇ 25 ਪੈਸੇ ਦੀ ਟਿਕਟ 5 ਰੁਪਏ ਵਿੱਚ ਖਰੀਦੀ। ਸਾਰੇ ਸ਼ੋਅ ਹਫ਼ਤਿਆਂ ਲਈ ਬੁੱਕ ਕੀਤੇ ਗਏ ਸਨ। ਹਿੰਦੀ ਸਿਨੇਮਾ ਵਿੱਚ ਇਸ ਕ੍ਰਾਂਤੀ ਲਿਆਉਣ ਵਾਲੇ ਵਿਅਕਤੀ ਦਾ ਨਾਮ ਅਰਦੇਸ਼ੀਰ ਇਰਾਨੀ ਸੀ। ਇਰਾਨੀ ਨੇ ਫਿਲਮ ਆਲਮ ਆਰਾ ਬਣਾਈ ਸੀ। ਉਹ ਮੂਕ ਫਿਲਮਾਂ ਤੋਂ ਕੁਝ ਵੱਖਰਾ ਕਰਨਾ ਚਾਹੁੰਦਾ ਸੀ, ਇਸ ਲਈ ਉਹ ਵਿਦੇਸ਼ਾਂ ਤੋਂ ਨਵੀਂ ਸਾਊਂਡ ਤਕਨੀਕ ਲੈ ਕੇ ਆਇਆ। ਬੋਲੋ ਸਿਨੇਮਾ ਦਾ ਸੰਕਲਪ ਚੋਰੀ ਹੋ ਜਾਣ ਦੇ ਡਰੋਂ ਉਹ ਅੱਧੀ ਰਾਤ ਨੂੰ ਫਿਲਮ ਦੀ ਸ਼ੂਟਿੰਗ ਕਰ ਲੈਂਦਾ ਸੀ। ਪੂਰੀ ਫਿਲਮ ਦੀ ਸ਼ੂਟਿੰਗ ਸਵੇਰੇ 1 ਵਜੇ ਤੋਂ 4 ਵਜੇ ਦੇ ਵਿਚਕਾਰ ਕੀਤੀ ਗਈ ਸੀ।

ਅਰਦੇਸ਼ੀਰ ਇਰਾਨੀ ਨੇ ਭਾਰਤੀ ਸਿਨੇਮਾ ਨੂੰ ਪਹਿਲੀ ਟਾਕੀ, ਪਹਿਲੀ ਕਲਰ ਅਤੇ ਪਹਿਲੀ ਅੰਗਰੇਜ਼ੀ ਫਿਲਮ ਵੀ ਦਿੱਤੀ। ਫਿਲਮਾਂ ਦਾ ਸ਼ੌਕੀਨ ਸੀ, ਪਰ ਪੈਸੇ ਨਹੀਂ ਸਨ। ਕਿਸਮਤ ਨਾਲ, ਉਸਨੇ ਲਾਟਰੀ ਵਿੱਚ ਵੱਡੀ ਰਕਮ ਜਿੱਤੀ ਅਤੇ ਜੀਵਨ ਬਦਲ ਗਿਆ।

ਖਾਨ ਬਹਾਦੁਰ ਅਰਦੇਸ਼ੀਰ ਇਰਾਨੀ ਦਾ ਜਨਮ 5 ਦਸੰਬਰ 1886 ਨੂੰ ਪੁਣੇ ਵਿੱਚ ਇੱਕ ਪਾਰਸੀ ਪਰਿਵਾਰ ਵਿੱਚ ਹੋਇਆ ਸੀ। ਉਸ ਦੇ ਪਿਤਾ ਇਰਾਨ ਤੋਂ ਭਾਰਤ ਆਏ ਸਨ। ਪਿਤਾ ਜੀ ਭਾਰਤ ਵਿੱਚ ਕੁਝ ਵਿਦੇਸ਼ੀ ਯੰਤਰ ਵੇਚਦੇ ਸਨ। ਪੜ੍ਹਾਈ ਤੋਂ ਬਾਅਦ ਅਰਦੇਸ਼ੀਰ ਮਿੱਟੀ ਦਾ ਤੇਲ ਵੇਚ ਕੇ ਸਕੂਲਾਂ ਵਿੱਚ ਪੜ੍ਹਾਉਂਦਾ ਸੀ। ਕੁਝ ਸਮੇਂ ਬਾਅਦ, ਆਪਣੇ ਪਿਤਾ ਦੇ ਨਕਸ਼ੇ-ਕਦਮਾਂ 'ਤੇ ਚੱਲਦਿਆਂ, ਉਹ ਫੋਟੋਗ੍ਰਾਫੀ ਸਿੱਖਣ ਲਈ ਬੰਬਈ (ਹੁਣ ਮੁੰਬਈ) ਦੇ ਜੇ.ਜੇ. ਸਕੂਲ ਆਫ ਆਰਟਸ ਪਹੁੰਚੇ। ਉਸ ਸਮੇਂ ਭਾਰਤ ਵਿੱਚ ਫੋਟੋਗ੍ਰਾਫੀ ਦੀ ਸ਼ੁਰੂਆਤ ਹੀ ਹੋਈ ਸੀ, ਇਸ ਲਈ ਵਿਦੇਸ਼ੀ ਕੈਮਰੇ, ਵਿਦੇਸ਼ੀ ਕੰਪਨੀਆਂ ਅਤੇ ਪ੍ਰਿੰਟਿੰਗ ਪ੍ਰੈਸਾਂ ਦੀ ਭਾਰਤ ਵਿੱਚ ਚੰਗੀ ਪਕੜ ਬਣ ਰਹੀ ਸੀ। ਭਾਰਤੀ ਸਿਨੇਮਾ ਦੇ ਪਿਤਾਮਾ ਦਾਦਾ ਸਾਹਿਬ ਫਾਲਕੇ ਨੇ ਵੀ ਇਸੇ ਕਾਲਜ ਤੋਂ ਫੋਟੋਗ੍ਰਾਫੀ ਸਿੱਖੀ ਸੀ।




ਹਾਲੀਵੁੱਡ ਦਾ ਯੂਨੀਵਰਸਲ ਸਟੂਡੀਓ ਭਾਰਤ ਵਿੱਚ ਅਲੈਗਜ਼ੈਂਡਰ ਸਿਨੇਮਾ ਚਲਾਉਂਦਾ ਸੀ, ਜਿਸ ਦੇ ਕੈਮਰੇ ਅਤੇ ਹੋਰ ਸਾਜ਼ੋ-ਸਾਮਾਨ ਅਰਦੇਸ਼ੀਰ ਨੂੰ ਸੌਂਪਿਆ ਗਿਆ ਸੀ। ਇੱਥੇ ਕੰਮ ਕਰਦਿਆਂ ਹੀ ਉਸ ਦੀ ਫ਼ਿਲਮ ਨਿਰਮਾਣ ਵਿੱਚ ਇੰਨੀ ਦਿਲਚਸਪੀ ਹੋ ਗਈ ਕਿ ਉਸ ਨੇ ਹਰ ਚੀਜ਼ ਨੂੰ ਨੇੜੇ ਤੋਂ ਸਿੱਖਣਾ ਸ਼ੁਰੂ ਕਰ ਦਿੱਤਾ।

ਅਰਦੇਸ਼ੀਰ ਇਰਾਨੀ ਹਮੇਸ਼ਾ ਲਾਟਰੀ ਟਿਕਟਾਂ ਖਰੀਦਣ ਵਿੱਚ ਬਹੁਤ ਦਿਲਚਸਪੀ ਰੱਖਦਾ ਸੀ। 1903 ਵਿੱਚ ਉਸ ਨੇ ਲਾਟਰੀ ਰਾਹੀਂ 14 ਹਜ਼ਾਰ ਰੁਪਏ ਜਿੱਤੇ। ਉਨ੍ਹਾਂ ਦਿਨਾਂ ਵਿੱਚ ਇਹ ਬਹੁਤ ਵੱਡੀ ਰਕਮ ਸੀ। ਇਨ੍ਹਾਂ ਪੈਸਿਆਂ ਨਾਲ ਉਸ ਨੇ ਇੱਕ ਟੈਂਟ ਬਣਵਾਇਆ ਜਿਸ ਵਿੱਚ ਉਹ ਪ੍ਰੋਜੈਕਟਰ ਰਾਹੀਂ ਵਿਦੇਸ਼ੀ ਫ਼ਿਲਮਾਂ ਬਣਾਉਂਦਾ ਸੀ।

1913 ਵਿੱਚ, ਦਾਦਾ ਸਾਹਿਬ ਦੀ ਫਿਲਮ ਰਾਜਾ ਹਰੀਸ਼ਚੰਦਰ ਤੋਂ ਬਾਅਦ, ਭਾਰਤ ਵਿੱਚ ਫਿਲਮਾਂ ਬਣਨੀਆਂ ਸ਼ੁਰੂ ਹੋ ਗਈਆਂ। ਲਾਟਰੀ ਦੀ ਬਾਕੀ ਰਕਮ ਨਾਲ ਅਰਦੇਸ਼ੀਰ ਨੇ ਸ਼ੂਟਿੰਗ ਦਾ ਜ਼ਰੂਰੀ ਸਾਮਾਨ ਖਰੀਦ ਲਿਆ। ਅਰਦੇਸ਼ੀਰ ਨੇ 1917 ਵਿੱਚ ਆਪਣੀ ਪਹਿਲੀ ਮੂਕ ਫਿਲਮ ਨਲ ਦਮਯੰਤੀ ਬਣਾਈ, ਜੋ 1920 ਵਿੱਚ ਰਿਲੀਜ਼ ਹੋਈ।

1922 ਵਿੱਚ ਅਰਦੇਸ਼ੀਰ ਨੇ ਨਿਊਯਾਰਕ ਤੋਂ ਫੋਟੋਗ੍ਰਾਫੀ ਸਿੱਖਣ ਵਾਲੇ ਭੋਗੀਲਾਲ ਦਵੇ ਨਾਲ ਸਟਾਰ ਫਿਲਮਜ਼ ਸਟੂਡੀਓ ਸ਼ੁਰੂ ਕੀਤਾ। ਭੋਗੀਲਾਲ ਦਾਦਾ ਸਾਹਿਬ ਫਾਲਕੇ ਦੇ ਸਟੂਡੀਓ ਹਿੰਦੁਸਤਾਨ ਫਿਲਮਜ਼ ਦੇ ਸਾਬਕਾ ਮੈਨੇਜਰ ਸਨ। 1922 ਵਿੱਚ ਉਨ੍ਹਾਂ ਦੀ ਫਿਲਮ ਵੀਰ ਅਭਿਮਨਿਊ ਰਿਲੀਜ਼ ਹੋਈ। ਲਗਭਗ 17 ਫਿਲਮਾਂ ਬਣਾਉਣ ਤੋਂ ਬਾਅਦ, ਦੋਵਾਂ ਦੀ ਸਾਂਝੇਦਾਰੀ ਟੁੱਟ ਗਈ ਅਤੇ 1925 ਵਿੱਚ ਅਰਦੇਸ਼ੀਰ ਨੇ ਇੰਪੀਰੀਅਲ ਫਿਲਮ ਸ਼ੁਰੂ ਕੀਤੀ। ਉਨ੍ਹਾਂ ਨੇ ਇਸ ਸਟੂਡੀਓ ਤੋਂ 62 ਫਿਲਮਾਂ ਬਣਾਈਆਂ।

1929 ਵਿੱਚ, ਅਰਦੇਸ਼ੀਰ ਇਰਾਨੀ, ਅਮਰੀਕਨ ਰੋਮਾਂਟਿਕ ਡਰਾਮਾ ਨਾਟਕ ਸ਼ੋਅ ਬੋਟ ਦੇਖਣ ਲਈ ਐਕਸਲਜ਼ੀਅਰ ਥੀਏਟਰ ਪਹੁੰਚਿਆ ਸੀ। ਇਹ ਨਾਟਕ ਇੱਕ ਵੱਖਰੀ ਆਵਾਜ਼ ਨਾਲ ਦਿਖਾਇਆ ਜਾ ਰਿਹਾ ਸੀ। ਇਸ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਨੇ ਟਾਕੀ ਫਿਲਮ ਬਣਾਉਣ ਦਾ ਫੈਸਲਾ ਕੀਤਾ। ਉਸ ਨੂੰ ਸਾਊਂਡ ਟੈਕਨਾਲੋਜੀ ਦਾ ਕੋਈ ਤਜਰਬਾ ਨਹੀਂ ਸੀ, ਇਸ ਲਈ ਉਸ ਨੇ ਵਿਦੇਸ਼ ਰਹਿੰਦਿਆਂ ਸਾਊਂਡ ਤਕਨਾਲੋਜੀ ਸਿੱਖੀ। ਕਾਰੋਬਾਰੀ ਸੇਠ ਬਦਰੀਪ੍ਰਸਾਦ ਦੂਬੇ ਨੇ ਫਿਲਮ ਬਣਾਉਣ ਲਈ 40,000 ਰੁਪਏ ਦੀ ਮਦਦ ਕੀਤੀ। ਅਰਦੇਸ਼ੀਰ ਇਰਾਨੀ ਨੂੰ ਪਤਾ ਸੀ ਕਿ ਜੇਕਰ ਲੋਕਾਂ ਨੂੰ ਪਤਾ ਲੱਗ ਗਿਆ ਕਿ ਉਹ ਇਕ ਸਾਊਂਡ ਫਿਲਮ ਬਣਾ ਰਿਹਾ ਹੈ ਤਾਂ ਹੋਰ ਵੀ ਕਈ ਲੋਕ ਇਸ ਖੇਤਰ ਵਿੱਚ ਆ ਜਾਣਗੇ, ਇਸ ਲਈ ਉਸ ਨੇ ਫਿਲਮ ਨੂੰ ਗੁਪਤ ਰੱਖਿਆ।

ਜ਼ੁਬੈਦਾ ਅਤੇ ਮਾਸਟਰ ਵਿੱਠਲ ਨੂੰ ਇਸ ਫਿਲਮ ਵਿੱਚ ਮੁੱਖ ਕਲਾਕਾਰਾਂ ਲਈ ਕਾਸਟ ਕੀਤਾ ਗਿਆ ਸੀ। ਸ਼ੁਰੂ ਵਿੱਚ ਅਰਦੇਸ਼ੀਰ ਇਰਾਨੀ ਮਹਿਬੂਬ ਖਾਨ (ਮਦਰ ਇੰਡੀਆ ਦੇ ਨਿਰਦੇਸ਼ਕ) ਨੂੰ ਫਿਲਮ ਵਿੱਚ ਲਾਂਚ ਕਰਨਾ ਚਾਹੁੰਦੇ ਸਨ, ਪਰ ਉਨ੍ਹਾਂ ਨੇ ਇੱਕ ਪ੍ਰਸਿੱਧ ਚਿਹਰੇ ਨੂੰ ਕਾਸਟ ਕਰਨ ਲਈ ਆਪਣਾ ਮਨ ਬਦਲ ਲਿਆ। ਇਸ ਨਾਲ ਮਹਿਬੂਬ ਨੂੰ ਕਾਫੀ ਸੱਟ ਲੱਗੀ ਸੀ। ਇਸ ਦੇ ਨਾਲ ਹੀ ਰੂਬੀ ਮੇਅਰਜ਼ ਨੂੰ ਵੀ ਇਸ ਫਿਲਮ ਤੋਂ ਸਿਰਫ਼ ਇਸ ਲਈ ਹਟਾ ਦਿੱਤਾ ਗਿਆ ਕਿਉਂਕਿ ਹਿੰਦੀ ਅਤੇ ਉਰਦੂ ਵਿੱਚ ਉਸ ਦੀ ਪਕੜ ਮਜ਼ਬੂਤ ਨਹੀਂ ਸੀ, ਜਦੋਂ ਕਿ ਉਸ ਨੇ ਇਸ ਫ਼ਿਲਮ ਲਈ ਇੱਕ ਸਾਲ ਤੋਂ ਅਦਾਕਾਰੀ ਦੀ ਸਿਖਲਾਈ ਲਈ ਸੀ।

ਜਦੋਂ ਮਾਸਟਰ ਵਿੱਠਲ ਨੂੰ ਪਹਿਲੀ ਰੰਗੀਨ ਫਿਲਮ ਦੀ ਪੇਸ਼ਕਸ਼ ਕੀਤੀ ਗਈ ਸੀ, ਤਾਂ ਉਸਨੇ ਤੁਰੰਤ ਸਹਿਮਤੀ ਦਿੱਤੀ ਅਤੇ ਸਰਧੀ ਸਟੂਡੀਓਜ਼ ਨਾਲ ਆਪਣਾ ਇਕਰਾਰਨਾਮਾ ਖਤਮ ਕਰ ਦਿੱਤਾ, ਜਿੱਥੇ ਉਸਨੇ ਆਪਣਾ ਕਰੀਅਰ ਸ਼ੁਰੂ ਕੀਤਾ ਸੀ। ਇਸ ਤੋਂ ਨਾਰਾਜ਼ ਹੋ ਕੇ ਸਟੂਡੀਓ ਨੇ ਉਸ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ।

ਅਜਿਹੀ ਸਥਿਤੀ ਵਿੱਚ ਮੁਹੰਮਦ ਅਲੀ ਜਿਨਾਹ, ਜਿਸ ਨੇ ਉਸ ਸਮੇਂ ਆਪਣੀ ਕਾਨੂੰਨੀ ਪ੍ਰੈਕਟਿਸ ਪੂਰੀ ਕਰ ਲਈ ਸੀ, ਨੇ ਮਾਸਟਰ ਵਿੱਠਲ ਦੀ ਤਰਫੋਂ ਕੇਸ ਲੜਿਆ ਅਤੇ ਉਸ ਨੂੰ ਸਾਰੇ ਦੋਸ਼ਾਂ ਤੋਂ ਮੁਕਤ ਕਰਵਾ ਦਿੱਤਾ। ਜਦੋਂ ਭਾਰਤ ਆਜ਼ਾਦ ਹੋਇਆ ਤਾਂ ਮੁਹੰਮਦ ਅਲੀ ਜਿਨਾਹ ਨੇ ਪਾਕਿਸਤਾਨ ਦੀ ਨੀਂਹ ਰੱਖੀ ਅਤੇ ਪਾਕਿਸਤਾਨ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ।

ਫਿਲਮ ਵਿੱਚ ਆਵਾਜ਼ ਦੀ ਵਰਤੋਂ ਕਰਨ ਲਈ ਅਰਦੇਸ਼ੀਰ ਲੰਡਨ, ਇੰਗਲੈਂਡ ਗਏ ਅਤੇ ਇਸ ਵਿੱਚ ਸਿਖਲਾਈ ਲਈ। ਉਸ ਨੂੰ ਰਿਕਾਰਡ ਕਰਦੇ ਸਮੇਂ ਰੌਲੇ-ਰੱਪੇ ਨਾਲ ਪਰੇਸ਼ਾਨੀ ਹੋ ਰਹੀ ਸੀ, ਇਸ ਲਈ ਉਸ ਨੇ ਇਨਡੋਰ ਸ਼ੂਟਿੰਗ ਕੀਤੀ। ਇਨਡੋਰ ਸ਼ੂਟਿੰਗ ਵਿੱਚ ਸਭ ਤੋਂ ਵੱਡੀ ਚੁਣੌਤੀ ਸੂਰਜ ਦੀ ਰੋਸ਼ਨੀ ਸੀ। ਉਨ੍ਹੀਂ ਦਿਨੀਂ ਧੁੱਪ ਵਿੱਚ ਫਿਲਮਾਂ ਦੀ ਸ਼ੂਟਿੰਗ ਹੁੰਦੀ ਸੀ। ਅਰਦੇਸ਼ੀਰ ਕੋਲ ਇਸ ਦਾ ਵੀ ਹੱਲ ਸੀ। ਉਸਨੇ ਨਕਲੀ ਰੋਸ਼ਨੀ ਦੀ ਵਰਤੋਂ ਕੀਤੀ ਅਤੇ ਅਜਿਹਾ ਕਰਨ ਵਾਲਾ ਪਹਿਲਾ ਭਾਰਤੀ ਫਿਲਮ ਨਿਰਮਾਤਾ ਬਣ ਗਿਆ।

ਫਿਲਮ ਆਲਮ ਆਰਾ ਦਾ ਸੈੱਟ ਰੇਲਵੇ ਟਰੈਕ ਦੇ ਕੋਲ ਬਣਾਇਆ ਗਿਆ ਸੀ। ਅਰਦੇਸ਼ੀਰ ਇਰਾਨੀ ਨੇ ਦੇਰ ਰਾਤ ਫਿਲਮ ਦੀ ਸ਼ੂਟਿੰਗ ਕਰਨ ਦਾ ਫੈਸਲਾ ਕੀਤਾ ਜਦੋਂ ਹਰ ਰੋਜ਼ ਅਦਾਕਾਰਾਂ ਦੇ ਡਾਇਲਾਗ ਰਿਕਾਰਡ ਕਰਨ ਦੌਰਾਨ ਰੇਲਗੱਡੀ ਦਾ ਸ਼ੋਰ ਮੁਸ਼ਕਲ ਹੋ ਗਿਆ। ਸ਼ੂਟਿੰਗ ਹਰ ਰਾਤ 1 ਵਜੇ ਤੋਂ ਸਵੇਰੇ 4 ਵਜੇ ਤੱਕ ਚੱਲਦੀ ਸੀ।

ਅਰਦੇਸ਼ੀਰ ਨੇ ਰਿਕਾਰਡਿੰਗ ਮਸ਼ੀਨ ਚਲਾਉਣ ਲਈ ਹਾਲੀਵੁੱਡ ਸਾਊਂਡ ਮਾਹਿਰ ਵਿਲਫੋਰਡ ਡੇਮਿੰਗ ਜੂਨੀਅਰ ਨੂੰ ਭਾਰਤ ਬੁਲਾਇਆ ਪਰ ਉਹ ਹਰ ਰੋਜ਼ 100 ਰੁਪਏ ਵਸੂਲ ਰਿਹਾ ਸੀ। ਇਹ ਬਹੁਤ ਵੱਡੀ ਰਕਮ ਸੀ, ਇਸ ਲਈ ਉਨ੍ਹਾਂ ਨੂੰ ਵਾਪਸ ਭੇਜ ਕੇ ਅਰਦੇਸ਼ੀਰ ਨੇ ਖੁਦ ਮਸ਼ੀਨ ਚਲਾਈ।

ਆਵਾਜ਼ ਰਿਕਾਰਡ ਕਰਨ ਵਾਲੇ ਕਲਾਕਾਰਾਂ ਤੋਂ ਥੋੜ੍ਹੀ ਦੂਰੀ 'ਤੇ ਮਾਈਕ੍ਰੋਫੋਨ ਰੱਖੇ ਗਏ ਸਨ, ਜਿਸ ਲਈ ਕਲਾਕਾਰਾਂ ਨੂੰ ਸੰਵਾਦ ਬੋਲਣਾ ਪੈਂਦਾ ਸੀ। ਕੈਮਰੇ ਦੇ ਫਰੇਮ ਤੋਂ ਕੁਝ ਦੂਰੀ 'ਤੇ ਤਬਲਾ ਵਾਦਕ ਬੈਠਾ ਸੀ, ਜੋ ਹਰ ਸੀਨ ਮੁਤਾਬਕ ਆਵਾਜ਼ ਦੇ ਰਿਹਾ ਸੀ। ਫਿਲਮ ਵਿੱਚ ਲਗਭਗ 78 ਲੋਕਾਂ ਨੇ ਕੰਮ ਕੀਤਾ ਅਤੇ ਡਾਇਲਾਗ ਬੋਲੇ।

ਫਿਲਮ ਦੀ ਪ੍ਰਮੋਸ਼ਨ ਲਈ ਅਖਬਾਰ 'ਚ ਛਪੀ ਟੈਗਲਾਈਨ ਲੋਕਾਂ 'ਚ ਉਤਸ਼ਾਹ ਪੈਦਾ ਕਰਨ 'ਚ ਸਫਲ ਰਹੀ। 14 ਮਾਰਚ 1931 ਨੂੰ ਫਿਲਮ ਦਾ ਪਹਿਲਾ ਸ਼ੋਅ ਦੁਪਹਿਰ 3 ਵਜੇ ਤੋਂ ਸੀ ਪਰ ਟਿਕਟਾਂ ਲੈਣ ਲਈ ਲੋਕ ਸਵੇਰੇ 6 ਵਜੇ ਤੋਂ ਹੀ ਕਤਾਰਾਂ ਵਿੱਚ ਲੱਗ ਗਏ। ਪਹਿਲਾਂ ਫਿਲਮ ਦੀ ਟਿਕਟ ਦੀ ਕੀਮਤ 4 ਆਨੇ ਯਾਨੀ 25 ਪੈਸੇ ਸੀ। ਜਿਸ ਨੇ ਵੀ ਫਿਲਮ ਦੇਖੀ, ਦੇਖਦੇ ਰਹੇ। ਧੁਨੀ ਅਤੇ ਸੰਵਾਦ ਫਿਲਮ ਵਿੱਚ ਜਾਨ ਪਾਉਂਦੇ ਹਨ।

ਅਰਦੇਸ਼ੀਰ ਇਰਾਨੀ ਦੀ ਫਿਲਮ ਦੇਖਣ ਲਈ ਦੂਜੇ ਦਿਨ ਤੋਂ ਹੀ ਇੰਨੀ ਭੀੜ ਸੀ ਕਿ ਦੇਖਦੇ ਹੀ ਦੇਖਦੇ ਹੰਗਾਮਾ ਸ਼ੁਰੂ ਹੋ ਗਿਆ। ਇਸ ਨੂੰ ਕਾਬੂ ਕਰਨ ਲਈ ਪੁਲਿਸ ਨੂੰ ਬੁਲਾਇਆ ਗਿਆ। ਅਜਿਹੇ ਫਿਲਮ ਲੇਖਕ ਬੀ.ਡੀ. ਗਰਗ ਨੇ ਆਪਣੀ ਕਿਤਾਬ ਆਰਟ ਆਫ ਸਿਨੇਮਾ ਵਿੱਚ ਫਿਲਮ ਆਲਮ ਆਰਾ ਲਈ ਲਿਖਿਆ ਹੈ।




ਫਿਲਮ ਦਾ ਕ੍ਰੇਜ਼ ਅਜਿਹਾ ਸੀ ਕਿ ਲੋਕਾਂ ਨੂੰ ਫਿਲਮ ਦੇਖਣ ਲਈ ਕਈ ਹਫਤਿਆਂ ਬਾਅਦ ਟਿਕਟਾਂ ਮਿਲ ਜਾਂਦੀਆਂ ਸਨ, ਕਿਉਂਕਿ ਸ਼ੋਅ ਇੱਕ ਹਫਤੇ ਲਈ ਬੁੱਕ ਹੁੰਦੇ ਸਨ। 4 ਆਨੇ ਦੀ ਵਿਕਣ ਵਾਲੀ ਟਿਕਟ ਕੁਝ ਦਿਨਾਂ ਵਿੱਚ ਹੀ 5 ਰੁਪਏ ਵਿੱਚ ਵਿਕਣ ਲੱਗੀ।

ਆਲਮ ਆਰਾ, ਪਹਿਲੀ ਆਵਾਜ਼ ਵਾਲੀ ਫਿਲਮ ਨੇ ਇਤਿਹਾਸ ਰਚਿਆ ਅਤੇ ਬਲੈਕ ਮਾਰਕੀਟਿੰਗ ਦੀ ਸ਼ੁਰੂਆਤ ਕੀਤੀ। ਲੋਕ ਘੱਟ ਭਾਅ 'ਤੇ ਟਿਕਟਾਂ ਖਰੀਦ ਕੇ ਦੁੱਗਣੇ ਮੁੱਲ 'ਤੇ ਵੇਚ ਰਹੇ ਸਨ। ਲੋਕ ਫਿਲਮ ਦੇਖਣ ਲਈ ਇੰਨੇ ਉਤਸ਼ਾਹਿਤ ਸਨ ਕਿ ਉਨ੍ਹਾਂ ਨੇ ਮਹਿੰਗੀਆਂ ਟਿਕਟਾਂ ਖਰੀਦਣ ਤੋਂ ਵੀ ਗੁਰੇਜ਼ ਨਹੀਂ ਕੀਤਾ।

1933 ਵਿੱਚ, ਅਰਦੇਸ਼ੀਰ ਇਰਾਨੀ ਇਰਾਨ ਗਿਆ ਅਤੇ ਪਹਿਲੀ ਇਰਾਨੀ ਫਿਲਮ ਬਣਾਈ। ਉਸਨੇ ਇਹ ਫਿਲਮ ਆਪਣੇ ਪੈਸੇ ਨਾਲ ਬਣਾਈ ਅਤੇ ਨਿਰਦੇਸ਼ਤ ਕੀਤੀ, ਜਦੋਂ ਕਿ ਉਸਨੇ ਇਸਦੇ ਸੰਵਾਦ ਆਪਣੇ ਦੋਸਤ ਅਬਦੁਲ ਹੁਸੈਨ ਸਪਾਂਤਾ ਤੋਂ ਲਿਖਾਏ, ਜੋ ਉਸਦੇ ਨਾਲ ਟੈਂਟ ਸ਼ੋਅ ਆਯੋਜਿਤ ਕਰਦਾ ਸੀ। ਇਰਾਨ ਵਿੱਚ ਜਦੋਂ ਕੋਈ ਕਲਾਕਾਰ ਫਿਲਮ ਵਿੱਚ ਕੰਮ ਕਰਨ ਲਈ ਰਾਜ਼ੀ ਨਹੀਂ ਹੋਇਆ ਤਾਂ ਅਰਦੇਸ਼ੀਰ ਇਰਾਨੀ ਨੇ ਅਬਦੁਲ ਹੁਸੈਨ ਨੂੰ ਫਿਲਮ ਦਾ ਹੀਰੋ ਅਤੇ ਉਸ ਦੀ ਪਤਨੀ ਰੁਹੰਗੀਜ਼ ਸਮੀਨੇਜਾਦ ਨੂੰ ਹੀਰੋਇਨ ਬਣਾਇਆ। ਇਹ ਇਰਾਨ ਵਿੱਚ ਬਣੀ ਪਹਿਲੀ ਸਾਊਂਡ ਫਿਲਮ ਹੈ।

ਰੁਹੰਗੀਜ਼ ਨੇ ਇਰਾਨ ਵਿੱਚ ਫਿਲਮਾਂ ਵਿੱਚ ਕੰਮ ਕਰਨ 'ਤੇ ਕਾਫੀ ਵਿਵਾਦ ਹੋਇਆ ਸੀ। ਉਸ ਦਾ ਸਮਾਜਿਕ ਬਾਈਕਾਟ ਕੀਤਾ ਗਿਆ। ਇੱਕ ਦਿਨ ਜਦੋਂ ਉਹ ਘਰੋਂ ਬਾਹਰ ਆਈ ਤਾਂ ਕਈ ਬੰਦਿਆਂ ਨੇ ਵਿਰੋਧ ਕੀਤਾ ਅਤੇ ਉਸਦਾ ਜਿਨਸੀ ਸ਼ੋਸ਼ਣ ਕੀਤਾ। ਆਪਣੀ ਜਾਨ ਬਚਾਉਣ ਲਈ, ਰੁਹੰਗੀਜ਼ ਨੇ ਆਪਣਾ ਨਾਮ ਬਦਲ ਲਿਆ ਅਤੇ ਸਾਰੀ ਉਮਰ ਲੁਕਵੇਂ ਰੂਪ ਵਿੱਚ ਰਹੀ। ਅਰਦੇਸ਼ੀਰ ਇਰਾਨੀ ਉਹ ਹੈ ਜਿਸਨੇ ਇਰਾਨ ਵਿੱਚ ਚੰਗੀਆਂ ਫਿਲਮਾਂ ਲਿਆਂਦੀਆਂ, ਪਰ ਇਰਾਨੀ ਸਿਨੇਮਾ ਦੇ ਇਤਿਹਾਸ ਵਿੱਚ ਉਨ੍ਹਾਂ ਨੂੰ ਕਦੇ ਵੀ ਕ੍ਰੈਡਿਟ ਨਹੀਂ ਦਿੱਤਾ ਗਿਆ।

1937 ਵਿੱਚ ਅਰਦੇਸ਼ੀਰ ਇਰਾਨੀ ਨੇ ਸਆਦਤ ਹਸਨ ਮੰਟੋ ਦੇ ਨਾਵਲ ਉੱਤੇ ਆਧਾਰਿਤ ਫਿਲਮ ਕਿਸਾਨ ਕੰਨਿਆ ਬਣਾਈ। ਇਹ ਭਾਰਤ ਦੀ ਪਹਿਲੀ ਰੰਗੀਨ ਫਿਲਮ ਸੀ। ਇਹ ਫਿਲਮ 8 ਜਨਵਰੀ 1937 ਨੂੰ ਮੁੰਬਈ ਦੇ ਮੈਜੇਸਟਿਕ ਸਿਨੇਮਾ ਵਿੱਚ ਰਿਲੀਜ਼ ਹੋਈ ਸੀ। ਜਦੋਂ ਪ੍ਰਮੋਸ਼ਨ ਦੌਰਾਨ ਅਖਬਾਰਾਂ 'ਚ ਖਬਰ ਆਈ ਕਿ ਹੁਣ ਭਾਰਤ 'ਚ ਫਿਲਮਾਂ 'ਚ ਰੰਗ ਦਿਖਾਏ ਜਾਣਗੇ ਤਾਂ ਹਰ ਕੋਈ ਫਿਲਮ ਦੇਖਣ ਲਈ ਬੇਤਾਬ ਹੋ ਗਿਆ। ਸਿਨੇਮਾਘਰਾਂ ਚ ਸ਼ੁਰੂਆਤੀ ਕੁਝ ਦਿਨਾਂ ਤੱਕ ਭੀੜ ਦੇਖਣ ਨੂੰ ਮਿਲੀ ਪਰ ਗਰੀਬ ਕਿਸਾਨਾਂ ਦੀ ਕਹਾਣੀ ਨੂੰ ਦਰਸਾਉਂਦੀ ਇਹ ਫਿਲਮ ਇੰਨੀ ਪੇਚੀਦਾ ਸੀ ਕਿ ਜ਼ਿਆਦਾ ਦੇਰ ਤੱਕ ਨਹੀਂ ਚੱਲ ਸਕੀ। ਫਿਲਮ ਰਾਹੀਂ ਵੱਡੇ ਪਰਦੇ 'ਤੇ ਰੰਗਾਂ ਵਿੱਚ ਨਜ਼ਰ ਆਉਣ ਵਾਲੀ ਪਹਿਲੀ ਅਭਿਨੇਤਰੀ ਪਦਮਾ ਦੇਵੀ ਸੀ ਅਤੇ ਅਦਾਕਾਰ ਨਿਸਾਰ ਅਤੇ ਗੁਲਾਮ ਮੁਹੰਮਦ ਸਨ।

ਸਆਦਤ ਹਸਨ ਮੰਟੋ ਨੇ ਆਪਣੀ ਸਵੈ-ਜੀਵਨੀ ਵਿੱਚ ਇਸ ਫਿਲਮ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਸ ਸਮੇਂ ਅਰਦੇਸ਼ੀਰ ਇਰਾਨੀ ਦੀ ਆਰਥਿਕ ਹਾਲਤ ਮਾੜੀ ਸੀ। ਉਸ ਕੋਲ ਪੈਸੇ ਦੀ ਕਮੀ ਸੀ, ਫਿਰ ਵੀ ਉਸ ਨੇ ਰੰਗੀਨ ਫਿਲਮ ਬਣਾਉਣ ਦਾ ਫੈਸਲਾ ਕੀਤਾ, ਕਿਉਂਕਿ ਉਹ ਹਮੇਸ਼ਾ ਕੁਝ ਨਵਾਂ ਕਰਨਾ ਚਾਹੁੰਦਾ ਸੀ। ਉਸ ਸਮੇਂ ਮੰਟੋ 20 ਰੁ.

(ਬਾਕੀ ਸਫ਼ਾ 31 'ਤੇ)

# ਉਲੰਪਿਕ ਖੇਡਾਂ 'ਚ ਭਾਰਤ ਦਾ ਮਾੜਾ ਪ੍ਰਦਰਸ਼ਨ ਕਿਉਂ?



ਖੇਡ ਸੱਭਿਆਚਾਰ ਦੀ ਘਾਟ: ਜਦੋਂ ਤੱਕ ਇੱਕ ਏਕੀਕ੍ਰਿਤ ਖੇਡ ਸੱਭਿਆਚਾਰ ਨਹੀਂ ਹੁੰਦਾ, ਤੁਸੀਂ ਕਦੇ ਵੀ ਤਗਮੇ ਨਹੀਂ ਜਿੱਤ ਸਕਦੇ। ਇੱਕ ਬੁਨਿਆਦੀ ਸੁਧਾਰ ਦੀ ਲੋੜ ਹੈ ਅਤੇ ਇਹ ਜ਼ਰੂਰੀ ਹੈ।

**ਗਰੀਬੀ ਅਤੇ ਸਿੱਖਿਆ ਦੀ ਘਾਟ :** ਭਾਰਤ ਵਿੱਚ ਖਿਡਾਰੀਆਂ ਲਈ ਮਜ਼ਬੂਤ ਆਧਾਰ ਦੀ ਘਾਟ ਹੈ। ਖੇਡਾਂ ਵਿੱਚ ਆਪਣੀ ਰੁਚੀ ਨੂੰ ਅੱਗੇ ਵਧਾਉਣ ਦੇ ਨਾਲ-ਨਾਲ ਉਹਨਾਂ ਨੂੰ ਆਪਣੇ ਆਰਥਿਕ ਕਾਰਕਾਂ ਦਾ ਵੀ ਧਿਆਨ ਰੱਖਣਾ ਪੈਂਦਾ ਹੈ ਅਤੇ ਉਹਨਾਂ ਦੇ ਧਿਆਨ ਦਾ ਇੱਕ ਹਿੱਸਾ ਰੋਜ਼ੀ-ਰੋਟੀ ਕਮਾਉਣ ਜਾਂ ਕੁਝ ਲਈ ਸਿੱਖਿਆ 'ਤੇ ਲਗਾਉਣਾ ਹੁੰਦਾ ਹੈ। ਖਿਡਾਰੀਆਂ ਨੂੰ ਖੇਡਾਂ ਨੂੰ ਅੱਗੇ ਵਧਾਉਣ ਲਈ ਸਕੂਲ ਵਿੱਚ ਇਮਤਿਹਾਨਾਂ ਅਤੇ ਟੈਸਟਾਂ ਤੋਂ ਵੀ ਸਮਾਂ ਨਹੀਂ ਮਿਲਦਾ।

**ਬੁਨਿਆਦੀ ਢਾਂਚਾ:** ਸਾਡੇ ਕੋਲ ਐਥਲੀਟਾਂ ਦੇ ਸਿਖਲਾਈ ਅਤੇ ਅਭਿਆਸ ਸੈਸ਼ਨਾਂ ਲਈ ਢੁੱਕਵੇਂ ਬੁਨਿਆਦੀ ਢਾਂਚੇ ਦੀ ਘਾਟ ਹੈ ਜੋ ਉਹਨਾਂ ਨੂੰ ਵਿਸ਼ਵ ਪੱਧਰੀ ਪ੍ਰਤੀਯੋਗੀਆਂ ਨਾਲ ਨਜਿੱਠਣ ਲਈ ਵਧੇਰੇ ਸਮਰੱਥ ਅਤੇ ਲੈਸ ਬਣਾ ਸਕਦਾ ਹੈ। ਇਹ ਬਹੁਤ ਵਧੀਆ ਹੁੰਦਾ ਜੇਕਰ ਸਾਡੇ ਅਥਲੀਟਾਂ ਨੂੰ ਬਿਹਤਰ ਬੁਨਿਆਦੀ ਢਾਂਚੇ ਦੀ ਪਹੁੰਚ ਹੁੰਦੀ ਅਤੇ ਅਭਿਆਸ ਲਈ ਦੇਸ਼ ਭਰ ਵਿੱਚ ਖੇਡਣ ਦਾ ਮੌਕਾ ਮਿਲਦਾ।




**ਉਤਸ਼ਾਹ ਦੀ ਘਾਟ:** ਭਾਰਤ ਵਿੱਚ ਨੌਜਵਾਨਾਂ ਨੂੰ ਸ਼ੁਰੂ ਤੋਂ ਹੀ ਖੇਡਾਂ ਵਿੱਚ ਕਰੀਅਰ ਬਣਾਉਣ ਤੋਂ ਨਿਰਾਸ਼ ਕੀਤਾ ਜਾਂਦਾ ਹੈ। ਸਾਡੇ ਮਾਪੇ ਮੈਡੀਕਲ ਅਤੇ ਇੰਜਨੀਅਰਿੰਗ ਵਰਗੇ ਵਿਸ਼ਿਆਂ ਪ੍ਰਤੀ ਭਾਵੁਕ ਹਨ ਅਤੇ ਕੁੜੀਆਂ ਲਈ, ਸਥਿਤੀ ਹੋਰ ਵੀ ਮਾੜੀ ਹੈ ਕਿਉਂਕਿ ਉਹਨਾਂ ਨੂੰ ਆਪਣੇ ਮਾਪਿਆਂ ਨੂੰ ਖੇਡਣ ਦੀ ਇਜਾਜ਼ਤ ਦੇਣ ਲਈ ਮਨਾਉਣ ਤੋਂ ਪਹਿਲਾਂ ਕਮੀਆਂ ਅਤੇ ਰੁਕਾਵਟਾਂ ਦੀ ਇੱਕ ਕੋਝਾ ਸੂਚੀ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਵਿੱਚੋਂ ਜ਼ਿਆਦਾਤਰ ਨੂੰ ਅਜਿਹਾ ਕਰਨ ਲਈ ਖੇਡ ਛੱਡਣ ਲਈ ਮਜਬੂਰ ਕੀਤਾ ਜਾਂਦਾ ਹੈ ਜਿਸ ਨਾਲ ਉਨ੍ਹਾਂ ਨੂੰ ਬਿਹਤਰ ਨੌਕਰੀ ਦੀ ਸੁਰੱਖਿਆ ਮਿਲ ਸਕੇ।ਖੇਡਾਂ ਵਿੱਚ ਘੱਟ ਯੋਗਦਾਨ: ਸਾਡੀ ਆਰਥਿਕਤਾ ਖੁਸ਼ਹਾਲ ਹੋ ਰਹੀ ਹੈ ਅਤੇ ਹਰ ਸਾਲ ਦੇ ਬਜਟ ਨਾਲ ਵਿਕਾਸ ਦੇ ਵੱਖ-ਵੱਖ ਖੇਤਰਾਂ ਲਈ ਫੰਡਾਂ ਦੀ ਵੰਡ ਵਿੱਚ ਸੁਧਾਰ ਕੀਤਾ ਜਾ ਰਿਹਾ ਹੈ। ਹਾਲਾਂਕਿ, ਖੇਡਾਂ ਲਈ ਫੰਡਾਂ ਦੀ ਵੰਡ ਅਜੇ ਵੀ ਮੁਕਾਬਲਤਨ ਘੱਟ ਹੈ, ਨੌਜਵਾਨਾਂ ਦੀ ਵੱਡੀ ਗਿਣਤੀ ਨੂੰ ਦੇਖਦੇ ਹੋਏ ਜੋ ਖੇਡਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੁੰਦੇ ਹਨ।

## ਕ੍ਰਿਕੇਟ ਹਰ ਪਾਸੇ ਤੋਂ ਪ੍ਰਸ਼ੰਸਕਾਂ ਨੂੰ ਆਕਰਸ਼ਿਤ ਕਰਦਾ ਹੈ



ਅਸੀਂ, ਇੱਕ ਦੇਸ਼ ਦੇ ਰੂਪ ਵਿੱਚ, ਇੱਕ ਵਿਲੱਖਣ ਖੇਡ ਨਾਲ ਜੁੜੇ ਹੋਏ ਹਾਂ ਅਤੇ ਉਹ ਹੈ ਕ੍ਰਿਕਟ। ਇਹ ਸਿਰਫ ਉਲੰਪਿਕ ਵਰਗੇ ਵੱਡੇ ਈਵੈਂਟਾਂ ਦੌਰਾਨ ਹੁੰਦਾ ਹੈ ਜਦੋਂ ਹੋਰ ਖੇਡਾਂ ਨੂੰ ਉਨ੍ਹਾਂ ਦੀ ਲਾਈਮਲਾਈਟ ਅਤੇ ਪ੍ਰਸ਼ੰਸਕਾਂ ਦੀ ਖੁਸ਼ੀ ਦਾ ਹਿੱਸਾ ਦਿੱਤਾ ਜਾਂਦਾ ਹੈ। ਬਾਕੀ ਦੇ ਸਾਲ ਲਈ, ਅਸੀਂ ਇਸ ਬਾਰੇ ਅਣਜਾਣ ਹਾਂ ਕਿ ਹੋਰ ਖੇਡਾਂ ਵਿੱਚ ਕੌਣ ਹੈ। ਉਨ੍ਹਾਂ ਨੂੰ ਘੱਟ ਪ੍ਰਮੋਟ ਕੀਤਾ ਜਾਂਦਾ ਹੈ, ਹੋਰ ਖੇਡਾਂ ਲਈ ਘੱਟ ਸਪਾਂਸਰ ਹੁੰਦੇ ਹਨ, ਘੱਟ ਪ੍ਰਸ਼ੰਸਕ ਹੁੰਦੇ ਹਨ ਅਤੇ ਉਨ੍ਹਾਂ ਨੂੰ ਬਿਹਤਰ ਪ੍ਰਦਰਸ਼ਨ ਕਰਨ ਲਈ ਉਤਸ਼ਾਹਿਤ ਕਰਦੇ ਹਨ, ਅਤੇ ਜਦੋਂ ਸਾਨੂੰ ਲੋੜੀਂਦੇ ਤਗਮੇ ਨਹੀਂ ਮਿਲਦੇ, ਤਾਂ ਅਸੀਂ ਐਥਲੀਟਾਂ ਦੀ ਸ਼ਿਕਾਇਤ ਅਤੇ ਟ੍ਰੋਲ ਕਰਦੇ ਹਾਂ।

**ਭ੍ਰਿਸ਼ਟਾਚਾਰ ਅਤੇ ਥੋੜੀ ਦੇਖਭਾਲ:** ਹਰ ਸਮੇਂ ਦੇ ਸਭ ਤੋਂ ਵਧੀਆ ਐਥਲੀਟਾਂ ਵਿੱਚੋਂ ਇੱਕ ਡਰੱਗ ਟੈਸਟ ਵਿੱਚ ਸਕਾਰਾਤਮਕ ਪਾਇਆ ਜਾਂਦਾ ਹੈ ਅਤੇ ਇਸ 'ਤੇ ਨੁਕਸ ਕੱਢਣ ਦੇ ਬਾਵਜੂਦ ਵੀ ਇਸ ਬਾਰੇ ਕੁਝ ਨਹੀਂ ਕੀਤਾ ਜਾਂਦਾ ਹੈ।

**ਸਹੂਲਤਾਂ ਦੀ ਘਾਟ:** ਸਾਡੇ ਕੋਲ ਵਿਸ਼ਵ ਪੱਧਰੀ ਸਹੂਲਤਾਂ ਦੀ ਘਾਟ ਹੈ ਜੋ ਪਹਿਲੀ ਦੁਨੀਆਂ ਦੇ ਦੇਸ਼ਾਂ ਦੇ ਐਥਲੀਟਾਂ ਲਈ ਉਪਲਬਧ ਹਨ। ਉਹ ਹਮੇਸ਼ਾ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਦੌਲਤ ਲੁੱਟਦੇ ਰਹੇ ਹਨ ਅਤੇ ਆਪਣੇ ਭੰਡਾਰ ਵਿੱਚ ਵਾਧਾ ਕਰਦੇ ਰਹੇ ਹਨ। ਕੁਝ ਰਿਪੋਰਟਾਂ ਇਹ ਵੀ ਸੁਝਾਅ (**ਬਾਕੀ ਸਫ਼ਾ 31 'ਤੇ**)

# ਖੇਡਾਂ ਲਈ ਕੀ ਮਹੱਤਵ ਹੈ 'ਧਿਆਨ ਚੰਦ ਖੇਡ ਰਤਨ ਪੁਰਸਕਾਰ' ਦਾ ?

ਰਾਜੀਵ ਗਾਂਧੀ ਖੇਡ ਰਤਨ ਪੁਰਸਕਾਰ ਹੁਣ ਧਿਆਨ ਚੰਦ ਦੇ ਨਾਂਅ 'ਤੇ ਜਾਣਿਆ ਜਾਂਦਾ ਹੈ। ਦੇਸ਼ ਦੇ ਸਰਵਉੱਚ ਖੇਡ ਸਨਮਾਨ ਦਾ ਦੇਸ਼ ਦੇ ਪ੍ਰਸਿੱਧ ਨਾਵਾਂ ਵਿੱਚੋਂ ਇੱਕ ਦੇ ਨਾਂਅ 'ਤੇ ਰੱਖਣਾ ਰਾਜਨੀਤਿਕ ਫੈਸਲਾ ਕਿਹਾ ਜਾ ਸਕਦਾ ਹੈ ਪਰ ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਕੋਈ ਇਸ ਨੂੰ ਕਿਵੇਂ ਵੇਖਦਾ ਹੈ। ਇੱਕ ਗੱਲ ਜ਼ਰੂਰ ਹੈ ਕਿ ਜਿਸ ਚੀਜ਼ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਉਹ ਹੈ ਧਿਆਨ ਚੰਦ ਦੇ ਨਾਂਅ ਦੀ ਭਾਵਨਾਤਮਕ ਗੂੰਜ ਅਤੇ ਉਹ ਭਾਰਤੀ ਹਾਕੀ ਅਤੇ ਭਾਰਤੀ ਖੇਡਾਂ ਲਈ ਕੀ ਮਹੱਤਵ ਰੱਖਦਾ ਹੈ।

ਕੌਣ ਸੀ ਧਿਆਨ ਚੰਦ ?

ਹਾਕੀ ਦੇ ਮਹਾਨ ਜਾਦੂਗਰ ਮਰਹੂਮ ਖਿਡਾਰੀ ਧਿਆਨ ਚੰਦ ਦਾ ਜਨਮਦਿਨ 29 ਅਗਸਤ ਨੂੰ 'ਰਾਸ਼ਟਰੀ ਖੇਡ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਖੇਡ ਜਗਤ ਵਿੱਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ ਕੌਮੀ ਅਰਜੁਨ ਅਤੇ ਦਰੋਣਾਚਾਰੀਆ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਧਿਆਨ ਚੰਦ ਦਾ ਜਨਮ 29 ਅਗਸਤ 1905 ਨੂੰ ਪ੍ਰਆਰਾ (ਇਲਾਹਾਬਾਦ) ਦੇ ਇੱਕ ਸਾਧਾਰਨ ਰਾਜਪੂਤ ਪਰਿਵਾਰ ਵਿੱਚ ਹੋਇਆ







ਸੀ। ਉਹ ਆਮ ਮੁੰਡਿਆਂ ਵਾਂਗ ਪੜ੍ਹਾਈ ਤੋਂ ਬਾਅਦ 1926 ਵਿੱਚ ਦਿੱਲੀ ਵਿਖੇ ਬ੍ਰਾਹਮਣ ਰੈਜੀਮੈਂਟ ਵਿੱਚ ਭਰਤੀ ਹੋ ਗਿਆ ਸੀ। ਉਦੋਂ ਉਸ ਦੀ ਹਾਕੀ ਪ੍ਰਤੀ ਕੋਈ ਦਿਲਚਸਪੀ ਨਹੀਂ ਸੀ ਪਰ ਰੈਜੀਮੈਂਟ ਦੇ ਇੱਕ ਸੂਬੇਦਾਰ ਮੇਜਰ ਤਿਵਾੜੀ ਨੇ ਉਸ ਅੰਦਰ ਖਿਡਾਰੀ ਵਾਲੀ ਇੱਕ ਚਿਣਗ ਦੇਖੀ ਤੇ ਉਸ ਨੂੰ ਖੇਡਣ ਲਈ ਪ੍ਰੇਰਿਆ, ਜਿਸਦੀ ਬਦੌਲਤ ਧਿਆਨ ਚੰਦ ਦਾ ਨਾਂਅ ਇਤਿਹਾਸ ਦੇ ਪੰਨਿਆਂ ਉੱਤੇ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਗਿਆ।

**ਧਿਆਨ ਚੰਦ ਦਾ ਪਰਿਵਾਰ**

ਝਾਂਸੀ 'ਚ ਰਹਿੰਦੇ ਧਿਆਨ ਚੰਦ ਦੇ ਪਰਿਵਾਰ ਨੇ ਦਰਜਨ ਦੇ ਕਰੀਬ ਹਾਕੀ ਖਿਡਾਰੀ ਮੈਦਾਨ 'ਚ ਉਤਾਰ ਕੇ ਵਿਸ਼ਵ ਹਾਕੀ 'ਚ ਵੱਡਾ ਨਾਂਅ ਕਮਾਇਆ ਹੈ। ਧਿਆਨ ਚੰਦ ਹੁਰੀਂ ਤਿੰਨ ਭਰਾ ਸਨ। ਦੋ ਭਰਾਵਾਂ, ਮੇਜਰ ਧਿਆਨ ਚੰਦ ਤੇ ਰੂਪ ਸਿੰਘ ਨੂੰ ਹਾਕੀ 'ਚ ਓਲੰਪੀਅਨ ਹੋਣ ਦਾ ਮਾਣ ਹਾਸਲ ਹੋਇਆ, ਜਦਕਿ ਤੀਜਾ ਭਰਾ ਮੂਲ ਸਿੰਘ ਕੌਮੀ ਹਾਕੀ ਤੱਕ ਸੀਮਤ ਰਿਹਾ। ਧਿਆਨ ਚੰਦ ਦੇ ਸੱਤ ਪੁੱਤਰਾਂ 'ਚੋਂ 6 ਹਾਕੀ ਖੇਡ ਦੇ ਲੜ ਲੱਗੇ। ਇੱਕ ਪੁੱਤਰ ਅਸ਼ੋਕ ਕੁਮਾਰ ਹਾਕੀ ਓਲੰਪੀਅਨ ਬਣਿਆ। ਧਿਆਨ ਚੰਦ ਦੇ ਭਰਾ ਰੂਪ ਸਿੰਘ ਦੇ ਦੋਵੇਂ ਬੇਟਿਆਂ ਭਗਤ ਸਿੰਘ ਤੇ ਚੰਦਰ ਸ਼ੇਖਰ ਸਿੰਘ ਨੇ ਵੀ ਕੌਮਾਂਤਰੀ ਹਾਕੀ ਖੇਡ ਕੇ ਪਰਿਵਾਰਕ ਰਵਾਇਤ ਨੂੰ ਹੋਰ ਅੱਗੇ ਤੋਰਿਆ। ਮੇਜਰ ਧਿਆਨ ਚੰਦ ਦਾ ਪਿਤਾ ਸੂਬੇਦਾਰ ਸਮੇਸ਼ਵਰ ਦੱਤ ਸਿੰਘ ਵੀ ਫ਼ੌਜ ਦੀ ਟੀਮ ਦਾ ਮੋਹਰੀ ਹਾਕੀ ਖਿਡਾਰੀ ਸੀ। ਧਿਆਨ ਚੰਦ ਦੀ ਦੋਹਤੀ ਤੇ ਓਲੰਪੀਅਨ ਅਸ਼ੋਕ ਕੁਮਾਰ ਦੀ ਭਾਣਜੀ ਨੇਹਾ ਸਿੰਘ ਵੀ ਕੌਮੀ ਮਹਿਲਾ ਹਾਕੀ ਟੀਮ ਨਾਲ 1998 'ਚ ਹਾਲੈਂਡ ਵਿਖੇ ਹੋਏ ਮਹਿਲਾ ਵਿਸ਼ਵ ਹਾਕੀ ਕੱਪ ਤੇ ਹੋਰ ਕੌਮਾਂਤਰੀ ਟੂਰਨਾਮੈਂਟਾਂ 'ਚ ਦੇਸ਼ ਦੀ ਨੁਮਾਇੰਦਗੀ ਕਰ ਚੁੱਕੀ ਹੈ।

**ਧਿਆਨ ਚੰਦ ਦੀਆਂ ਪ੍ਰਾਪਤੀਆਂ**

ਨਵੀਂ ਦਿੱਲੀ ਦੇ ਨੈਸ਼ਨਲ ਹਾਕੀ ਸਟੇਡੀਅਮ ਦਾ ਨਾਂਅ 'ਮੇਜਰ ਧਿਆਨ ਚੰਦ ਹਾਕੀ ਸਟੇਡੀਅਮ' ਰੱਖਿਆ ਗਿਆ। ਆਂਧਰਾ ਪ੍ਰਦੇਸ਼ ਦੇ ਸ਼ਹਿਰ ਮੇਡਕ 'ਚ 2005 ਵਿੱਚ ਧਿਆਨ ਚੰਦ ਦਾ ਬੁੱਤ ਲਾਇਆ ਗਿਆ। ਇਸਤੋਂ ਇਲਾਵਾ ਦੁਨੀਆਂ ਦੇ ਇਸ ਮਹਾਨ ਖਿਡਾਰੀ ਦੇ ਜਨਮ ਦਿਨ 29 ਅਗਸਤ ਨੂੰ ਹਰ ਸਾਲ ਕੌਮੀ ਖੇਡ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸ ਮੌਕੇ ਦੇਸ਼ ਦੇ ਰਾਸ਼ਟਰਪਤੀ ਵੱਲੋਂ ਕੌਮੀ ਤੇ ਕੌਮਾਂਤਰੀ ਖੇਡਾਂ 'ਚ ਮੱਲਾਂ ਮਾਰਨ ਵਾਲੇ ਖਿਡਾਰੀਆਂ ਨੂੰ 'ਰਾਜੀਵ ਗਾਂਧੀ ਖੇਲ ਰਤਨ, ਅਰਜੁਨ ਐਵਾਰਡ, ਮੇਜਰ ਧਿਆਨ ਚੰਦ ਐਵਾਰਡ, ਪਦਮਸ਼੍ਰੀ ਐਵਾਰਡ, ਪਦਮ ਵਿਭੂਸ਼ਨ ਤੇ ਦਰੋਣਾਚਾਰੀਆ ਐਵਾਰਡ' ਨਾਲ ਸਨਮਾਨਤ ਕੀਤਾ ਜਾਂਦਾ ਹੈ। ਆਲਮੀ ਹਾਕੀ 'ਚ ਧਿਆਨ ਚੰਦ ਦੀਆਂ ਵਡਮੁੱਲੀਆਂ ਸੇਵਾਵਾਂ ਸਦਕਾ ਆਸਟ੍ਰੀਆ ਦੇ ਸ਼ਹਿਰ ਵਿਆਨਾ 'ਚ ਧਿਆਨ ਚੰਦ ਦੇ ਸਨਮਾਨ 'ਚ ਬੁੱਤ ਸਥਾਪਤ ਕੀਤਾ ਗਿਆ। ਧਿਆਨ ਚੰਦ ਦੇ ਛੋਟੇ ਭਰਾ ਓਲੰਪੀਅਨ ਰੂਪ ਸਿੰਘ ਦੇ ਨਾਂ 'ਤੇ ਜਰਮਨ ਦੇ ਸ਼ਹਿਰ ਬਰਲਿਨ ਦੀ ਇੱਕ ਸਟਰੀਟ ਦਾ ਨਾਂਅ ਰੱਖਿਆ ਗਿਆ ਹੈ ਜਿਥੇ ਅੱਜ ਵੀ ਡਾਕ ਉੱਪਰ 'ਰੂਪ ਸਿੰਘ ਸਟਰੀਟ' ਅੰਕਿਤ ਹੁੰਦਾ ਹੈ। ਧਿਆਨ ਚੰਦ ਨੇ ਅੰਤਿਮ ਸਮਾਂ ਪਰਿਵਾਰ ਨਾਲ ਆਪਣੇ ਜੱਦੀ ਸ਼ਹਿਰ ਝਾਂਸੀ 'ਚ ਬਿਤਾਇਆ। ਤਿੰਨ ਦਸੰਬਰ 1979 ਨੂੰ ਉਸ ਨੇ ਦਿੱਲੀ ਦੇ ਆਲ ਇੰਡੀਆ ਮੈਡੀਕਲ ਸਇੰਸਿਜ਼ 'ਚ ਅੰਤਿਮ ਸਾਹ ਲਏ। ਉਨ੍ਹਾਂ ਦਾ ਸਸਕਾਰ ਝਾਂਸੀ ਦੇ ਵਾਰ ਹੀਰੋਜ਼ ਗਰਾਊਂਡ 'ਚ ਮਿਲਟਰੀ ਵੱਲੋਂ ਪੂਰੇ ਸਨਮਾਨਾਂ ਨਾਲ ਕੀਤਾ ਗਿਆ।

## ਹੜ੍ਹਾਂ ਦਾ ਕਹਿਰ

ਬਰਸਾਤ ਦੇ ਪਾਣੀ ਦੀ ਧਰਤੀ ਹੇਠ ਨਿਕਾਸੀ ਲਈ ਬਰਸਾਤ ਦੇ ਮੌਸਮ ਤੋਂ ਪਹਿਲਾਂ ਹੀ ਢੁਕਵੇਂ ਪ੍ਰਬੰਧ ਕਰ ਲਏ ਜਾਂਦੇ। ਜੇ ਅੱਜ ਦੇ ਆਧੁਨਿਕ ਕਹਾਉਂਦੇ ਮਨੁੱਖ ਵੱਲੋਂ ਆਪਣੇ ਬਜ਼ੁਰਗਾਂ ਵੱਲੋਂ ਦਿੱਤੇ ਗਏ ਗਿਆਨ 'ਤੇ ਧਿਆਨ ਦਿੱਤਾ ਜਾਂਦਾ ਅਤੇ ਬਰਸਾਤੀ ਪਾਣੀ ਨੂੰ ਧਰਤੀ ਹੇਠਾਂ ਭੇਜਣ, ਟੋਭਿਆਂ ਤੇ ਛੱਪੜਾਂ ਵਿੱਚ ਸੰਭਾਲਣ ਦੇ ਯਤਨ ਕੀਤੇ ਜਾਂਦੇ ਤਾਂ ਸਥਿਤੀ ਏਨੀ ਭਿਅੰਕਰ ਨਹੀਂ ਸੀ ਹੋਣੀ। ਅਸਲ ਵਿੱਚ ਹਰ ਸਾਲ ਗਰਮੀਆਂ, ਬਰਸਾਤ ਅਤੇ ਠੰਡ ਵਿੱਚ ਵੀ ਮਰਨਾ ਆਮ ਭਾਰਤੀਆਂ ਦੀ ਹੋਣੀ ਬਣ ਗਿਆ ਹੈ।

ਇਸ ਸਮੇਂ ਸਿਰਫ਼ ਪੰਜਾਬ ਹੀ ਨਹੀਂ ਸਗੋਂ ਜੰਮੂ-ਕਸ਼ਮੀਰ ਤੋਂ ਲੈ ਕੇ ਕੇਰਲ ਤੱਕ ਦੇਸ਼ ਦੇ ਕਈ ਰਾਜਾਂ 'ਚ ਭਾਰੀ ਬਾਰਿਸ਼ ਹੋ ਰਹੀ ਹੈ। ਦੇਸ਼ ਦੀ ਰਾਜਧਾਨੀ ਦਿੱਲੀ 'ਚ ਹੋਈ ਬਰਸਾਤ ਨੇ 40 ਸਾਲ ਦਾ ਰਿਕਾਰਡ ਤੋੜ ਦਿੱਤਾ। ਦਿੱਲੀ ਦੀਆਂ ਸੜਕਾਂ ਅਤੇ ਮੰਨੇ-ਪ੍ਰਮੰਨੇ ਆਲੀਸ਼ਾਨ ਰਿਹਾਇਸ਼ੀ ਇਲਾਕਿਆਂ ਵਿੱਚ ਬੇਨਾਮ ਨਦੀਆਂ ਵਹਿਣ ਲੱਗ ਪਈਆਂ।

ਦਿੱਲੀ ਹੀ ਨਹੀਂ, ਦੇਸ਼ ਦੇ ਬਾਕੀ ਸਾਰੇ ਸ਼ਹਿਰਾਂ 'ਚ ਜਿੱਥੇ ਬਹੁਤ ਬਰਸਾਤ ਹੋਈ ਹੈ, ਉੱਥੇ ਇਸ ਸਮੇਂ ਸਿਰਫ਼ ਨਦੀਆਂ, ਝੀਲਾਂ ਅਤੇ ਨਹਿਰਾਂ ਵਾਲੇ ਸ਼ਹਿਰ ਹੀ ਨਜ਼ਰ ਆ ਰਹੇ ਹਨ ਕਿਉਂਕਿ ਮੀਂਹ ਦੀਆਂ ਬੂੰਦਾਂ ਨੂੰ ਬਚਾਉਣ ਦੇ ਆਪਣੇ ਰਵਾਇਤੀ ਗਿਆਨ ਨੂੰ ਭੁੱਲ ਕੇ ਅਸੀਂ ਛੱਪੜਾਂ, ਬਾਉਲੀਆਂ, ਖੂਹਾਂ ਦੀ ਮਹੱਤਤਾ ਨੂੰ ਅਣਗੌਲਿਆ ਕਰਨ ਲੱਗ ਪਏ ਹਾਂ। ਸਮਾਰਟ ਸਿਟੀ ਅਤੇ ਸ਼ਹਿਰਾਂ ਦੇ ਸੁੰਦਰੀਕਰਨ ਦਾ ਕ੍ਰੇਜ਼ ਲਗਾਤਾਰ ਵਧਦਾ ਗਿਆ, ਜਿਸ ਕਾਰਨ ਬਰਸਾਤੀ ਪਾਣੀ ਨੂੰ ਸੰਭਾਲਣ ਵਾਲੇ ਕੁਦਰਤੀ ਸੋਮੇ ਅਲੋਪ ਹੁੰਦੇ ਚਲੇ ਗਏ।

**ਮੌਸਮ ਬਨਾਮ ਭੁੱਖ**

ਸਰਕਾਰ, ਪ੍ਰਸ਼ਾਸਨ ਅਤੇ ਡਾਕਟਰਾਂ ਨੇ ਆਮ ਲੋਕਾਂ ਨੂੰ ਬਰਸਾਤ ਦੌਰਾਨ ਘਰਾਂ ਤੋਂ ਬਾਹਰ ਨਿਕਲਣ ਤੋਂ ਗੁਰੇਜ਼ ਕਰਨ ਦੀ ਅਪੀਲ ਕੀਤੀ ਹੈ, ਪਰ ਆਮ ਲੋਕਾਂ ਨੂੰ ਰੁਜ਼ਗਾਰ ਲਈ ਘਰਾਂ ਤੋਂ ਬਾਹਰ ਜਾਣਾ ਪੈਂਦਾ ਹੈ। ਅਸੰਗਠਿਤ ਖੇਤਰ 'ਚ ਕੰਮ ਕਰਨ ਵਾਲੇ ਲੱਖਾਂ ਮਜ਼ਦੂਰਾਂ ਲਈ ਮੌਸਮ ਨੂੰ ਦੇਖਣਾ ਅਤੇ ਆਰਾਮ ਨਾਲ ਕੰਮ ਕਰਨਾ ਕਿਸੇ ਰਾਹਤ ਤੋਂ ਘੱਟ ਨਹੀਂ ਹੈ। ਜੇ ਕਿਰਤੀ ਲੋਕ ਮੌਸਮ ਤੋਂ ਬਚਣਗੇ, ਤਾਂ ਉਹ ਭੁੱਖੇ ਮਰਨਗੇ। ਇਸ ਲਈ ਗਰਮੀ ਹੋਵੇ ਜਾਂ ਬਰਸਾਤ ਉਨ੍ਹਾਂ ਨੂੰ ਘਰਾਂ ਤੋਂ ਬਾਹਰ ਆਉਣਾ ਹੀ ਪੈਂਦਾ ਹੈ। ਇਹੀ ਗੱਲ ਕਿਸਾਨਾਂ 'ਤੇ ਲਾਗੂ ਹੁੰਦੀ ਹੈ। ਮੌਸਮ ਦੀ ਪਰਵਾਹ ਕੀਤੇ ਬਿਨਾਂ ਕਿਸਾਨਾਂ ਨੂੰ ਰੋਜ਼ੀ-ਰੋਟੀ ਕਮਾਉਣ ਲਈ ਖੇਤਾਂ ਵਿੱਚ ਜਾਣਾ ਪੈਂਦਾ ਹੈ। ਜਿਹੜੇ ਲੋਕਾਂ ਨੇ ਹਰ ਦਿਨ ਕਮਾ ਕੇ ਖਾਣਾ ਹੈ, ਉਹਨਾਂ 'ਤੇ ਮੌਸਮ ਦੀ ਦੋਹਰੀ ਮਾਰ ਪੈਂਦੀ ਹੈ। ਮੌਸਮ ਨੂੰ ਦੇਖਦੇ ਹੋਏ ਘਰੋਂ ਬਾਹਰ ਨਾ ਨਿਕਲਣ ਨਾਲ ਕੁਝ ਸਮੇਂ ਲਈ ਰਾਹਤ ਮਿਲ ਸਕਦੀ ਹੈ ਪਰ ਇਹ ਕਦੇ ਵੀ ਸਮੱਸਿਆ ਦਾ ਹੱਲ ਨਹੀਂ ਹੈ, ਜਿਸ ਕਾਰਨ ਕਰੋੜਾਂ ਲੋਕ ਦੁਖੀ ਹਨ। ਹੁਣ ਮੀਂਹ ਪੈ ਰਿਹਾ ਹੈ, ਇਹ ਮੌਸਮ ਦਾ ਆਮ ਪੈਟਰਨ ਹੈ। ਮੌਜੂਦਾ ਸਮੇਂ ਵਿੱਚ ਇਸ ਲਈ ਜਲਵਾਯੂ ਤਬਦੀਲੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਹੁਣ ਜੋ ਮੌਤਾਂ ਬਰਸਾਤ ਵਿੱਚ ਹੋ ਰਹੀਆਂ ਹਨ, ਉਹ ਬਿਜਲੀ ਦਾ ਕਰੰਟ, ਕੱਚੀਆਂ ਉਸਾਰੀਆਂ ਦੇ ਟੁੱਟਣ ਜਾਂ ਅਚਾਨਕ ਹੜ੍ਹਾਂ ਵਰਗੇ ਕਾਰਨਾਂ ਕਰਕੇ ਹੋ ਰਹੀਆਂ ਹਨ। ਇਸ ਲਈ ਸਰਕਾਰ ਅਤੇ ਪ੍ਰਸ਼ਾਸਨ ਜ਼ਿੰਮੇਵਾਰ ਹੈ। ਸਰਕਾਰ ਕਰੋੜਾਂ-ਅਰਬਾਂ ਖਰਚ ਕੇ ਵੀ ਅਜਿਹਾ ਢਾਂਚਾ ਵਿਕਸਤ ਨਹੀਂ ਕਰ ਸਕੀ, ਜਿਸ ਵਿੱਚ ਮੀਂਹ ਦਾ ਪਾਣੀ ਧਰਤੀ ਹੇਠ ਚਲਾ ਜਾਵੇ। ਜੇਕਰ ਬਰਸਾਤ ਦੀ ਹਰ ਬੂੰਦ ਨੂੰ ਬਚਾ ਲਿਆ ਜਾਵੇ ਤਾਂ ਗਰਮੀਆਂ ਵਿੱਚ ਇਸ ਦੀ ਭਰਪੂਰ ਵਰਤੋਂ ਕੀਤੀ ਜਾ ਸਕਦੀ ਹੈ। ਜਿਸ ਤਰ੍ਹਾਂ ਘਰ 'ਚ ਪੈਸਾ ਲੰਬੇ ਸਮੇਂ ਤੱਕ ਰੱਖਿਆ ਜਾਂਦਾ ਹੈ, ਉਸੇ ਤਰ੍ਹਾਂ ਮੀਂਹ ਦੀਆਂ ਬੂੰਦਾਂ ਨੂੰ ਵੀ ਇਕੱਠੇ ਰੱਖਣ ਦੀ ਜ਼ਰੂਰਤ ਹੁੰਦੀ ਹੈ।

ਜੀ-20 ਦੀ ਮੀਟਿੰਗ ਹੋਵੇ ਜਾਂ ਕੋਈ ਹੋਰ ਅੰਤਰਰਾਸ਼ਟਰੀ ਸਮਾਗਮ, ਜਿੱਥੇ ਵੀ ਵਾਤਾਵਰਨ ਸੁਰੱਖਿਆ ਦੀ ਗੱਲ ਆਉਂਦੀ ਹੈ, ਭਾਰਤ ਸਰਕਾਰ ਦੇ ਵੱਡੇ-ਵੱਡੇ ਦਾਅਵੇ ਸੁਣਨ ਨੂੰ ਮਿਲਣ ਲੱਗ ਪੈਂਦੇ ਹਨ ਪਰ ਬਰਸਾਤ ਜਾਂ ਗਰਮੀ ਕਾਰਨ ਮੌਸਮ ਥੋੜ੍ਹਾ ਬਦਲ ਜਾਣ 'ਤੇ ਬੇਲੋੜੇ ਮਰਨ ਵਾਲਿਆਂ ਦੇ ਅੰਕੜੇ ਇਨ੍ਹਾਂ ਦਾਅਵਿਆਂ ਦੀ ਪੋਲ ਖੋਲ੍ਹਦੇ ਹਨ। ਵਿਕਾਸ ਦੇ ਨਾਂ 'ਤੇ ਵਧ ਰਹੇ ਭ੍ਰਿਸ਼ਟਾਚਾਰ ਕਾਰਨ ਜੇਕਰ ਸਰਕਾਰ ਸਾਡੇ ਜੰਗਲਾਂ, ਪਹਾੜਾਂ, ਦਰਿਆਵਾਂ ਅਤੇ ਝੀਲਾਂ ਦੇ ਹੋ ਰਹੇ ਨੁਕਸਾਨ ਵੱਲ ਧਿਆਨ ਦੇਣ ਲੱਗ ਜਾਵੇ ਤਾਂ ਕੌਮਾਂਤਰੀ ਮੰਚਾਂ 'ਤੇ ਸ਼ਬਦਾਂ ਦੀ ਜਾਦੂਗਰੀ ਖੇਡਣ ਦੀ ਲੋੜ ਨਹੀਂ ਰਹੇਗੀ, ਦੁਨੀਆਂ ਭਾਰਤ ਦੀਆਂ ਤਸਵੀਰਾਂ ਰਾਹੀਂ ਸੱਚਾਈ ਵੇਖ ਲਵੇਗੀ।

**ਕਿਵੇਂ ਪਾਣੀ 'ਚ ਡੁੱਬ ਜਾਂਦੇ ਨੇ ਪਿਆਸੇ ਸ਼ਹਿਰ**

-ਪੰਜਾਬ ਦੇ ਵੱਡੀ ਗਿਣਤੀ ਸ਼ਹਿਰਾਂ 'ਚ ਗਰਮੀ ਦੇ ਮੌਸਮ ਦੌਰਾਨ ਪੀਣ ਵਾਲੇ ਪਾਣੀ ਦੀ ਭਾਰੀ ਘਾਟ ਪੈਦਾ ਹੋ ਜਾਂਦੀ ਹੈ, ਜਿਸ ਕਾਰਨ ਆਮ ਲੋਕਾਂ ਨੂੰ ਬਹੁਤ ਪ੍ਰੇਸ਼ਾਨ ਹੋਣਾ ਪੈਂਦਾ ਹੈ। ਅਜਿਹੇ ਪਿਆਸੇ ਸ਼ਹਿਰ ਅਕਸਰ ਬਰਸਾਤ ਦੇ ਮੌਸਮ ਵਿੱਚ ਪਾਣੀ ਵਿੱਚ ਹੀ ਡੁੱਬ ਜਾਂਦੇ ਹਨ, ਪਰ ਇਸਦੇ ਬਾਵਜੂਦ ਧਰਤੀ ਦੀ ਪਿਆਸ ਨਹੀਂ ਬੁੱਝਦੀ ਅਤੇ ਦਰਖਤਾਂ 'ਚ ਵੀ ਉਦਾਸੀ ਛਾ ਜਾਂਦੀ ਹੈ। ਜਿਹੜੇ ਸ਼ਹਿਰ ਗਰਮੀ ਦੀ ਰੁੱਤ ਵਿੱਚ ਪੀਣ ਵਾਲੇ ਸਾਫ਼ ਪਾਣੀ ਦੀ ਘਾਟ ਪਿਆਸੇ ਰਹਿੰਦੇ ਹਨ, ਬਰਸਾਤਾਂ ਵਿੱਚ ਉਹਨਾਂ ਸ਼ਹਿਰਾਂ 'ਚ ਹਰ ਪਾਸੇ ਪਾਣੀ ਹੀ ਪਾਣੀ ਹੁੰਦਾ ਹੈ ਪਰ ਇਹਨਾਂ ਸ਼ਹਿਰਾਂ ਦੇ ਲੋਕ ਧਰਤੀ ਵਾਂਗ ਹੀ ਪਿਆਸੇ ਰਹਿੰਦੇ ਹਨ। ਅਸਲ ਵਿੱਚ ਪਿਆਸੇ ਸ਼ਹਿਰਾਂ ਦੇ ਬਰਸਾਤ ਦੌਰਾਨ ਪਾਣੀ ਵਿੱਚ ਡੁੱਬਣ ਲਈ ਸਰਕਾਰ, ਪ੍ਰਸ਼ਾਸਨ ਅਤੇ ਸਮਾਜ ਹੀ ਪੂਰੀ ਤਰਾਂ ਜ਼ਿੰਮੇਵਾਰ ਹਨ, ਜਿਹਨਾਂ ਵੱਲੋਂ ਬਰਸਾਤੀ ਪਾਣੀ ਦੀ ਸੰਭਾਲ ਲਈ ਕੋਈ ਠੋਸ ਉਪਰਾਲਾ ਨਹੀਂ ਕੀਤਾ ਜਾਂਦਾ।

***

## ਕਈ ਸੂਬਿਆਂ 'ਚ ਬਰਸਾਤ

ਥਾਂ-ਥਾਂ ਸੜਕਾਂ ਦੇ ਟੁੱਟਣ, ਕੰਧਾਂ ਅਤੇ ਮਕਾਨਾਂ ਦੇ ਡਿੱਗਣ ਅਤੇ ਲੋਕਾਂ ਦੇ ਰੁੜ੍ਹ ਜਾਣ ਦੀਆਂ ਖ਼ਬਰਾਂ ਲਗਾਤਾਰ ਆ ਰਹੀਆਂ ਹਨ। ਅਨੇਕਾਂ ਥਾਂਵਾਂ 'ਤੇ ਬਰਸਾਤੀ ਪਾਣੀ ਵਿੱਚ ਕਾਰਾਂ ਅਤੇ ਹੋਰ ਵਾਹਨ ਡੁੱਬੇ ਹੋਏ ਦਿਖਾਈ ਦਿੰਦੇ ਹਨ। ਕੁਦਰਤੀ ਆਫ਼ਤਾਂ ਵਿੱਚ ਬਦਲਣ ਵਾਲੇ ਮੀਂਹ ਤੋਂ ਬਚਾਅ ਦੇ ਪ੍ਰਬੰਧ ਅਧੂਰੇ ਹੀ ਰਹਿ ਗਏ ਹਨ।

***

## ਅਮਰੀਕਾ ਦੇ ਵਰਮਾਂਟ ਸੂਬੇ 'ਚ ਆਇਆ

ਗੁਆਂਢੀ ਦੇਸ਼ ਕੈਨੇਡਾ ਵਿੱਚ ਵੀ ਭਾਰੀ ਮੀਂਹ ਕਾਰਨ 600 ਦੇ ਕਰੀਬ ਲੋਕਾਂ ਨੂੰ ਘਰ ਛੱਡਣਾ ਪਿਆ ਹੈ। ਕੈਨੇਡਾ ਦੇ ਕਿਊਬਿਕ ਸ਼ਹਿਰ ਵਿੱਚ ਪਿਛਲੇ 48 ਘੰਟਿਆਂ ਵਿੱਚ 5.5 ਇੰਚ ਮੀਂਹ ਪਿਆ ਹੈ, ਜਿਸ ਕਾਰਨ ਦਰਿਆ ਦੇ ਪਾਣੀ ਦਾ ਪੱਧਰ ਤੇਜ਼ੀ ਨਾਲ ਵੱਧ ਰਿਹਾ ਹੈ।

**ਪੀਣ ਵਾਲੇ ਪਾਣੀ ਦੇ ਦੂਸ਼ਿਤ ਹੋਣ ਦਾ ਖ਼ਤਰਾ**

ਮੌਸਮ ਦੇ ਕਾਰਨ ਵਰਮੌਂਟ ਦੇ ਸ਼ਹਿਰ ਮੌਂਟਪੇਲੀਅਰ ਵਿੱਚ ਯਾਤਰਾ 'ਤੇ ਪਾਬੰਦੀ ਲਗਾਈ ਗਈ ਸੀ। ਇਸ ਤੋਂ ਇਲਾਵਾ ਹੜ੍ਹਾਂ ਕਾਰਨ ਪੀਣ ਵਾਲਾ ਪਾਣੀ ਦੂਸ਼ਿਤ ਹੋਣ ਦਾ ਖ਼ਦਸ਼ਾ ਹੈ। ਸੀਐਨਐਨ ਮੁਤਾਬਕ ਮੌਂਟਪੇਲੀਅਰ ਦੇ ਅਧਿਕਾਰੀਆਂ ਨੇ ਕਿਹਾ ਕਿ ਸ਼ਹਿਰ ਵਿੱਚ ਮੀਂਹ ਨੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸੋਮਵਾਰ ਨੂੰ ਇੱਥੇ 5.28 ਇੰਚ ਮੀਂਹ ਦਰਜ ਕੀਤਾ ਗਿਆ।

ਗਵਰਨਰ ਸਕਾਟ ਨੇ ਦੱਸਿਆ ਕਿ ਇਸ ਤੋਂ ਪਹਿਲਾਂ 2011 'ਚ ਅਮਰੀਕਾ 'ਚ ਅਜਿਹਾ ਨਜ਼ਾਰਾ ਦੇਖਣ ਨੂੰ ਮਿਲਿਆ ਸੀ, ਜਦੋਂ 2011 'ਚ ਹਰੀਕੇਨ ਆਇਰੀਨ ਅਮਰੀਕਾ 'ਚ ਆਈ ਸੀ। ਉਸ ਸਮੇਂ ਆਏ ਹੜ੍ਹਾਂ ਵਿੱਚ ਕਈ ਭਾਈਚਾਰਿਆਂ ਦੇ ਲੋਕ ਡੁੱਬ ਗਏ ਸਨ। ਪੂਰਬੀ ਰਾਜਾਂ ਵਿੱਚ ਤੂਫ਼ਾਨ ਕਾਰਨ ਕਰੀਬ 40 ਲੋਕਾਂ ਦੀ ਮੌਤ ਹੋ ਗਈ ਸੀ।

ਉਸੇ ਸਾਲ ਦੀ ਸ਼ੁਰੂਆਤ ਵਿੱਚ ਕੈਲੀਫੋਰਨੀਆ ਵਿੱਚ ਵਾਯੂਮੰਡਲ ਦਰਿਆ ਕਾਰਨ ਹੜ੍ਹ ਆ ਗਿਆ ਸੀ। ਇਸ 'ਚ ਕਰੀਬ 20 ਲੋਕਾਂ ਦੀ ਮੌਤ ਹੋ ਗਈ ਸੀ। ਦੋ ਹਫ਼ਤਿਆਂ ਵਿੱਚ, 8 ਵਾਯੂਮੰਡਲ ਦਰਿਆਵਾਂ ਤੋਂ 75 ਹਜ਼ਾਰ ਲੋਕਾਂ ਲਈ ਚੇਤਾਵਨੀ ਜਾਰੀ ਕੀਤੀ ਗਈ ਸੀ। ਇਸ ਦੌਰਾਨ 1000 ਦੇ ਕਰੀਬ ਦਰੱਖਤ ਡਿੱਗ ਗਏ। ਕੈਲੀਫੋਰਨੀਆ 'ਚ ਭਾਰੀ ਮੀਂਹ, ਤੂਫਾਨ ਅਤੇ ਹੜ੍ਹਾਂ ਕਾਰਨ 2 ਲੱਖ ਕਰੋੜ ਰੁਪਏ (30 ਅਰਬ ਡਾਲਰ) ਦੇ ਨੁਕਸਾਨ ਦੀ ਸੰਭਾਵਨਾ ਹੈ।

***

## ਸਰਕਾਰਾਂ ਦੀ ਅਣਗਹਿਲੀ

ਸਾਲ ਹੀ ਪੈਂਦੀ ਭਰਵੀਂ ਬਰਸਾਤ ਕਾਰਨ ਪੰਜਾਬ ਦੇ ਵੱਡੀ ਗਿਣਤੀ ਇਲਾਕਿਆਂ 'ਚ ਹੜ੍ਹਾਂ ਵਰਗੀ ਸਥਿਤੀ ਬਣ ਜਾਂਦੀ ਹੈ ਅਤੇ ਇਹਨਾਂ ਸਰਕਾਰਾਂ ਦੀ ਅਣਗਹਿਲੀ ਦਾ ਖਮਿਆਜਾ ਆਮ ਲੋਕ ਭੁਗਤਦੇ ਹਨ। ਹੈਰਾਣੀ ਦੀ ਗਲ ਹੈ ਕਿ ਪੰਜਾਬ ਵਿੱਚ ਪਹਿਲਾਂ ਵੀ ਕਈ ਵਾਰ ਹੜ੍ਹ ਆ ਚੁੱਕੇ ਹਨ ਪਰ ਇਹਨਾਂ ਹੜ੍ਹਾਂ ਤੋਂ ਬਚਾਓ ਦੇ ਸਮਰਥ ਉਪਰਾਲੇ ਕਰਨ ਵਿੱਚ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਪੂਰੀ ਤਰਾਂ ਫੇਲ ਹੋ ਗਈਆਂ ਹਨ, ਜਿਸ ਕਾਰਨ ਹੜ੍ਹਾਂ ਦਾ ਸੰਤਾਪ ਹੰਡਾਉਣ ਲਈ ਪੰਜਾਬੀ ਮਜ਼ਬੂਰ ਹੋ ਰਹੇ ਹਨ।

## ਭਾਰਤ 'ਚ ਕਈ ਵਾਰ ਆ ਚੁੱਕੇ ਹਨ ਹੜ੍ਹ

ਸਭ ਤੋਂ ਭਿਆਨਕ ਹੜ੍ਹ ਦੱਸਿਆ ਸੀ। ਇਸ ਹੜ੍ਹ ਵਿੱਚ ਕਰੀਬ 1287 ਲੋਕਾਂ ਦੀ ਜਾਨ ਚਲੀ ਗਈ ਸੀ।

26 ਜੁਲਾਈ 2006 ਨੂੰ ਭਾਰੀ ਮੀਂਹ ਕਾਰਨ ਪੂਰਾ ਮੁੰਬਈ ਰੁਕ ਗਿਆ। ਇੱਥੇ 24 ਘੰਟੇ ਲਗਾਤਾਰ ਮੀਂਹ ਪਿਆ। ਇਸ ਦੌਰਾਨ 944 ਮਿਲੀਮੀਟਰ ਮੀਂਹ ਪਿਆ, ਜੋ ਪਿਛਲੇ 100 ਸਾਲਾਂ ਵਿੱਚ ਸਭ ਤੋਂ ਵੱਧ ਸੀ। ਇਸ ਬਾਰਿਸ਼ 'ਚ ਹਜ਼ਾਰਾਂ ਲੋਕ ਫਸ ਗਏ ਸਨ, 26 ਜੁਲਾਈ 2005 ਨੂੰ ਹੋਈ ਬਾਰਿਸ਼ 'ਚ ਘੱਟੋ-ਘੱਟ 1000 ਲੋਕਾਂ ਦੀ ਜਾਨ ਚਲੀ ਗਈ ਸੀ। ਇਸ ਮੀਂਹ ਨੇ 1400 ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ।

ਸਾਲ 2015 ਵਿੱਚ ਨਵੰਬਰ ਦੇ ਅਖੀਰ ਅਤੇ ਦਸੰਬਰ ਦੇ ਸ਼ੁਰੂ ਵਿੱਚ ਲਗਾਤਾਰ ਮੀਂਹ ਪੈਣ ਕਾਰਨ ਤਾਮਿਲਨਾਡੂ ਵਿੱਚ ਭਿਆਨਕ ਹੜ੍ਹ ਆਇਆ ਸੀ। ਇਸ ਹੜ੍ਹ ਨਾਲ 18 ਲੱਖ ਲੋਕ ਪ੍ਰਭਾਵਿਤ ਹੋਏ ਸਨ ਅਤੇ ਘੱਟੋ-ਘੱਟ 470 ਲੋਕਾਂ ਦੀ ਮੌਤ ਹੋ ਗਈ ਸੀ, ਜਦੋਂ ਕਿ 40,000 ਤੋਂ ਵੱਧ ਲੋਕ ਹੜ੍ਹਾਂ ਕਾਰਨ ਬੇਘਰ ਹੋ ਗਏ ਸਨ।

ਸਾਲ 2018 'ਚ ਕੇਰਲ 'ਚ ਭਾਰੀ ਮੀਂਹ ਦੇਖਣ ਨੂੰ ਮਿਲਿਆ। ਇਸ ਕਾਰਨ 1924 ਤੋਂ ਬਾਅਦ ਇਸ ਦੱਖਣੀ ਰਾਜ ਵਿੱਚ ਸਭ ਤੋਂ ਭਿਆਨਕ ਹੜ੍ਹ ਆਇਆ। ਇਸ ਹੜ੍ਹ ਵਿੱਚ 400 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਅਤੇ 10 ਲੱਖ ਤੋਂ ਵੱਧ ਲੋਕ ਬੇਘਰ ਹੋਣ ਲਈ ਮਜਬੂਰ ਹੋਏ।







## ਅਜੀਤ ਡੋਵਾਲ

ਕਿ ਬਰਤਾਨੀਆ ਦੇ ਨਾਲ ਨਾਲ ਅਮਰੀਕਾ, ਕੈਨੇਡਾ ਤੇ ਆਸਟਰੇਲੀਆ ਵਿੱਚ ਖਾਲਿਸਤਾਨੀ ਹਮਾਇਤੀ ਭਾਰਤ ਦੇ ਸੀਨੀਅਰ ਦੂਤਾਂ ਖ਼ਿਲਾਫ਼ ਹਿੰਸਕ ਮੁਜ਼ਾਹਰੇ ਕਰ ਰਹੇ ਹਨ। ਭਾਰਤ ਪਹਿਲਾਂ ਹੀ ਇਨ੍ਹਾਂ ਮੁਲਕਾਂ ਨੂੰ ਆਪਣੇ ਡਿਪਲੋਮੈਟਾਂ ਤੇ ਮਿਸ਼ਨਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਹਿ ਚੁੱਕਾ ਹੈ। ਬਰਤਾਨੀਆ ਸਰਕਾਰ ਤੋਂ ਇਨ੍ਹਾਂ ਤੱਤਾਂ ਖ਼ਿਲਾਫ਼ ਡਿਪੋਰਟ ਕਰਨ ਜਾਂ ਕਾਨੂੰਨੀ ਕੇਸ ਚਲਾਉਣ ਜਿਹੀ ਸਖ਼ਤ ਜਨਤਕ ਕਾਰਵਾਈ ਕਰਨ ਦੀ ਅਪੀਲ ਕੀਤੀ।' ਦੋਵਾਂ ਧਿਰਾਂ ਨੇ ਖਾੜਕੂ ਤੇ ਫੰਡਿੰਗ ਦਾ ਮੁਕਾਬਲਾ ਕਰਨ ਲਈ ਮਿਲ ਕੇ ਕੰਮ ਕਰਨ 'ਤੇ ਸਹਿਮਤੀ ਜ਼ਾਹਿਰ ਕੀਤੀ ਸੀ।

***

## ਲੋਕ ਸਭਾ ਸੀਟਾਂ ਦੀ ਵੰਡ ਤੇ ਸਾਂਝੇ ਸਿਵਲ ਕੋਡ

ਜਲੰਧਰ ਲੋਕ ਸਭਾ ਉਪ-ਚੋਣਾਂ ਨੇ ਇਹ ਸਾਬਤ ਵੀ ਕਰ ਦਿੱਤਾ ਹੈ ਕਿ ਅੱਜ ਦੀਆਂ ਹਾਲਤਾਂ ਵਿੱਚ ਦੋਵੇਂ ਪਾਰਟੀਆਂ ਇਕੱਲੇ ਤੌਰ 'ਤੇ ਸੱਤਾ ਦੀ ਕੁਰਸੀ ਤੱਕ ਪਹੁੰਚਣ ਦੇ ਸਮਰੱਥ ਨਹੀਂ ਹਨ। ਯਾਦ ਰਹੇ ਕਿ ਹੁਣੇ ਜਿਹੇ ਹੋਈ ਜਲੰਧਰ ਲੋਕ ਸਭਾ ਉਪ ਚੋਣ ਵਿੱਚ ਆਮ ਆਦਮੀ ਪਾਰਟੀ ਦੀ ਜਿੱਤ ਹੋਈ ਸੀ ਅਤੇ ਉਸ ਦੇ ਉਮੀਦਵਾਰ ਨੂੰ 34.05% ਵੋਟਾਂ ਮਿਲੀਆਂ ਸਨ। ਸ਼੍ਰੋਮਣੀ ਅਕਾਲੀ ਦਲ ਨੂੰ 17.85% ਅਤੇ ਭਾਜਪਾ ਨੂੰ 15.19% ਵੋਟਾਂ ਮਿਲੀਆਂ। ਇਹ ਗਣਿਤ ਦਰਸਾਉਂਦਾ ਹੈ ਕਿ ਜੇਕਰ ਅਕਾਲੀ-ਭਾਜਪਾ ਗਠਜੋੜ ਮੌਜੂਦ ਹੁੰਦਾ ਅਤੇ ਪੂਰਾ ਜ਼ੋਰ ਲਗਾ ਦਿੰਦਾ ਤਾਂ ਜਿੱਤ-ਹਾਰ ਦਾ ਦ੍ਰਿਸ਼ ਪੂਰੀ ਤਰ੍ਹਾਂ ਬਦਲ ਸਕਦਾ ਸੀ। ਅਕਾਲੀ ਦਲ ਇਸ ਵੇਲੇ ਭਾਜਪਾ ਨੂੰ 5 ਤੋਂ 6 ਲੋਕ ਸਭਾ ਸੀਟਾਂ ਦੇਣ ਲਈ ਮੰਨ ਸਕਦਾ ਹੈ। ਇਨ੍ਹਾਂ ਵਿੱਚ ਭਾਜਪਾ ਵੱਲੋਂ ਪਹਿਲਾਂ ਲੜੀਆਂ ਜਾਂਦੀਆਂ ਗੁਰਦਾਸਪੁਰ, ਪਠਾਨਕੋਟ ਤੇ ਹੁਸ਼ਿਆਰਪੁਰ ਤੋਂ ਇਲਾਵਾ ਪਟਿਆਲਾ, ਜਲੰਧਰ ਅਤੇ ਲੁਧਿਆਣਾ ਸੀਟਾਂ ਸ਼ਾਮਿਲ ਹੋ ਸਕਦੀਆਂ ਹਨ। ਪਰ ਅਕਾਲੀ ਦਲ ਦੀ ਵੱਡੀ ਸ਼ਰਤ ਇਹ ਹੋਵੇਗੀ ਕਿ ਜੇਕਰ ਭਾਜਪਾ ਨੂੰ ਲੋਕ ਸਭਾ ਦੀਆਂ 6 ਸੀਟਾਂ ਦੇਣੀਆਂ ਵੀ ਪੈਣ ਤਾਂ ਉਹ 6 ਸੀਟਾਂ ਵਿੱਚ ਪੈਂਦੀਆਂ 54 ਵਿਧਾਨ ਸਭਾ ਸੀਟਾਂ ਨਹੀਂ ਸਗੋਂ ਵਿਧਾਨ ਸਭਾ ਚੋਣਾਂ ਵਿੱਚ 40 ਕੁ ਸੀਟਾਂ 'ਤੇ ਹੀ ਸਬਰ ਕਰੇ ਅਤੇ ਮੁੱਖ ਮੰਤਰੀ ਦਾ ਅਹੁਦਾ ਅਕਾਲੀ ਦਲ ਲਈ ਰਹੇ ਅਤੇ ਇਹ ਗੱਲ ਪਹਿਲਾਂ ਹੀ ਸਮਝੌਤੇ ਦਾ ਹਿੱਸਾ ਬਣੇ। ਅਜਿਹੀ ਸੂਰਤ ਵਿੱਚ ਇੱਕ ਲੋਕ ਸਭਾ ਸੀਟ ਅਤੇ 9 ਜਾਂ 10 ਵਿਧਾਨ ਸਭਾ ਸੀਟਾਂ ਬਸਪਾ ਨੂੰ ਦੇਣ ਦੀ ਗੱਲ ਵੀ ਵਿਚਾਰੀ ਜਾਵੇਗੀ, ਕਿਉਂਕਿ ਬਾਦਲ ਦਲ ਬਸਪਾ ਨੂੰ ਨਹੀਂ ਛੱਡਣਾ ਚਾਹੁੰਦਾ।

ਅਕਾਲੀਆਂ ਨਾਲ ਮਸਲਾ ਨਿਬੇੜਨ ਤੋਂ ਪਹਿਲਾਂ ਭਾਜਪਾ ਕੋਈ ਐਲਾਨ ਨਹੀਂ ਕਰਨਾ ਚਾਹੁੰਦੀ ਪਰ ਅਕਾਲੀ ਦਲ ਦੇ ਮਹਾਰਥੀ ਬਲਵਿੰਦਰ ਸਿੰਘ ਭੂੰਦੜ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਵਿਰਸਾ ਸਿੰਘ ਵਲਟੋਹਾ, ਬਿਕਰਮ ਸਿੰਘ ਮਜੀਠੀਆ, ਮਹੇਸ਼ ਇੰਦਰ ਸਿੰਘ ਗਰੇਵਾਲ, ਦਲਜੀਤ ਸਿੰਘ ਚੀਮਾ, ਸਿਕੰਦਰ ਸਿੰਘ ਮਲੂਕਾ ਅਤੇ ਸੁਰਜੀਤ ਸਿੰਘ ਰੱਖੜਾ ਭਾਜਪਾ ਨਾਲ ਸਮਝੌਤਾ ਕਰਨ ਦੇ ਹੱਕ ਵਿੱਚ ਹਨ। ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਹੁਣੇ ਜਿਹੇ ਹੋਈ ਬਾਦਲ ਦਲ ਦੀ ਮੀਟਿੰਗ ਦੌਰਾਨ ਭਾਜਪਾ ਨਾਲ ਗੱਠਜੋੜ ਸੰਬੰਧੀ ਕੋਈ ਵਿਚਾਰ ਵਟਾਂਦਰਾ ਨਹੀਂ ਹੋਇਆ। ਪਾਰਟੀ ਨੂੰ ਆਮ ਆਦਮੀ ਪਾਰਟੀ ਦੀ ਧੱਕੇਸ਼ਾਹੀ ਤੇ ਲੋਕ ਵਿਰੋਧੀ ਫ਼ੈਸਲਿਆਂ ਵਿਰੁੱਧ ਲਾਮਬੰਦ ਕਰਨ ਸੰਬੰਧੀ ਵਿਚਾਰ-ਵਟਾਂਦਰੇ ਕੀਤੇ ਗਏ ਹਨ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦ ਮੈਂਬਰ ਪ੍ਰੇਮ ਸਿੰਘ ਚੰਦੂਮਾਜਰਾ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਭਾਜਪਾ ਨਾਲ ਚੋਣ ਸਮਝੌਤੇ ਦੀਆਂ ਸੰਭਾਵਨਾਵਾਂ ਨੂੰ ਸਿਰੇ ਤੋਂ ਨਕਾਰਿਆ ਨਹੀਂ ਜਾ ਸਕਦਾ ਪਰ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੋਈ ਵੀ ਚੋਣ ਸਮਝੌਤਾ ਸੂਬੇ ਦੇ ਹਿੱਤਾਂ ਨੂੰ ਮੁੱਖ ਰੱਖਦਿਆਂ ਸਿਧਾਂਤਾਂ 'ਤੇ ਆਧਾਰਿਤ ਹੋਵੇਗਾ। ਇੱਕ ਗੱਲ ਹੋਰ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੇ ਸਹਿਯੋਗੀ ਰਹੇ ਪੁਰਾਣੇ ਅਕਾਲੀ ਆਪਣੇ ਤਜਰਬੇ ਤੋਂ ਚੰਗੀ ਤਰ੍ਹਾਂ ਜਾਣਦੇ ਹਨ ਕਿ ਇਸ ਵਾਰ ਸਿਆਸੀ ਹਾਲਾਤ ਬਦਲ ਗਏ ਹਨ। ਸੁਖਬੀਰ ਸਿੰਘ ਬਾਦਲ ਦੀ ਪ੍ਰਕਾਸ਼ ਸਿੰਘ ਬਾਦਲ ਵਰਗੀ ਭਾਜਪਾ ਸਾਹਮਣੇ ਸਿਆਸੀ ਇਮੇਜ ਨਹੀਂ ਹੈ। ਉਸ ਨੂੰ ਆਪਣੀ ਸਿਆਸੀ ਪੁਨਰ ਸੁਰਜੀਤੀ ਖੁਦ ਕਰਨੀ ਪਵੇਗੀ। ਪੰਥਕ ਤੇ ਪੰਜਾਬ ਮਸਲਿਆਂ ਉਪਰ ਦ੍ਰਿੜਤਾ ਨਾਲ ਪਹਿਰਾ ਦੇਣਾ ਪਵੇਗਾ। ਇਸ ਦੇ ਨਾਲ ਹੀ ਯੂਨੀਫ਼ਾਰਮ ਸਿਵਲ ਕੋਡ 'ਤੇ ਦ੍ਰਿੜਤਾ ਨਾਲ ਸਟੈਂਡ ਲੈਣਾ ਪਵੇਗਾ। ਜੇਕਰ ਸੁਖਬੀਰ ਸਿੰਘ ਬਾਦਲ ਅਜਿਹਾ ਨਹੀਂ ਕਰਦੇ ਤਾਂ ਭਾਜਪਾ ਨਾਲ ਸਮਝੌਤਾ ਕਰਨ ਦਾ ਫਾਇਦਾ ਨਹੀਂ ਹੋਵੇਗਾ।

ਬੀਬੀ ਕਿਰਨਜੋਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਰਾਜਾਂ ਦੇ ਵਧ ਅਧਿਕਾਰਾਂ ਉਪਰ ਪਹਿਰਾ ਦੇਣਾ ਚਾਹੀਦਾ ਹੈ। ਯੂਨੀਫ਼ਾਰਮ ਸਿਵਲ ਕੋਡ ਤੇ ਸਿੱਖ ਨੌਜਵਾਨਾਂ ਦੀ ਰਿਹਾਈ ਦਾ ਮਸਲਾ ਕੇਂਦਰ ਦੀ ਭਾਜਪਾ ਸਰਕਾਰ ਕੋਲੋਂ ਹਲ ਕਰਵਾਉਣਾ ਚਾਹੀਦਾ ਹੈ। ਅਕਾਲੀ ਦਲ ਨੂੰ ਪੰਥਕ ਤੇ ਪੰਜਾਬ ਮਸਲਿਆਂ ਉਪਰ ਆਪ ਪਹਿਰਾ ਦੇ ਕੇ ਨਵੇਂ ਪੰਥਕ ਤੇ ਕਿਸਾਨੀ ਚਿਹਰਿਆਂ ਨੂੰ ਅੱਗੇ ਲਿਆਕੇ ,ਨਵੀਂ ਲੀਡਰਸ਼ਿਪ ਵਿੱਚ ਇਜਾਫਾ ਕਰਕੇ ਆਪਣਾ ਆਧਾਰ ਮਜ਼ਬੂਤ ਕਰੇ। ਭਾਜਪਾ ਨਾਲ ਸਮਝੌਤਾ ਸਿਧਾਂਤ ਤੋਂ ਡਿਗ ਕੇ ਨਹੀਂ ਕਰਨਾ ਚਾਹੀਦਾ।

ਪੰਥਕ ਆਗੂ ਬਾਬਾ ਸਰਬਜੋਤ ਸਿੰਘ ਬੇਦੀ ਨੇ ਕਿਹਾ ਕਿ ਬਾਦਲ ਦਲ ਲਈ ਭਾਜਪਾ ਨਾਲ ਸਮਝੌਤਾ ਕਰਨਾ ਸੌਖਾ ਨਹੀਂ ਹੈ। ਅਕਾਲੀ ਦਲ ਦੀ ਸਰਕਾਰ ਅੱਗੇ ਮੰਗ ਹੋਵੇ ਡਿਬਰੂਗੜ ਸਮੇਤ ਸਾਰੇ ਬੰਦੀ ਸਿਖ ਰਿਹਾਅ ਕੀਤੇ ਜਾਣ। ਸਿੱਖਾਂ ਦੇ ਧਾਰਮਿਕ ਮਾਮਲਿਆਂ ਤੇ ਪੰਥਕ ਸੰਸਥਾਵਾਂ ਵਿੱਚ ਸਰਕਾਰੀ ਦਖਲਅੰਦਾਜ਼ੀ ਬੰਦ ਕੀਤੀ ਜਾਵੇ। ਸੁਖਬੀਰ ਬਾਦਲ ਪ੍ਰਧਾਨਗੀ ਤਿਆਗ ਕੇ ਕਿਸੇ ਪੰਥਕ ਸੋਚ ਵਾਲੇ ਨੌਜਵਾਨ ਨੂੰ ਅੱਗੇ ਲਿਆਵੇ। ਸੁਖਬੀਰ ਸਿੰਘ ਬਾਦਲ ਅਕਾਲੀ ਦਲ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਵੇ। ਅਕਾਲ ਤਖਤ ਸਾਹਿਬ ਉਪਰ ਜਾਕੇ ਆਪਣੇ ਗੁਨਾਹ ਤੇ ਭੁੱਲਾਂ ਬਖ਼ਸ਼ਾਉਣੀਆਂ ਚਾਹੀਦੀਆਂ ਹਨ। ਕਮਜ਼ੋਰ ਅਕਾਲੀ ਦਲ ਕਿਸੇ ਨਾਲ ਸਮਝੌਤਾ ਕਰ ਲਵੇ ਕੋਈ ਪ੍ਰਾਪਤੀ ਨਹੀਂ ਕਰ ਸਕੇਗਾ। ਅਕਾਲੀ ਦਲ ਨੂੰ ਪਰਿਵਾਰਵਾਦ ਤੋਂ ਬਚਣ ਦੀ ਲੋੜ ਹੈ। ਅਕਾਲੀ ਦਲ ਨੂੰ ਨਵੇਂ ਪੰਥਕ ਚਿਹਰਿਆਂ, ਨਵੇਂ ਪੰਜਾਬ ਏਜੰਡੇ ਦੀ ਲੋੜ ਹੈ। ਸ਼੍ਰੋਮਣੀ ਕਮੇਟੀ ਨੂੰ ਪੰਥਕ ਸੰਸਥਾਵਾਂ ਦੇ ਸਹਿਯੋਗ ਨਾਲ ਪ੍ਰਚਾਰ ਕਰਨ ਦੀ ਲੋੜ ਹੈ ਤਾਂ ਜੋ ਸੰਗਤ ਤੇ ਸਿੱਖੀ ਮਜ਼ਬੂਤ ਹੋ ਸਕੇ। ਪੰਥਕ ਸੰਸਥਾਵਾਂ ਨੂੰ ਸਰਕਾਰੀ ਦਖਲ ਅੰਦਾਜ਼ੀ ਤੋਂ ਬਚਾਉਣ ਦੀ ਲੋੜ ਹੈ। ਫਿਰ ਉਹ ਆਪਣੀਆਂ ਸ਼ਰਤਾਂ ਉਪਰ ਕਿਸੇ ਵੀ ਪਾਰਟੀ ਨਾਲ ਸਮਝੌਤਾ ਕਰੇ।

***

## ਸ਼ੰਘਾਈ ਸਹਿਯੋਗ ਸੰਗਠਨ ਬਹੁਧਰੁਵੀ

ਬਣਾਉਣ ਲਈ ਦ੍ਰਿੜ ਹੈ।ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਕਿਹਾ ਕਿ ਚੀਨ ਆਪਣੇ ਗਲੋਬਲ ਡਿਵੈਲਪਮੈਂਟ ਇਨੀਸ਼ੀਏਟਿਵ ਨੂੰ ਲਾਗੂ ਕਰਨ ਲਈ ਤਿਆਰ ਹੈ ਤਾਂ ਜੋ ਇਕਪਾਸੜ ਪਾਬੰਦੀਆਂ ਤੇ ਪੱਛਮੀ ਸਰਵਉੱਚਤਾ ਦੇ ਖ਼ਿਲਾਫ਼ ਸੰਘਰਸ਼ ਕੀਤਾ ਜਾ ਸਕੇ।

ਇਹ ਸਪੱਸ਼ਟ ਹੈ ਕਿ ਸ਼ੰਘਾਈ ਕੋਆਪਰੇਸ਼ਨ ਆਰਗ਼ੇਨਾਈਜ਼ੇਸ਼ਨ ਵਿੱਚ ਸ਼ਾਮਲ ਦੇਸ਼ਾਂ ਨੇ ਪੱਛਮੀ ਸਰਵਉੱਚਤਾ ਨੂੰ ਖਤਮ ਕਰਨ ਦਾ ਆਪਣਾ ਉਦੇਸ਼ ਸਪਸ਼ਟ ਕੀਤਾ ਹੈ। ਭਾਰਤ ਨੂੰ ਛੱਡ ਕੇ ਬਾਕੀ ਮੈਂਬਰ ਦੇਸ਼ਾਂ ਨੇ ਇਸ ਕੰਮ ਵਿੱਚ ਚੀਨ ਦੀ ਅਗਵਾਈ ਨੂੰ ਇਕ ਤਰ੍ਹਾਂ ਨਾਲ ਸਵੀਕਾਰ ਕਰ ਲਿਆ ਹੈ। ਸੰਮੇਲਨ ਤੋਂ ਬਾਅਦ ਜਾਰੀ ਕੀਤੇ ਗਏ ਦਿੱਲੀ ਐਲਾਨਨਾਮੇ ਵਿੱਚ ਵੀ ਇਹੀ ਤੱਥ ਝਲਕਦਾ ਹੈ।

ਇੱਥੇ ਵਰਣਨਯੋਗ ਹੈ ਕਿ ਇਸ ਗੱਲ ਨੂੰ ਕਹਿਣ ਦੇ ਲਈ ਮੈਨੀਫੈਸਟੋ ਵਿੱਚ ਐਸਸੀਓ ਦੇ ਛੇ ਮੈਂਬਰ ਦੇਸ਼ਾਂ ਦਾ ਨਾਂ ਲੈ ਕੇ ਜ਼ਿਕਰ ਕੀਤਾ ਗਿਆ ਸੀ। ਸੱਤਵਾਂ ਮੈਂਬਰ ਦੇਸ਼ ਖੁਦ ਚੀਨ ਹੈ, ਜਿਸ ਦਾ ਆਪਣਾ ਬੀਆਰਆਈ ਅਰਥਾਤ ਬੈਲਟ ਐਂਡ ਰੋਡ ਇਨੀਸ਼ੀਏਟਿਵ ਪ੍ਰਾਜੈਕਟ ਹੈ। ਅੱਠਵਾਂ ਮੈਂਬਰ ਦੇਸ਼ ਭਾਰਤ ਹੈ। ਕਿਉਂਕਿ ਭਾਰਤ ਇਸ ਪ੍ਰੋਜੈਕਟ ਦਾ ਵਿਰੋਧ ਕਰ ਰਿਹਾ ਹੈ, ਇਸ ਲਈ ਐਲਾਨਨਾਮੇ ਵਿੱਚ 'ਸਾਰੇ ਮੈਂਬਰ ਦੇਸ਼' ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾ ਸਕਦੀ ਹੈ। ਇਸ ਲਈ ਬਾਕੀ ਦੇਸ਼ਾਂ ਦਾ ਨਾਂ ਲੈਕੇ ਜ਼ਿਕਰ ਕੀਤਾ ਗਿਆ।

ਬੈਲਟ ਐਂਡ ਰੋਡ ਇਨੀਸ਼ੀਏਟਿਵ ਪ੍ਰਾਜੈਕਟ 'ਤੇ ਭਾਰਤ ਦੇ ਇਤਰਾਜ਼ ਦੇ ਜਾਇਜ਼ ਕਾਰਨ ਹਨ। ਚੀਨ-ਪਾਕਿਸਤਾਨ ਇਕਨਾਮਿਕ ਕੋਰੀਡੋਰ (ਸੀਪੀਈਸੀ) ਬੈਲਟ ਐਂਡ ਰੋਡ ਇਨੀਸ਼ੀਏਟਿਵ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਇਸ ਪ੍ਰੋਜੈਕਟ ਦੇ ਤਹਿਤ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ ਨਿਰਮਾਣ ਕੀਤਾ ਗਿਆ ਹੈ। ਭਾਰਤ ਇਸ ਨੂੰ ਆਪਣੀ ਪ੍ਰਭੂਸੱਤਾ ਦੀ ਉਲੰਘਣਾ ਮੰਨਦਾ ਹੈ ਪਰ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਸਿਰਫ਼ ਚੀਨ ਅਤੇ ਪਾਕਿਸਤਾਨ ਹੀ ਨਹੀਂ, ਸਗੋਂ ਰੂਸ ਸਮੇਤ ਹੋਰ ਮੈਂਬਰ ਦੇਸ਼ਾਂ ਨੇ ਇਸ ਮੁੱਦੇ 'ਤੇ ਭਾਰਤ ਦੀ ਚਿੰਤਾ ਨੂੰ ਪੂਰੀ ਤਰ੍ਹਾਂ ਅੱਖੋਂ ਪਰੋਖੇ ਕਰ ਦਿੱਤਾ ਹੈ। ਉਨ੍ਹਾਂ ਨੇ ਖੁੱਲ੍ਹ ਕੇ ਬੈਲਟ ਐਂਡ ਰੋਡ ਇਨੀਸ਼ੀਏਟਿਵ ਲਈ ਆਪਣਾ ਸਮਰਥਨ ਦਿੱਤਾ ਹੈ।

ਇਸ ਦੌਰਾਨ ਅਮਰੀਕਾ ਨੇ ਏਸ਼ੀਆ-ਪ੍ਰਸ਼ਾਂਤ ਖੇਤਰ ਵਿੱਚ ਚੀਨ ਨੂੰ ਘੇਰਨ ਦੀ ਆਪਣੀ ਰਣਨੀਤੀ ਵਿੱਚ ਭਾਰਤ ਨੂੰ ਪ੍ਰਮੁੱਖ ਸਥਾਨ ਦੇਣ ਦੀ ਨੀਤੀ ਅਪਣਾਈ। ਇਸ ਦੇ ਤਹਿਤ ਪ੍ਰਧਾਨ ਮੰਤਰੀ ਮੋਦੀ ਨੂੰ ਮਈ 'ਚ ਜੀ-7 ਦੇਸ਼ਾਂ ਦੀ ਸ਼ਿਖਰ ਬੈਠਕ ਲਈ ਹੀਰੋਸ਼ੀਮਾ ਬੁਲਾਇਆ ਗਿਆ ਸੀ। ਫਿਰ 22 ਜੂਨ ਨੂੰ ਉਨ੍ਹਾਂ ਨੂੰ ਰਾਜ ਦੇ ਦੌਰੇ 'ਤੇ ਵ੍ਹਾਈਟ ਹਾਊਸ ਬੁਲਾਇਆ ਗਿਆ, ਜਿੱਥੇ ਅਮਰੀਕਾ ਦੀਆਂ ਦੋਵੇਂ ਵੱਡੀਆਂ ਪਾਰਟੀਆਂ ਦੀ ਲੀਡਰਸ਼ਿਪ ਨੇ ਮੋਦੀ ਦਾ ਸਵਾਗਤ ਕੀਤਾ। ਅਮਰੀਕਾ ਦੀ ਬੇਚੈਨੀ ਦੇ ਜਵਾਬ ਵਿੱਚ ਭਾਰਤ ਸਰਕਾਰ ਨੇ ਇਹ ਸੰਕੇਤ ਦੇਣ ਦੀ ਕੋਸ਼ਿਸ਼ ਕੀਤੀ ਕਿ ਉਹ ਉਸਦੀ ਸਰਵਉੱਚਤਾ ਨੂੰ ਕਮਜ਼ੋਰ ਕਰਨ ਦੇ ਯਤਨਾਂ ਵਿੱਚ ਭਾਈਵਾਲ ਨਹੀਂ ਹੈ। ਸ਼ਾਇਦ ਇਸੇ ਲਈ ਭਾਰਤ ਨੇ ਅਚਾਨਕ ਐਸਸੀਓ ਸੰਮੇਲਨ ਵਿੱਚ ਭਾਰਤ ਸਪਸ਼ਟ ਫੈਸਲਾ ਨਹੀਂ ਲੈ ਸਕਿਆ। ਭਾਰਤ ਲਈ ਹੁਣ ਨਿਰਪੱਖ ਰਹਿਣਾ ਉਸ ਲਈ ਸੰਕਟ ਸਿਰਜੇਗਾ। ਕਹਿਣ ਦਾ ਭਾਵ ਇਹ ਹੈ ਕਿ ਦੋ ਧਰੁਵਾਂ ਰੂਸ -ਚੀਨ ਬਨਾਮ ਅਮਰੀਕਾ ਵਿੱਚ ਵੰਡੀ ਹੋਈ ਦੁਨੀਆਂ ਵਿੱਚ ਹੁਣ ਭਾਰਤ ਲਈ ਲਾਹਾ ਲੈਣ ਦੇ ਦਿਨ ਪੁੱਗ ਗਏ ਹਨ। ਦਰਅਸਲ, ਹੁਣ ਅਜਿਹੀ ਕੋਸ਼ਿਸ਼ ਨੁਕਸਾਨਦੇਹ ਹੋ ਸਕਦੀ ਹੈ।

***

## ਮਨੀਪੁਰ ਹਿੰਸਾ ਬਾਰੇ ਅਮਰੀਕੀ ਰਾਜਦੂਤ ਦੀ

ਇਹ ਕਹਿ ਕੇ ਗੱਲ ਟਾਲ ਦਿੱਤੀ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਕਿਸੇ ਦੇਸ਼ ਦੇ ਘਰੇਲੂ ਮਾਮਲਿਆਂ ਵਿੱਚ ਕਿਸੇ ਰਾਜਦੂਤ ਦੀ ਦਖਲਅੰਦਾਜ਼ੀ ਕਿੰਨੀ ਵੱਡੀ ਹੁੰਦੀ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਵੀ ਓਪੇਕ ਜਾਂ ਖਾੜੀ ਦੇਸ਼ਾਂ ਦੀ ਕੋਈ ਹੋਰ ਸੰਸਥਾ ਕਸ਼ਮੀਰ ਦੇ ਮੁੱਦੇ 'ਤੇ ਭਾਰਤ ਦੇ ਖ਼ਿਲਾਫ਼ ਬੋਲਦੀ ਹੈ ਤਾਂ ਭਾਰਤ ਸਰਕਾਰ ਇਸ ਮਾਮਲੇ ਵਿੱਚ ਭਾਰੀ ਪ੍ਰਤੀਕਰਮ ਦਿੰਦੀ ਹੈ ਪਰ ਭਾਰਤ ਦੇ ਅੰਦਰ ਰਹਿ ਕੇ ਇੱਕ ਵਿਅਕਤੀ ਭਾਰਤ ਬਾਰੇ ਬੋਲ ਰਿਹਾ ਹੈ ਪਰ ਸਰਕਾਰ ਇਸ 'ਤੇ ਪ੍ਰਤੀਕਰਮ ਵੀ ਨਹੀਂ ਦਿੰਦੀ। ਇਸ ਨੂੰ ਕਿਵੇਂ ਦੇਖਿਆ ਜਾਵੇ ।ਇਹ ਇੱਕ ਗੱਲ ਦਾ ਸੰਕੇਤ ਜ਼ਰੂਰ ਦੇ ਰਿਹਾ ਹੈ ਕਿ ਭਾਰਤ ਦੀ ਵਿਦੇਸ਼ ਨੀਤੀ ਵਿੱਚ ਆਜ਼ਾਦੀ ਹੁਣ ਇਤਿਹਾਸ ਦਾ ਇੱਕ ਸ਼ਬਦ ਬਣਨ ਜਾ ਰਹੀ ਹੈ।

***

## ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਖ਼ਾਲਸਾ

ਇਨ੍ਹਾਂ ਵਿਚੋਂ 'ਖਾਲਸਾ ਏਡ' ,ਯੂਨਾਈਟਿਡ ਸਿੱਖ ਪ੍ਰਮੁੱਖ ਹਨ। ਸਰਕਾਰ ਅਤੇ ਪ੍ਰਸ਼ਾਸਨ ਭਾਵੇਂ ਜੋ ਵੀ ਕਰ ਰਿਹਾ ਹੈ, ਪਰ ਹੜ੍ਹ ਪੀੜਤਾਂ ਨੂੰ ਇਨ੍ਹਾਂ ਸੰਸਥਾਵਾਂ ਦਾ ਵੀ ਵੱਡਾ ਸਹਿਯੋਗ ਹੈ। ਜ਼ਿਆਦਾਤਰ ਲੋਕਾਂ ਦੀ ਆਸਥਾ ਪੰਥਕ ਜਥੇਬੰਦੀਆਂ 'ਤੇ ਟਿਕੀ ਹੋਈ ਹੈ।

### ਸਰਕਾਰ ਹੋਈ ਸਰਗਰਮ

ਮੁੱਖ ਮੰਤਰੀ ਭਗਵੰਤ ਮਾਨ ਨੇ ਅਧਿਕਾਰੀਆਂ ਨੂੰ ਨੁਕਸਾਨ ਦਾ ਜਾਇਜ਼ਾ ਲੈਣ ਦੀ ਹਦਾਇਤ ਕੀਤੀ ਹੈ। ਸਰਕਾਰ ਛੇਤੀ ਹੀ ਫ਼ਸਲੀ ਨੁਕਸਾਨ ਦੀ ਗਿਰਦਾਵਰੀ ਕਰਾਉਣ ਦੇ ਰੌਂਅ ਵਿੱਚ ਹੈ। ਚਾਰ ਦਿਨਾਂ ਦੇ ਮੀਂਹ ਤੋਂ ਝੰਬੇ ਲੋਕਾਂ ਨੂੰ ਰਾਹਤ ਦੇਣ ਵਾਸਤੇ ਸਰਕਾਰੀ ਅਪਰੇਸ਼ਨ ਚੱਲ ਰਹੇ ਹਨ। ਫ਼ੌਜ ਦੀਆਂ ਦਰਜਨ ਟੁਕੜੀਆਂ ਰੋਪੜ, ਪਟਿਆਲਾ, ਫ਼ਤਿਹਗੜ੍ਹ ਸਾਹਿਬ, ਮੁਹਾਲੀ, ਫ਼ਿਰੋਜ਼ਪੁਰ, ਜਲੰਧਰ ਅਤੇ ਪਠਾਨਕੋਟ ਵਿੱਚ ਰਾਹਤ ਕਾਰਜਾਂ ਵਿੱਚ ਜੁਟੀਆਂ ਹੋਈਆਂ ਹਨ ਜਦੋਂ ਕਿ ਕੌਮੀ ਆਫ਼ਤ ਪ੍ਰਬੰਧਨ ਫੋਰਸ ਦੀਆਂ 14 ਅਤੇ ਐੱਸਡੀਆਰਐੱਫ ਦੀਆਂ ਦੋ ਟੀਮਾਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਤਾਇਨਾਤ ਹਨ। ਪੰਜਾਬ ਸਰਕਾਰ ਨੇ ਕਰੀਬ ਨੌਂ ਹਜ਼ਾਰ ਤੋਂ ਵੱਧ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਦਾ ਦਾਅਵਾ ਕੀਤਾ ਹੈ। ਵੇਰਵਿਆਂ ਅਨੁਸਾਰ ਸਤਲੁਜ ਦਰਿਆ ਦਾ ਪਾਣੀ ਰੋਪੜ ਕੋਲ ਹੁਣ 42 ਹਜ਼ਾਰ ਕਿਊਸਿਕ ਰਹਿ ਗਿਆ ਹੈ ਜੋ 1.80 ਲੱਖ ਕਿਊਸਿਕ 'ਤੇ ਪੁੱਜ ਗਿਆ ਸੀ।

***

## ਵੱਖ-ਵੱਖ ਦੇਸ਼ਾਂ 'ਚ ਜਾਰੀ ਹੈ ਪ੍ਰਾਈਵੇਟ ਆਰਮੀ

ਮੁੱਖ ਦੋ ਅਜਿਹੀਆਂ ਨਿੱਜੀ ਫੌਜਾਂ ਹਨ, ਜੋ ਬੀਤੇ ਸਾਲਾਂ ਦੌਰਾਨ ਕਾਫ਼ੀ ਵਿਵਾਦਤ ਰਹੀਆਂ ਹਨ। ਵੈਸੇ ਤਾਂ ਇਸ ਦੀ ਸ਼ੁਰੂਆਤ ਨੱਬੇ ਦੇ ਦਹਾਕੇ ਤੋਂ ਮੰਨੀ ਜਾਂਦੀ ਹੈ ਪਰ ਜੇਕਰ ਦੁਨੀਆ ਦੇ ਪੁਰਾਤਨ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਅਜਿਹੇ ਭਾੜੇ ਦੇ ਸਿਪਾਹੀ ਅਤੇ ਫੌਜਾਂ ਦੁਨੀਆ ਭਰ ਤੋਂ ਪੈਸੇ ਲੈ ਕੇ ਭਾਰਤ ਸਮੇਤ ਵੱਖ-ਵੱਖ ਦੇਸ਼ਾਂ 'ਚ ਆਪਣੇ ਮਾਲਕਾਂ ਲਈ ਲੜਦੇ ਰਹੇ ਹਨ।

ਪ੍ਰਾਈਵੇਟ ਫੌਜ ਦੀਆਂ ਬਹੁਤ ਸਾਰੀਆਂ ਗਤੀਵਿਧੀਆਂ ਹਮੇਸ਼ਾ ਵਿਵਾਦਗ੍ਰਸਤ ਰਹੀਆਂ ਹਨ, ਜਿਵੇਂ ਕਿ ਸਤੰਬਰ 2007 ਵਿੱਚ ਇਰਾਕ ਦੀ ਰਾਜਧਾਨੀ ਬਗਦਾਦ ਵਿੱਚ ਇੱਕ ਕਤਲੇਆਮ, ਜਿਸ ਵਿੱਚ ਅਮਰੀਕੀ ਨਿੱਜੀ ਸੁਰੱਖਿਆ ਕੰਪਨੀ ਬਲੈਕ ਵਾਟਰ ਵਰਡ ਵਾਈਟ ਦੇ ਸਿਪਾਹੀ ਸ਼ਾਮਲ ਸਨ। ਇਨ੍ਹਾਂ ਨੂੰ ਅਮਰੀਕੀ ਸਰਕਾਰ ਨੇ ਇਰਾਕ ਵਿੱਚ ਸੁਰੱਖਿਆ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਠੇਕਾ ਦਿੱਤਾ ਗਿਆ ਸੀ।

ਇਹ ਦੋਸ਼ ਲਗਾਇਆ ਗਿਆ ਹੈ ਕਿ ਬਲੈਕ ਵਾਟਰ ਦੇ ਕਰਮਚਾਰੀਆਂ ਨੇ ਇੱਕ ਆ ਰਹੇ ਵਾਹਨ ਤੋਂ ਖਤਰਾ ਮਹਿਸੂਸ ਕੀਤਾ ਅਤੇ ਭੀੜ ਵਾਲੇ ਚੌਰਾਹੇ 'ਤੇ ਗੋਲੀਬਾਰੀ ਕੀਤੀ, ਜਿਸ ਨਾਲ 17 ਨਾਗਰਿਕ ਮਾਰੇ ਗਏ ਅਤੇ ਕਈ ਹੋਰ ਜ਼ਖਮੀ ਹੋ ਗਏ। ਜਿਸ ਵਿੱਚ ਸਾਰੇ ਮਰਦ, ਔਰਤਾਂ ਅਤੇ ਬੱਚੇ ਵੀ ਸ਼ਾਮਲ ਸਨ। ਬਾਅਦ ਵਿੱਚ ਕੀਤੀ ਗਈ ਜਾਂਚ ਤੋਂ ਪਤਾ ਲੱਗਾ ਕਿ ਇਸ ਕਾਫਲੇ ਤੋਂ ਕੋਈ ਪ੍ਰਤੱਖ ਖ਼ਤਰਾ ਨਹੀਂ ਸੀ। ਇਸ ਘਟਨਾ ਦੀ ਪੂਰੀ ਦੁਨੀਆ ਵਿੱਚ ਨਿੰਦਾ ਹੋਈ ਸੀ। ਇਸ ਘਟਨਾ ਤੋਂ ਬਾਅਦ ਜੰਗ ਦੇ ਮੈਦਾਨ ਵਿੱਚ ਨਿੱਜੀ ਫੌਜੀ ਕੰਪਨੀਆਂ ਦੀ ਨਿਗਰਾਨੀ ਨੂੰ ਲੈ ਕੇ ਵਿਆਪਕ ਬਹਿਸ ਛਿੜ ਗਈ ਸੀ, ਉਨ੍ਹਾਂ 'ਤੇ ਪਾਬੰਦੀ ਲਗਾਉਣ ਦੀ ਮੰਗ ਵੀ ਉੱਠੀ ਸੀ ਪਰ ਅਜਿਹਾ ਨਹੀਂ ਹੋਇਆ।

ਅਮਰੀਕਾ, ਰੂਸ ਤੋਂ ਇਲਾਵਾ ਆਸਟ੍ਰੇਲੀਆ ਵਿੱਚ ਯੂਨਿਟੀ ਰਿਸੋਰਸ ਗਰੁੱਪ ਨਾਂ ਦੀ ਇਕ ਪ੍ਰਾਈਵੇਟ ਫੌਜ ਹੈ, ਜਿਸ ਵਿੱਚ ਦੁਨੀਆ ਭਰ ਦੇ 1200 ਤੋਂ ਵੱਧ ਫੌਜੀ ਸ਼ਾਮਲ ਹਨ, ਇਸ ਦੀ ਪੂਰੀ ਜ਼ਿੰਮੇਵਾਰੀ ਅਮਰੀਕਾ, ਆਸਟ੍ਰੇਲੀਆ ਅਤੇ ਗ੍ਰੇਟ ਬ੍ਰਿਟੇਨ ਦੇ ਸੇਵਾਮੁਕਤ ਅਫਸਰਾਂ ਨੂੰ ਦਿੱਤੀ ਜਾਂਦੀ ਹੈ। ਆਸਟ੍ਰੇਲੀਆ ਦੇ ਨਾਲ-ਨਾਲ ਇਹ ਗਰੁੱਪ ਅਫ਼ਰੀਕਾ, ਅਮਰੀਕਾ, ਯੂਰਪ ਅਤੇ ਮੱਧ ਏਸ਼ੀਆ ਵਿੱਚ ਵੀ ਕੰਮ ਕਰਦਾ ਹੈ।

ਏਜੀਸ ਡਿਫੈਂਸ ਸਰਵਿਸਿਜ਼ ਇੱਕ ਬ੍ਰਿਟਿਸ਼ ਨਿੱਜੀ ਫੌਜੀ ਅਤੇ ਨਿੱਜੀ ਸੁਰੱਖਿਆ ਕੰਪਨੀ ਹੈ ਜਿਸ ਦੇ ਅਫ਼ਗਾਨਿਸਤਾਨ, ਸੰਯੁਕਤ ਅਰਬ ਅਮੀਰਾਂ, ਇਰਾਕ, ਸਾਊਦੀ ਅਰਬ, ਲੀਬੀਆ, ਸੋਮਾਲੀਆ ਅਤੇ ਮੋਜ਼ਾਮਬੀਕ ਵਿੱਚ ਵਿਦੇਸ਼ੀ ਦਫ਼ਤਰ ਹਨ। ਇਹ ਫੌਜ ਸਾਲ 2002 ਦੌਰਾਨ ਸ਼ੁਰੂ ਕੀਤੀ ਗਈ ਸੀ। ਇਸ ਦਾ ਮੁੱਖ ਦਫ਼ਤਰ ਲੰਡਨ, ਯੂਨਾਈਟਿਡ ਕੰਡਮ ਵਿੱਚ ਸਥਿਤ ਹੈ। ਮੌਜੂਦਾ ਸਮੇਂ ਵਿੱਚ ਇਸ ਫੌਜ ਵਿੱਚ ਲਗਭਗ 5000 ਸੈਨਿਕ ਹਨ, ਜੋ ਪੂਰੇ ਅਫ਼ਗਾਨਿਸਤਾਨ ਅਤੇ ਬਹਿਰੀ ਵਿਚ ਫੈਲੇ ਹੋਏ ਹਨ।

ਬਰਤਾਨੀਆ ਵਿੱਚ ਅਜਿਹੀਆਂ ਕਈ ਨਿੱਜੀ ਫ਼ੌਜਾਂ ਹਨ। ਯੂਕੇ ਦੀ ਇੱਕ ਹੋਰ ਪ੍ਰਾਈਵੇਟ ਆਰਮੀ ਅਰਿਨੀ ਇੰਟਰਨੈਸ਼ਨਲ ਹੈ, ਜਿਸ ਦਾ ਹੈੱਡਕੁਆਟਰ ਦੁਬਲੀ ਵਿੱਚ ਸਥਿਤ ਹੈ। ਇਸ ਫੌਜ ਵਿੱਚ 16 ਹਜ਼ਾਰ ਸੈਨਿਕ ਹਨ। ਇਹ ਫੌਜ ਦੁਨੀਆ ਭਰ 'ਚ 282 ਥਾਂਵਾਂ 'ਤੇ ਤਾਇਨਾਤ ਹੈ ਪਰ ਇਨ੍ਹਾਂ ਦੀ ਸਭ ਤੋਂ ਵੱਡੀ ਟੁਕੜੀ ਅਫ਼ਰੀਕਾ ਵਿੱਚ ਤਾਇਨਾਤ ਹੈ। ਇਸ ਫੌਜ ਦੀ ਵਰਤੋਂ ਕਾਂਗੋ ਗਣਰਾਜ ਵਿੱਚ ਲੋਹੇ, ਤੇਲ ਅਤੇ ਗੈਸ ਪ੍ਰੋਜੈਕਟਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ ਕੀਤੀ ਜਾਂਦੀ ਹੈ।

ਯੂਨਸ ਆਰਮੀ ਵਰਜੀਨੀਆ ਦੀ ਪ੍ਰਾਈਵੇਟ ਡਾਇਨਾਕੋਰਪ 1946 ਵਿੱਚ ਬਣਾਇਆ ਗਿਆ ਸੀ। ਇਸ ਦਾ ਮੁੱਖ ਦਫ਼ਤਰ ਵਰਜੀਨੀਆ ਵਿੱਚ ਸਥਿਤ ਹੈ। ਇਹ 10,000 ਸੈਨਿਕਾਂ ਵਾਲੀ ਇੱਕ ਫੌਜ ਹੈ, ਜੋ ਅਫ਼ਰੀਕਾ, ਪੂਰਬੀ ਯੂਰਪ ਅਤੇ ਲਾਤੀਨੀ ਅਮਰੀਕਾ ਵਿੱਚ ਸਰਗਰਮ ਹੈ। ਇਸ ਨਿਜੀ ਫੌਜ ਨੇ ਪੇਰੂ ਦੇ ਨਸ਼ਾ ਵਿਰੋਧੀ ਮਿਸ਼ਨ ਸਮੇਤ ਸੋਮਾਲੀਆ ਅਤੇ ਸੂਡਾਨ ਵਿੱਚ ਕਈ ਵੱਡੇ ਮਿਸ਼ਨ ਵੀ ਕੀਤੇ ਹਨ। ਇਹ ਫੌਜ ਉਸ ਸਮੇਂ ਸੁਰਖ਼ੀਆਂ 'ਚ ਆਈ ਸੀ ਜਦੋਂ ਇਹ ਕੋਲੰਬੀਆ ਦੇ ਬਾਗੀਆਂ ਨਾਲ ਜੰਗ ਲੜੀ ਜਾ ਰਹੀ ਸੀ।

ਅਮਰੀਕਾ ਦੇ ਕੋਲ ਚਾਰ ਹੋਰ ਪ੍ਰਾਈਵੇਟ ਆਰਮੀ ਗਰੁੱਪ ਹਨ, ਜਿਨ੍ਹਾਂ ਕੋਲ 83 ਹਜ਼ਾਰ ਲੜਾਕੂ ਹਨ। ਅਫ਼ਗਾਨਿਸਤਾਨ ਦੀ ਆਪਣੀ ਨਿੱਜੀ ਫੌਜ ਵੀ ਹੈ, ਜਿਸ ਦਾ ਨਾਂ ਏਸ਼ੀਆ ਸੁਰੱਖਿਆ ਗਰੁੱਪ ਹੈ। ਇਸ ਦਾ ਮੁੱਖ ਦਫ਼ਤਰ ਕਾਬੁਲ ਵਿੱਚ ਬਣਾਇਆ ਗਿਆ ਹੈ। ਇਸ ਫੌਜ ਵਿੱਚ 600 ਜਵਾਨ ਸ਼ਾਮਲ ਕੀਤੇ ਗਏ ਹਨ। ਅਮਰੀਕਾ ਨੇ ਆਪਣੇ ਮਿਸ਼ਨ ਨੂੰ ਕਾਮਯਾਬ ਕਰਨ ਲਈ ਕਈ ਵਾਰ ਇਸ ਫੌਜ ਨੂੰ ਸ਼ਾਮਲ ਕੀਤਾ ਸੀ। ਅਮਰੀਕੀ ਫੌਜ ਨੇ ਏਸ਼ੀਆ ਸੁਰੱਖਿਆ ਸਮੂਹ ਨਾਲ ਕਰੋੜਾਂ ਡਾਲਰ ਦਾ ਇਕਰਾਰਨਾਮਾ ਕੀਤਾ ਹੈ। ਇਸ ਸਮੂਹ ਵਿੱਚ ਭਾੜੇ ਦੇ ਸੈਨਿਕਾਂ ਨੂੰ ਅਮਰੀਕਾ ਦੀ ਨਿੱਜੀ ਫੌਜ ਡਾਇਨਾਕੋਰਪ ਦੁਆਰਾ ਭਰਤੀ ਕੀਤਾ ਜਾਂਦਾ ਹੈ।

ਇਸ ਸਭ ਤੋਂ ਇਲਾਵਾ ਦੁਨੀਆਂ ਭਰ ਵਿੱਚ ਗੈਰ-ਕਾਨੂੰਨੀ ਨਸ਼ਿਆਂ ਦਾ ਵਪਾਰ ਕਰਨ ਵਾਲੇ ਮਾਫੀਆ ਗਿਰੋਹਾਂ ਦੀਆਂ ਆਪਣੀਆਂ ਵੱਡੀਆਂ ਨਿੱਜੀ ਫੌਜਾਂ ਵੀ ਹਨ, ਜਿਨ੍ਹਾਂ ਵਿੱਚ ਕੋਲੰਬੀਆ, ਮੈਕਸੀਕੋ ਅਤੇ ਬ੍ਰਾਜ਼ੀਲ ਵਰਗੇ ਲਾਤੀਨੀ ਅਮਰੀਕੀ ਦੇਸ਼ ਪ੍ਰਮੁੱਖ ਹਨ। ਕੋਲੰਬੀਆ ਦੇ ਇੱਕ ਡਰੱਗ ਮਾਫੀਆ ਬਾਰੇ ਦੱਸਿਆ ਜਾਂਦਾ ਹੈ ਕਿ ਉਸ ਕੋਲ ਅਤਿ ਆਧੁਨਿਕ ਫੌਜੀ ਸਾਜ਼ੋ-ਸਾਮਾਨ ਦੇ ਨਾਲ-ਨਾਲ ਆਪਣਾ ਹੈਲੀਕਾਪਟਰ ਵੀ ਹੈ। ਅਮਰੀਕਾ ਨੇ ਆਪਣੀਆਂ ਵਿਰੋਧੀ ਸਰਕਾਰਾਂ ਨੂੰ ਅਸਥਿਰ ਕਰਨ ਜਾਂ ਡੇਗਣ ਲਈ ਕਈ ਵਾਰ ਇਹਨਾਂ ਨਿੱਜੀ ਫੌਜਾਂ ਦੀ ਵਰਤੋਂ ਕੀਤੀ ਹੈ। ਉਸਨੇ ਇਹ ਪ੍ਰਯੋਗ ਨਿਕਾਰਾਗੁਆ, ਕਿਊਬਾ, ਬੇਨੇਜ਼ੁਲਾ ਵਰਗੇ ਦੇਸ਼ਾਂ ਵਿੱਚ ਕੀਤਾ ਸੀ।

### ਸਰਕਾਰ ਵਿਰੁੱਧ ਲੜ ਰਹੇ ਕਥਿਤ ਬਾਗੀ

ਅਸਲ ਵਿੱਚ, ਉਹ ਭਾੜੇ ਦੇ ਫੌਜੀ ਸਨ, ਜਿਨ੍ਹਾਂ ਨੂੰ ਅਮਰੀਕਾ ਅਤੇ ਹੋਰ ਯੂਰਪੀਅਨ ਦੇਸ਼ਾਂ ਨੇ ਹਰ ਤਰ੍ਹਾਂ ਦੀ ਫੌਜੀ ਅਤੇ ਵਿੱਤੀ ਸਹਾਇਤਾ ਦਿੱਤੀ ਸੀ। ਪ੍ਰੋਫੈਸਰ ਸ਼ਾਨ ਮੈਕਫੈਟ ਅਫ਼ਰੀਕਾ ਦੇ ਕਈ ਦੇਸ਼ਾਂ ਵਿੱਚ ਪ੍ਰਾਈਵੇਟ ਆਰਮੀ ਦਾ ਹਿੱਸਾ ਰਿਹਾ ਹੈ। ਉਹ ਕਹਿੰਦੇ ਹਨ- ਇਨ੍ਹਾਂ ਸੈਨਿਕਾਂ ਦੀ ਕੋਈ ਜਵਾਬਦੇਹੀ ਨਹੀਂ ਹੈ, ਇਸ ਲਈ ਸਰਕਾਰਾਂ ਇਨ੍ਹਾਂ ਦੀ ਵਰਤੋਂ ਕਰਦੀਆਂ ਹਨ।

ਹਾਲਾਂ ਕਿ ਇਨ੍ਹਾਂ ਨਿੱਜੀ ਫੌਜੀ ਕੰਪਨੀਆਂ ਨੂੰ ਨਿਯਮਤ ਕਰਨ ਲਈ ਸੰਯੁਕਤ ਰਾਸ਼ਟਰ ਸਮੇਤ ਅਮਰੀਕਾ, ਬ੍ਰਿਟੇਨ ਅਤੇ ਫਰਾਂਸ ਵਰਗੇ ਦੇਸ਼ਾਂ 'ਚ ਸਖ਼ਤ ਕਾਨੂੰਨ ਹਨ ਪਰ ਇਨ੍ਹਾਂ 'ਚੋਂ ਜ਼ਿਆਦਾਤਰ ਖੁਦ ਇਸ ਦੀ ਪਾਲਣਾ ਨਹੀਂ ਕਰਦੇ। ਹੁਣ ਪੱਛਮੀ ਦੇਸ਼ਾਂ ਖਾਸ ਕਰਕੇ ਅਮਰੀਕਾ ਦੇ ਨਾਗਰਿਕਾਂ ਵਿੱਚ ਜਮਹੂਰੀ ਚੇਤਨਾ ਵੱਧ ਰਹੀ ਹੈ। ਉਹ ਦੁਨੀਆ ਭਰ ਵਿੱਚ ਫੌਜੀ ਦਖ਼ਲ-ਅੰਦਾਜ਼ੀ ਦਾ ਵਿਰੋਧ ਕਰ ਰਹੇ ਹਨ, ਜਿਸ ਕਾਰਨ ਲੋਕ ਫੌਜ ਵਿੱਚ ਭਰਤੀ ਹੋਣ ਦੀ ਰੁਚੀ ਘਟ ਰਹੀ ਹੈ। ਪਹਿਲਾਂ ਅਮਰੀਕਾ ਵਿੱਚ ਕਾਲੇ ਲੋਕ ਵੱਡੀ ਪੱਧਰ 'ਤੇ ਫੌਜ ਵਿੱਚ ਜਾਂਦੇ ਸਨ ਪਰ ਹੁਣ ਉਨ੍ਹਾਂ ਦੀ ਇਸ ਵਿੱਚ ਦਿਲਚਸਪੀ ਵੀ ਘਟਦੀ ਜਾ ਰਹੀ ਹੈ। ਵਿਦੇਸ਼ਾਂ ਵਿੱਚ ਗਏ ਫੌਜੀ ਜਵਾਨਾਂ ਦੇ ਮਾਰੇ ਜਾਣ 'ਤੇ ਇਨ੍ਹਾਂ ਦੇਸ਼ਾਂ ਵਿੱਚ ਵੱਡੇ-ਵੱਡੇ ਵਿਰੋਧ ਪ੍ਰਦਰਸ਼ਨ ਹੁੰਦੇ ਹਨ, ਪਰ ਜਦੋਂ ਭਾੜੇ ਦੇ ਫੌਜੀ ਮਾਰੇ ਜਾਂਦੇ ਹਨ ਤਾਂ ਅਜਿਹਾ ਕੁਝ ਨਹੀਂ ਹੁੰਦਾ। ਇਹ ਉਨ੍ਹਾਂ ਫੌਜੀ ਕੰਪਨੀਆਂ ਦੀ ਜ਼ਿੰਮੇਵਾਰੀ ਹੈ ਜਿਨ੍ਹਾਂ ਦੇ ਉਹ ਕਰਮਚਾਰੀ ਹਨ। ਪੈਨਸ਼ਨ ਆਦਿ ਦੇਣ 'ਚ ਕੋਈ ਦਿੱਕਤ ਨਹੀਂ ਹੈ, ਇਹੀ ਕਾਰਨ ਹੈ ਕਿ ਪੂਰੇ ਯੂਰਪ-ਅਮਰੀਕਾ 'ਚ ਇਨ੍ਹਾਂ ਕਰਿੰਦਿਆਂ ਦੀ ਮੰਗ ਤੇਜ਼ੀ ਨਾਲ ਵਧੀ ਹੈ, ਹਾਲਾਂ ਕਿ ਰੂਸ 'ਚ ਵਾਪਰੀ ਘਟਨਾ ਤੋਂ ਬਾਅਦ ਕਈ ਫੌਜੀ ਮਾਹਿਰਾਂ ਦਾ ਕਹਿਣਾ ਹੈ ਕਿ ਰੂਸ ਵਾਂਗ ਇਹ ਰੁਝਾਨ ਉਨ੍ਹਾਂ ਦੇ ਖ਼ਿਲਾਫ਼ ਹੈ। ਇਹ ਆਪਣੇ ਦੇਸ਼ ਆਪਣੀਆਂ ਸਰਕਾਰਾਂ ਲਈ ਵੀ ਘਾਤਕ ਹੋ ਸਕਦੇ ਹਨ।

## ਜ਼ਾਲਮ ਸਟੇਟ ਨਾਲ ਜੂਝਣ ਵਾਲੀ ਔਰਤਾਂ ਦੀ ਆਜ਼ਾਦੀ

ਸਰਗਰਮੀ ਦੇ ਮਾਰਗ ਲਈ ਇੱਕ ਪ੍ਰੇਰਕ ਸ਼ਕਤੀ ਬਣ ਗਈ। ਕਾਲਜ ਵਿੱਚ ਉਹ ਆਪਣੇ ਪਤੀ ਨੂੰ ਮਿਲੀ, ਜੋ ਇਰਾਨ ਦੇ ਬੌਧਿਕ ਹਲਕਿਆਂ ਵਿੱਚ ਇੱਕ ਜਾਣੀ-ਪਛਾਣੀ ਸ਼ਖਸੀਅਤ ਹੈ, ਜਦੋਂ ਉਹ ਇੱਕ ਭੂਮੀਗਤ ਕਲਾਸ ਵਿੱਚ ਸ਼ਾਮਲ ਹੋਈ ਜਿੱਥੇ ਉਹ ਸਿਵਲ ਸੁਸਾਇਟੀ ਬਾਰੇ ਪੜ੍ਹਾਉਂਦਾ ਸੀ। ਜਦੋਂ ਉਸਨੇ ਪ੍ਰਸਤਾਵ ਦਿੱਤਾ, ਤਾਂ ਉਸ ਦੇ ਮਾਤਾ-ਪਿਤਾ ਨੇ ਉਸ ਨੂੰ ਦੱਸਿਆ ਕਿ ਇੱਕ ਰਾਜਨੀਤਿਕ ਵਿਆਹ ਤਬਾਹੀ ਸੀ। ਮਿਸਟਰ ਰਹਿਮਾਨੀ ਨੇ ਆਪਣੀ ਪਹਿਲੀ ਵਿਆਹ ਦੀ ਵਰ੍ਹੇਗੰਢ ਇਕਾਂਤ ਕੈਦ ਵਿੱਚ ਬਿਤਾਈ। ਪਿਛਲੇ ਸਾਲ ਸਤੰਬਰ ਤੋਂ ਇਸ ਜੋੜੇ ਦੀ ਸਰਗਰਮੀ ਹੋਰ ਵੀ ਜ਼ਰੂਰੀ ਹੋ ਗਈ ਹੈ। ਇਸਲਾਮੀ ਗਣਰਾਜ ਨੂੰ ਖਤਮ ਕਰਨ ਦੀ ਮੰਗ ਨੂੰ ਲੈ ਕੇ ਔਰਤਾਂ ਅਤੇ ਲੜਕੀਆਂ ਦੀ ਅਗਵਾਈ ਵਿੱਚ ਪੂਰੇ ਇਰਾਨ ਵਿੱਚ ਇੱਕ ਵਿਦਰੋਹ ਸ਼ੁਰੂ ਹੋ ਗਿਆ। ਇਹ ਇੱਕ ਮੁਟਿਆਰ, ਮਾਹਸਾ ਅਮੀਨੀ ਦੀ ਈਰਾਨ ਦੇ ਹਿਜਾਬ ਨਿਯਮਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਲਈ ਨੈਤਿਕਤਾ ਪੁਲਿਸ ਦੀ ਹਿਰਾਸਤ ਵਿੱਚ ਮੌਤ ਨਾਲ ਸ਼ੁਰੂ ਹੋਇਆ।

ਨਜ਼ਰਬੰਦੀ ਤੋਂ ਬਾਅਦ ਵੀ, ਮੁਹੰਮਦੀ ਸਿਵਲ ਅਵੱਗਿਆ ਨੂੰ ਉਤਸ਼ਾਹਿਤ ਕਰ ਰਹੀ ਸੀ, ਪ੍ਰਦਰਸ਼ਨਕਾਰੀਆਂ 'ਤੇ ਸਰਕਾਰ ਦੀ ਹਿੰਸਕ ਕਾਰਵਾਈ ਦੀ ਨਿੰਦਾ ਕਰ ਰਹੀ ਸੀ, ਜਿਸ ਵਿੱਚ ਫਾਂਸੀ ਵੀ ਸ਼ਾਮਲ ਸੀ ਅਤੇ ਵਿਸ਼ਵ ਨੇਤਾਵਾਂ ਤੋਂ ਇਰਾਨੀਆਂ ਦੇ ਆਜ਼ਾਦੀ ਦੇ ਸੰਘਰਸ਼ ਵੱਲ ਧਿਆਨ ਦੇਣ ਦੀ ਮੰਗ ਕਰ ਰਹੀ ਸੀ। ਉਸ ਦੇ ਦਹਾਕਿਆਂ-ਲੰਬੇ ਯਤਨਾਂ ਨੇ ਇਨ੍ਹਾਂ ਮੁੱਦਿਆਂ ਬਾਰੇ ਈਰਾਨ ਵਿੱਚ ਜ਼ਮੀਨੀ ਪੱਧਰ 'ਤੇ ਜਾਗਰੂਕਤਾ ਪੈਦਾ ਕਰਨ ਵਿੱਚ ਮਦਦ ਕੀਤੀ ਹੈ। ਉਹ ਕਹਿੰਦੀ ਹੈ ਕਿ ਇਰਾਨ ਨੂੰ ਇੱਕ ਲੋਕਤੰਤਰ ਵਿੱਚ ਬਦਲਣ ਲਈ ਇੱਕ ਮਜ਼ਬੂਤ ਸਿਵਲ ਸੁਸਾਇਟੀ ਦੇ ਵਿਕਾਸ ਦੁਆਰਾ ਦੇਸ਼ ਦੇ ਅੰਦਰੋਂ ਹੀ ਤਬਦੀਲੀ ਆਉਣੀ ਚਾਹੀਦੀ ਹੈ।

ਜੇਲ੍ਹ ਦੇ ਅੰਦਰ ਬਹੁਤ ਸਾਰੇ ਕਾਰਕੁਨਾਂ ਵਾਂਗ, ਨਰਗੇਸ ਨੇ ਅੰਦੋਲਨ ਦਾ ਸਮਰਥਨ ਕਰਨ ਦਾ ਤਰੀਕਾ ਲੱਭ ਕੇ ਆਪਣੇ ਆਪ ਨੂੰ ਇਸ ਵਿੱਚ ਝੋਕ ਦਿੱਤਾ। ਉਸਨੇ ਇੰਟਰਵਿਊ ਦੇ ਲਿਖਤੀ ਹਿੱਸੇ ਵਿੱਚ ਕਿਹਾ, ਅਸੀਂ ਇਰਾਨ ਦੇ ਲੋਕ ਇਸਲਾਮੀ ਗਣਰਾਜ ਦੇ ਧਰਮ ਤੰਤਰ ਤੋਂ ਬਾਹਰ ਹੋ ਰਹੇ ਹਾਂ। ਪਰਿਵਰਤਨ ਇੱਕ ਬਿੰਦੂ ਤੋਂ ਦੂਜੇ ਬਿੰਦੂ ਤੱਕ ਨਹੀਂ ਜਾਵੇਗਾ। ਇਹ ਇੱਕ ਲੰਬੀ ਅਤੇ ਕਠਿਨ ਪ੍ਰਕਿਰਿਆ ਹੋਵੇਗੀ ਪਰ ਸਬੂਤ ਦੱਸਦੇ ਹਨ ਕਿ ਇਹ ਯਕੀਨੀ ਤੌਰ 'ਤੇ ਹੋਵੇਗਾ।

ਮੁਹੰਮਦੀ ਨੇ ਹਮੇਸ਼ਾ ਜੇਲ੍ਹ ਨੂੰ ਸਰਗਰਮੀ ਲਈ ਇੱਕ ਪਲੇਟਫਾਰਮ ਮੰਨਿਆ ਹੈ ਜੋ ਵਿਸ਼ਵ ਵਿੱਚ ਸਕਾਰਾਤਮਕ ਰਾਜਨੀਤਿਕ ਸਰਗਰਮੀ ਦਾ ਇੱਕ ਦੁਰਲੱਭ ਪ੍ਰਤੀਕ ਹੈ। ਉਸ ਦਾ ਸੰਘਰਸ਼ ਸਿੱਖ ਭਾਈਚਾਰੇ ਲਈ ਵੀ ਪ੍ਰੇਰਨਾ ਹੈ ਜੋ ਇੱਕ ਬਹੁਗਿਣਤੀ ਵਾਲੇ ਰਾਜ ਵਿੱਚ ਘੱਟ ਗਿਣਤੀ ਹੋਣ ਕਰਕੇ ਆਪਣੇ ਅਧਿਕਾਰਾਂ ਲਈ ਲੜ ਰਹੇ ਹੈ। ਉਸ ਦੇ ਦੋਸਤਾਂ ਅਤੇ ਸਹਿਕਰਮੀਆਂ ਦਾ ਕਹਿਣਾ ਹੈ ਕਿ ਮੁਹੰਮਦੀ ਦਾ ਸਭ ਤੋਂ ਕਮਾਲ ਦਾ ਗੁਣ ਉਸ ਦਾ ਸ਼ਿਕਾਰ ਹੋਣ ਤੋਂ ਇਨਕਾਰ ਕਰਨਾ ਹੈ। ਫ਼ਾਰਸੀ ਸ਼ਾਸਤਰੀ ਸੰਗੀਤ ਵਿੱਚ ਇੱਕ ਸਿਖਲਾਈ ਪ੍ਰਾਪਤ ਮੁਹੰਮਦੀ ਵਾਰਡ ਵਿੱਚ ਇਕੱਠਾਂ ਦਾ ਆਯੋਜਨ ਕਰਦੀ ਹੈ, ਜਿੱਥੇ ਉਹ ਗਾਉਂਦੀ ਹੈ, ਇੱਕ ਘੜੇ 'ਤੇ ਤਾਲਬੱਧ ਟੋਮਬਾਕ ਵਜਾਉਂਦੀ ਹੈ ਅਤੇ ਦੂਜੀਆਂ ਔਰਤਾਂ ਨਾਲ ਨੱਚਦੀ ਹੈ। ਫ਼ਾਰਸੀ ਨਵੇਂ ਸਾਲ, ਨੌਰੋਜ਼ ਵਿਖੇ ਮਾਰਚ ਵਿੱਚ, ਉਸਨੇ ਇਤਾਲਵੀ ਵਿਰੋਧ ਗੀਤ, ਬੇਲਾ ਚਾਓ ਦੀ ਇੱਕ ਫ਼ਾਰਸੀ ਪੇਸ਼ਕਾਰੀ ਗਾਉਣ ਵਾਲੇ ਇੱਕ ਸਮੂਹ ਦੀ ਅਗਵਾਈ ਕੀਤੀ। ਸ਼੍ਰੀਮਤੀ ਮੁਹੰਮਦੀ ਨੇ ਕਿਹਾ ਕਿ ਜਦੋਂ ਜੇਲ ਕਈ ਸਾਲਾਂ ਤੱਕ ਚਲਦੀ ਹੈ, ਤਾਂ ਤੁਹਾਨੂੰ ਕੈਦ ਦੇ ਅੰਦਰ ਆਪਣੀ ਜ਼ਿੰਦਗੀ ਨੂੰ ਅਰਥ ਦੇਣਾ ਪੈਂਦਾ ਹੈ ਅਤੇ ਪਿਆਰ ਨੂੰ ਜ਼ਿੰਦਾ ਰੱਖਣਾ ਪੈਂਦਾ ਹੈ। ਉਹਨਾਂ ਕਿਹਾ ਕਿ ਮੈਨੂੰ ਦੂਰ ਭਵਿੱਖ 'ਤੇ ਆਪਣੀਆਂ ਨਜ਼ਰਾਂ ਰੱਖਣੀਆਂ ਪੈਣਗੀਆਂ ਭਾਵੇਂ ਕਿ ਜੇਲ੍ਹ ਦੀਆਂ ਕੰਧਾਂ ਉੱਚੀਆਂ ਅਤੇ ਨੇੜੇ ਹੋਣ ਕਰਕੇ ਮੇਰੇ ਦ੍ਰਿਸ਼ ਨੂੰ ਰੋਕ ਰਹੀਆਂ ਹਨ।

***

## ਅਸਲੀ ਦੌਲਤਮੰਦ ਕੌਣ ?

ਤਾਜ਼ੀ ਹਵਾ ਦੇ ਬੁੱਲ੍ਹੇ ਵਾਂਗ। ਦਿਲ ਕਰਦਾ ਹੈ ਅੱਜ ਚੁਣੌਤੀ ਦੇ ਹੀ ਦਿਆਂ ਖੁਦਫ਼ਰੇਬੀ ਵਿਚ ਫਸੀ ਉਸ ਲੋਕਾਈ ਨੂੰ ਜੋ ਕਹਿੰਦੇ ਨੇ ਅਜੋਕੇ ਮਨੁੱਖ ਦੇ ਜੀਵਨ ਵਿੱਚੋਂ ਕਿਰਤ ਦੇ ਅਰਥ ਅਤੇ ਵੰਡ ਕੇ ਖਾਣ ਦਾ ਮਹੱਤਵ ਮਨਫ਼ੀ ਹੋ ਗਿਆ ਹੈ। ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਜਦੋਂ ਤੱਕ ਛੇਦੀ ਰਾਮ ਵਰਗੇ ਇਨਸਾਨ ਇਸ ਧਰਤੀ 'ਤੇ ਨੇ ਨਾ ਇਨਸਾਨੀਅਤ ਮਰ ਸਕਦੀ ਹੈ ਤੇ ਨਾ ਹੀ ਜਗਤ ਗੁਰੂ ਸਤਿਗੁਰੂ ਨਾਨਕ ਦੇਵ ਜੀ ਦੇ ਕਿਰਤ ਕਰੋ ਅਤੇ ਵੰਡ ਕੇ ਛਕੋ ਦੇ ਫਲਸਫ਼ੇ ਨੂੰ ਢਾਹ ਲੱਗ ਸਕਦੀ ਹੈ। ਅਜਿਹੇ ਮਾਣਮੱਤੇ ਸਿਰੜੀ ਲੋਕ ਆਪਣੇ ਇਕ ਕਰਮ ਨਾਲ ਹੀ ਆਲੇ-ਦੁਆਲੇ ਫੈਲੇ ਹਨੇਰੇ ਨੂੰ ਚੀਰ ਜੱਗ ਰੁਸ਼ਨਾ ਦਿੰਦੇ ਨੇ।

ਆਈ. ਆਈ. ਟੀ. ਦੇ ਇਨ੍ਹਾਂ ਪਾੜ੍ਹਿਆਂ ਨੇ ਇੱਥੇ ਰਹਿੰਦਿਆਂ ਆਪਣੇ ਗੁਰੂਆਂ ਕੋਲੋਂ ਸਿਰਫ਼ ਬੌਧਿਕ ਝੋਲੀਆਂ ਹੀ ਨਹੀਂ ਭਰੀਆਂ ਸਗੋਂ ਆਪ ਸੋਚਣ, ਆਪ ਨਿਰਨੇ ਕਰਨ, ਜ਼ਿੰਮੇਵਾਰੀਆਂ ਚੁੱਕਣ ਤੇ ਨਵੇਂ ਦਿਸਹੱਦੇ ਉਸਾਰਨ ਦੇ ਅਹਿਦ ਵੀ ਕੀਤੇ। ਕਿਤਾਬੀ ਗਿਆਨ ਨੂੰ ਸਿਰਫ਼ ਰੁਜ਼ਗਾਰ ਵਿੱਚ ਬਦਲਣ ਦੀ ਜਾਚ ਹੀ ਨਹੀਂ ਸਿੱਖੀ ਸਗੋਂ ਕਿਤਾਬਾਂ ਵਿੱਚੋਂ ਪੜ੍ਹੇ ਅੱਖਰਾਂ ਨੂੰ ਜ਼ਿੰਦਗੀ ਵਿੱਚ ਤਾਮੀਰ ਕਰਨ ਦੇ ਗੁਰ ਵੀ ਸਿੱਖੇ।

ਇਨ੍ਹਾਂ ਪੜ੍ਹਾਕੂਆਂ ਦਾ ਪੜ੍ਹਿਆ ਉਦੋਂ ਪਰਖਿਆ ਗਿਆ ਜਦੋਂ ਆਰਥਿਕ ਤੌਰ 'ਤੇ ਸਵੈ-ਨਿਰਭਰ ਹੋਣ 'ਤੇ ਇਨ੍ਹਾਂ ਰੌਸ਼ਨ ਖਿਆਲ ਚਿਰਾਗਾਂ ਨੇ ਆਪਣੀ ਪਹਿਲੀ ਤਨਖਾਹ ਵਿੱਚੋਂ ਦਸਵੰਦ ਕੱਢ ਕੇ ਕਾਲਜ ਦੇ ਅੰਦਰ ਹੀ ਇਕ ਦੁਕਾਨ ਖਰੀਦੀ ਤੇ ਗਿਆਨ ਦੇ ਚਾਨਣ ਨਾਲ ਭਰਪੂਰ, ਜ਼ਿੰਦਗੀ ਜੀਉਣ ਦੀ ਅਸਲੀ ਜਾਚ ਸਿਖਾਉਣ ਵਾਲੇ ਆਪਣੇ ਸਾਧਨਹੀਣ ਮੁਰਸ਼ਦ ਛੇਦੀ ਰਾਮ ਦੇ ਨਾਂ ਕਰਕੇ ਗੁਰੂ ਦਕਸ਼ਣਾ ਦੀ ਰਵਾਇਤ ਵੀ ਨਿਭਾ ਦਿੱਤੀ। ਜਿੱਥੇ ਇਨਸਾਨੀਅਤ ਪ੍ਰਤੀ ਆਪਣੇ ਫਰਜ਼ਾਂ ਨੂੰ ਨਿਭਾਉਣ ਵਾਲੇ ਛੇਦੀ ਰਾਮ ਅੱਗੇ ਮੇਰਾ ਸਿਰ ਝੁਕਦਾ ਹੈ, ਉੱਥੇ ਭੀੜ ਤੋਂ ਵੱਖਰੇ ਹੋ ਕੇ ਹੰਭਲਾ ਮਾਰਨ ਵਾਲੇ ਇਨ੍ਹਾਂ ਨੌਜਵਾਨਾਂ ਨੂੰ ਵੀ ਸਿਜਦਾ ਕਰਨਾ ਬਣਦਾ ਹੈ।

***

## ਜਦੋਂ ਲਾਟਰੀ ਦੇ ਪੈਸਿਆਂ ਨਾਲ ਬਣੀਆਂ

ਅਰਦੇਸ਼ੀਰ ਦਾ ਸਟੂਡੀਓ ਇੰਪੀਰੀਅਲ ਫਿਲਮ ਕੰਪਨੀ ਦੇ ਲੇਖਕ

ਦੁਆਰਾ ਮਹੀਨਾਵਾਰ ਤਨਖਾਹ 'ਤੇ ਚਲਾਇਆ ਜਾਂਦਾ ਸੀ। ਪੈਸੇ ਦੀ ਕਮੀ ਹੋਣ 'ਤੇ ਅਰਦੇਸ਼ੀਰ ਨੇ ਮੰਟੋ ਦੇ ਲਿਖਣ ਦੇ ਹੁਨਰ ਨੂੰ ਸਮਝਦੇ ਹੋਏ ਉਸ ਨੂੰ ਫਿਲਮ ਲਿਖਣ ਲਈ ਲਿਆ।

ਅਰਦੇਸ਼ੀਰ ਨਹੀਂ ਚਾਹੁੰਦੇ ਸਨ ਕਿ ਫਿਲਮ ਦੇ ਲੇਖਕ ਵਜੋਂ ਉਨ੍ਹਾਂ ਦੇ ਮੁਨਸ਼ੀ ਮੰਟੋ ਦਾ ਨਾਂ ਲਿਖਿਆ ਜਾਵੇ, ਇਸ ਲਈ ਮੰਟੋ ਨੇ ਪ੍ਰੋਫੈਸਰ ਜ਼ਿਆਉਦੀਨ ਦਾ ਨਾਂ ਸੁਝਾਇਆ ਜੋ ਸ਼ਾਂਤੀਨਿਕੇਤਨ ਵਿੱਚ ਫਾਰਸੀ ਪੜ੍ਹਾਉਂਦੇ ਸਨ। ਅਜਿਹੀ ਸਥਿਤੀ ਵਿੱਚ ਕਹਾਣੀ ਦਾ ਸਿਹਰਾ ਪ੍ਰੋ. ਜ਼ਿਆਉਦੀਨ ਕੋਲ ਗਿਆ ਅਤੇ ਮੰਟੋ ਦਾ ਨਾਂ ਪਟਕਥਾ ਵਿੱਚ ਆਇਆ।

ਅਰਦੇਸ਼ੀਰ ਇਰਾਨੀ ਨੇ 25 ਸਾਲਾਂ ਦੇ ਫਿਲਮੀ ਸਫਰ 'ਚ ਲਗਭਗ 158 ਫਿਲਮਾਂ ਬਣਾਈਆਂ ਪਰ ਜਦੋਂ ਵਿਸ਼ਵ ਯੁੱਧ- 2 ਸ਼ੁਰੂ ਹੋਇਆ ਤਾਂ ਅਰਦੇਸ਼ੀਰ ਇਰਾਨੀ ਨੇ ਫਿਲਮਾਂ ਬਣਾਉਣੀਆਂ ਬੰਦ ਕਰ ਦਿੱਤੀਆਂ। ਦੂਰਦਰਸ਼ੀ ਅਰਦੇਸ਼ੀਰ ਦਾ ਮੰਨਣਾ ਸੀ ਕਿ ਜੰਗ ਦਾ ਦੌਰ ਫਿਲਮ ਇੰਡਸਟਰੀ ਲਈ ਚੰਗਾ ਨਹੀਂ ਰਿਹਾ ਅਤੇ ਇਸ ਦੌਰਾਨ ਫਿਲਮ ਬਣਾਉਣ ਵਾਲੇ ਨੂੰ ਨੁਕਸਾਨ ਹੋਵੇਗਾ।

ਅਰਦੇਸ਼ੀਰ ਇਰਾਨੀ ਨੇ ਕੁਝ ਸਾਲਾਂ ਬਾਅਦ ਆਪਣਾ ਸਟੂਡੀਓ ਬੰਦ ਕਰ ਦਿੱਤਾ ਅਤੇ ਆਪਣਾ ਸਮਾਨ ਵੇਚ ਦਿੱਤਾ। ਇਸ ਤੋਂ ਅੱਗੇ ਉਹ ਗ੍ਰਾਮੋਫੋਨ ਏਜੰਸੀ ਅਤੇ ਕਾਰ ਏਜੰਸੀ ਤੋਂ ਕਮਾਈ ਕਰਕੇ ਗੁਜ਼ਾਰਾ ਕਰਦਾ ਸੀ। ਉਸ ਨੇ ਆਪਣੀ ਜ਼ਿੰਦਗੀ ਵਿੱਚ ਵਿਆਹ ਨਹੀਂ ਕਰਵਾਇਆ, ਇਸ ਲਈ ਉਸ ਨੇ ਆਪਣੀ ਜ਼ਿੰਦਗੀ ਦੇ ਆਖਰੀ ਕੁਝ ਸਾਲ ਇਕੱਲੇ ਹੀ ਬਿਤਾਏ। ਅਰਦੇਸ਼ੀਰ ਦੀ 82 ਸਾਲ ਦੀ ਉਮਰ ਵਿੱਚ 14 ਅਕਤੂਬਰ 1969 ਨੂੰ ਮੁੰਬਈ ਵਿੱਚ ਮੌਤ ਹੋ ਗਈ ਸੀ।

***

## ਕ੍ਰਿਕੇਟ ਹਰ ਪਾਸੇ ਤੋਂ ਪ੍ਰਸ਼ੰਸਕਾਂ

ਦਿੰਦੀਆਂ ਹਨ ਕਿ ਕਿਉਂਕਿ ਜ਼ਿਆਦਾਤਰ ਜੱਜ ਇਨ੍ਹਾਂ ਦੇਸ਼ਾਂ ਦੇ ਹਨ, ਇਸ ਲਈ ਕੁਝ ਹੱਦ ਤੱਕ ਪੱਖਪਾਤ ਹੋਣ ਦੀ ਸੰਭਾਵਨਾ ਹੈ।

ਮੁਖੀਆਂ ਦੀ ਚੋਣ ਵਿਚ ਪੱਖਪਾਤ: ਖੇਡ ਸੰਸਥਾਵਾਂ ਦੇ ਮੁਖੀ ਸਿਰਫ਼ ਸੱਤਾਧਾਰੀ ਪਾਰਟੀ ਦੇ ਚਹੇਤੇ ਹੁੰਦੇ ਹਨ। ਉਸ ਨੂੰ ਖੇਡ ਜਾਂ ਇਸ ਦੀਆਂ ਲੋੜਾਂ ਬਾਰੇ ਕੋਈ ਜਾਣਕਾਰੀ ਨਹੀਂ ਹੈ ਅਤੇ ਫਿਰ ਵੀ ਉਸ ਨੂੰ ਉਨ੍ਹਾਂ ਲੋਕਾਂ ਦੀ ਅਗਵਾਈ ਕਰਨ ਲਈ ਚੁਣਿਆ ਜਾਂਦਾ ਹੈ ਜੋ ਖੇਡ ਪ੍ਰਤੀ ਗੰਭੀਰ ਹਨ। ਅਜਿਹੀ ਪ੍ਰਣਾਲੀ ਵਿੱਚ ਅਸੀਂ ਕੀ ਉਮੀਦ ਕਰ ਸਕਦੇ ਹਾਂ ?

ਜੈਨੇਟਿਕ ਅਤੇ ਪੋਸ਼ਣ: ਕੁਝ ਖੋਜਾਂ ਇਹ ਸਾਬਤ ਕਰਦੀਆਂ ਹਨ ਕਿ ਇਹਨਾਂ ਦੇਸ਼ਾਂ ਦੇ ਐਥਲੀਟ ਸਾਡੇ ਲੋਕਾਂ ਨਾਲੋਂ ਜੈਨੇਟਿਕ ਅਤੇ ਸਰੀਰਕ ਤੌਰ 'ਤੇ ਸਿਹਤਮੰਦ ਹਨ। ਉਹਨਾਂ ਨੂੰ ਉਹਨਾਂ ਸਾਰੇ ਜ਼ਰੂਰੀ ਤੱਤਾਂ ਦੇ ਨਾਲ ਸਹੀ ਪੋਸ਼ਣ ਮਿਲਦਾ ਹੈ ਜਿਹਨਾਂ ਦੀ ਇੱਕ ਖਿਡਾਰੀ ਨੂੰ ਲੋੜ ਹੁੰਦੀ ਹੈ ਜਦੋਂ ਕਿ ਸਾਡੇ ਅਥਲੀਟ ਮਜ਼ਬੂਤ ਅਤੇ ਫਿੱਟ ਰਹਿਣ ਲਈ ਉਹਨਾਂ ਦੀਆਂ ਆਪਣੀਆਂ ਛੋਟੀਆਂ ਕੋਸ਼ਿਸ਼ਾਂ 'ਤੇ ਨਿਰਭਰ ਕਰਦੇ ਹਨ।

ਸਾਡੇ ਐਥਲੀਟਾਂ ਨੇ ਭਾਵੇਂ ਬਹੁਤ ਸਾਰੇ ਤਗਮੇ ਨਾ ਜਿੱਤੇ ਹੋਣ, ਪਰ ਉਹ ਜ਼ਰੂਰ ਸਖ਼ਤ ਮਿਹਨਤ ਕਰ ਰਹੇ ਹਨ ਅਤੇ ਵਧੀਆ ਪ੍ਰਦਰਸ਼ਨ ਕਰ ਰਹੇ ਹਨ। ਆਉਣ ਵਾਲੇ ਸਾਲਾਂ ਵਿੱਚ ਆਪਣੀ ਸਿਖਲਾਈ ਲਈ ਖੇਡ ਬੁਨਿਆਦੀ ਢਾਂਚੇ ਅਤੇ ਵਿਸ਼ਵ ਪੱਧਰੀ ਸਹੂਲਤਾਂ 'ਤੇ ਵਧੇਰੇ ਧਿਆਨ ਕੇਂਦ੍ਰਿਤ ਕਰਨ ਦੇ ਨਾਲ, ਇਹ ਐਥਲੀਟ ਭਾਰਤ ਦਾ ਮਾਣ ਵਧਾਉਣਗੇ।

***

## ਰਾਜਪੁਰਾ ਵਿਖੇ ਸਾਵਣ ਕਵੀ ਦਰਬਾਰ

ਬਿਨਾ ਖੋਪੜੀ ਤੋਂ ਕੇਸਾਂ ਸੰਗ ਰਹਿਣਾ ਇੱਕ ਵਿਲੱਖਣ ਸ਼ਹੀਦੀ ਹੈ। ਸਿੱਖ ਧਰਮ ਦੀਆਂ ਸ਼ਹੀਦੀਆਂ ਨੂੰ ਅਰਦਾਸ ਵਿੱਚ ਯਾਦ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਵਾਏ, ਖੋਪੜੀਆਂ ਲੁਹਾਈਆਂ, ਚਰਖੜੀਆਂ 'ਤੇ ਚੜ੍ਹੇ, ਆਰਿਆਂ ਦੇ ਨਾਲ ਚਿਰਾਏ ਗਏ। ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖਾਂ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿੰਨਾਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ।

ਭਾਈ ਸਾਹਿਬ ਦੀ ਵਿਰਾਸਤ ਹੈ ਕਿ 1762 ਵਿੱਚ ਭੰਗੀ ਸਿੱਖ ਸਰਦਾਰਾਂ ਨੇ ਲਾਹੌਰ ਨੂੰ ਜਿੱਤ ਲਿਆ। ਉਹਨਾਂ ਜਨਤਕ ਚੌਂਕ 'ਤੇ ਕਬਜ਼ਾ ਕਰ ਲਿਆ। ਜਿਥੇ ਸਿੰਘਾਂ ਨੂੰ ਸ਼ਹੀਦ ਕੀਤਾ ਜਾਂਦਾ ਸੀ। ਚੌਂਕ ਦੇ ਨਾਲ ਲਗਦੀ ਅਬਦੁਲਾ ਖਾਨ ਮਸਜਿਦ 'ਤੇ ਕਬਜ਼ਾ ਕਰਕੇ ਸ਼ਹੀਦ ਗੰਜ ਗੁਰਦੁਆਰੇ ਵਿੱਚ ਤਬਦੀਲ ਕਰ ਦਿੱਤਾ ਗਿਆ। ਉਸ ਅਸਥਾਨ 'ਤੇ ਗੁਰਦੁਆਰਾ ਸ਼ਹੀਦ ਭਾਈ ਤਾਰੂ ਸਿੰਘ ਨੌਲੱਖਾ ਬਾਜ਼ਾਰ ਵਿੱਚ ਉਸ ਸਥਾਨ ਦੀ ਨਿਸ਼ਾਨਦੇਹੀ ਕਰਦਾ ਹੈ, ਜਿਥੇ ਸਿੰਘ ਦੀ ਖੋਪੜੀ ਅਤੇ ਕੇਸ ਹਟਾਏ ਗਏ ਸਨ।

***

## ਬੀ ਟੈੱਕ ਕਰਕੇ ਖੋਲ੍ਹਿਆ ਕੈਫੇ

ਹੌਲੀ-ਹੌਲੀ ਮੈਂ ਇਨ੍ਹਾਂ ਲੋਕਾਂ ਨੂੰ ਸਿਖਲਾਈ ਦੇਣ ਲੱਗ ਪਿਆ। ਇੱਕ ਮੁੱਖ ਸ਼ੈੱਫ ਨੂੰ ਨਿਯੁਕਤ ਕੀਤਾ, ਜੋ ਅੱਜ ਵੀ ਇੱਥੇ ਕੰਮ ਕਰ ਰਿਹਾ ਹੈ। ਉਨ੍ਹਾਂ ਦੀ ਮਦਦ ਨਾਲ ਮੈਂ ਖੁਦ ਪਕਵਾਨਾਂ ਬਾਰੇ ਸਿੱਖਿਆ, ਸਰੀਰਕ ਤੌਰ 'ਤੇ ਅਪਾਹਜ ਲੋਕਾਂ ਨੂੰ ਵੀ ਸਿਖਾਇਆ। ਇਸ ਦੌਰਾਨ ਇਲਿਆਨਾ ਕੌੜੀ ਲੈ ਕੇ ਆਈ ਹੈ। ਪ੍ਰਿਅੰਕ ਦੱਸਦਾ ਹੈ, ਕਿ ਉਹ ਇੱਕ ਟਰਾਂਸਵੂਮੈਨ ਹੈ। ਕਰੀਬ ਦੋ ਸਾਲ ਪਹਿਲਾਂ ਉਹ ਕਿਤੇ ਹੋਰ ਕੰਮ ਕਰ ਰਹੀ ਸੀ। ਜਦੋਂ ਉਸ ਨੂੰ 'ਨੁੱਕੜ' ਕੈਫੇ ਬਾਰੇ ਪਤਾ ਲੱਗਾ ਤਾਂ ਉਹ ਇਕ ਦੋਸਤ ਦੇ ਹਵਾਲੇ ਨਾਲ ਇੱਥੇ ਆਈ। ਉਦੋਂ ਤੋਂ ਉਹ ਇੱਥੇ ਕੰਮ ਕਰ ਰਹੀ ਹੈ। ਵਰਤਮਾਨ ਵਿੱਚ, ਇਲਿਆਨਾ ਸਾਡੇ ਆਉਟਲੈਟਸ ਵਿੱਚ ਇਕਲੌਤੀ ਟਰਾਂਸਵੂਮੈਨ ਹੈ।

ਉਹ ਕਹਿੰਦਾ ਹੈ, ਜਦੋਂ ਮੈਂ ਆਪਣੇ ਮਾਤਾ-ਪਿਤਾ ਨੂੰ ਕੈਫੇ ਅਤੇ ਇਸ ਦੀ ਥੀਮ ਬਾਰੇ ਦੱਸਿਆ, ਤਾਂ ਹਰ ਕੋਈ ਹੈਰਾਨ ਰਹਿ ਗਿਆ। ਉਹ ਕਹਿੰਦਾ ਸੀ ਕਿ ਇੰਜੀਨੀਅਰਿੰਗ ਕਰ ਕੇ ਕੈਫੇ ਕੌਣ ਚਲਾਉਂਦਾ ਹੈ। ਉਸ ਵਿੱਚ ਵੀ, ਸਰੀਰਕ ਤੌਰ 'ਤੇ ਅਪਾਹਜ ਲੋਕਾਂ ਨਾਲ ਕੰਮ ਕਰਨਾ, ਟਰਾਂਸਜੈਂਡਰਾਂ ਨਾਲ ਕੰਮ ਕਰਨਾ, ਕੈਫੇ ਵਿੱਚ ਕੌਣ ਆਏਗਾ।

ਪਰ ਜਦੋਂ ਮੈਂ ਫੈਸਲਾ ਕੀਤਾ ਕਿ ਮੈਂ ਇਸ ਥੀਮ ਨਾਲ ਇੱਕ ਕੈਫੇ ਖੋਲ੍ਹਣਾ ਚਾਹੁੰਦਾ ਹਾਂ, ਤਾਂ ਉਨ੍ਹਾਂ ਨੇ ਸੋਚਿਆ ਕਿ ਇਹ ਠੀਕ ਹੈ। ਇੱਕ-ਦੋ ਮਹੀਨੇ ਕੈਫੇ ਚਲਾਵਾਂਗੇ, ਫਿਰ ਬੰਦ ਕਰਕੇ ਨੌਕਰੀ ਕਰਨੀ ਸ਼ੁਰੂ ਕਰ ਦੇਵਾਂਗੇ।

ਦਰਅਸਲ ਪਾਪਾ ਚਾਹੁੰਦੇ ਸਨ ਕਿ ਮੈਂ ਸਿਵਲ ਸੇਵਾਵਾਂ ਲਈ ਤਿਆਰੀ ਕਰਾਂ। ਪਰ ਮੈਂ ਕੈਫੇ ਨੂੰ ਸਫਲ ਬਣਾ ਕੇ ਆਪਣੇ ਆਪ ਨੂੰ ਸਾਬਤ ਕਰਨਾ ਚਾਹੁੰਦਾ ਸੀ।

***

## ਅਮਰੀਕਾ 'ਚ ਭਾਰਤੀ ਮੂਲ ਦੇ ਨੌਜਵਾਨ ਦੀ

ਸੀਕਰਟ ਸਰਵਿਸ ਦੇ ਬੁਲਾਰੇ ਐਨਥਨੀ ਗੁਗਲੀਮੀ ਨੇ ਵੈਸਟ ਵਿੰਗ ਲਾਬੀ ਜੋ ਸੈਲਾਨੀਆਂ ਲਈ ਰੀਸੈਪਸ਼ਨ ਕਮਰੇ ਦਾ ਕੰਮ ਕਰਦੀ ਹੈ, ਵਿਚੋਂ ਕੁਕੀਨ ਮਿਲਣ ਦੀ ਪੁਸ਼ਟੀ ਕੀਤੀ ਹੈ। ਜਿਸ ਸਮੇ ਇਹ ਕੁਕੀਨ ਮਿਲੀ ਉਸ ਸਮੇ ਰਾਸ਼ਟਰਪਤੀ ਜੋ ਬਾਈਡਨ ਵਾਈਟ ਹਾਊਸ ਵਿਚ ਨਹੀਂ ਸਨ। ਬਾਅਦ ਵਿਚ ਇਕ ਮੀਟਿੰਗ ਤੋਂ ਪਹਿਲਾਂ ਰਾਸ਼ਟਰਪਤੀ ਕੋਲੋਂ ਇਕ ਪੱਤਰਕਾਰ ਵੱਲੋਂ ਕੁਕੀਨ ਬਰਾਮਦ ਹੋਣ ਬਾਰੇ ਪੁੱਛੇ ਗਏ ਸਵਾਲ ਦਾ ਉਨਾਂ ਨੇ ਕੋਈ ਜਵਾਬ ਨਹੀਂ ਦਿੱਤਾ।

***

## ਅੰਤਰਰਾਸ਼ਟਰੀ ਗਦਰ ਯਾਦਗਾਰੀ ਸਮੂਹ ਦੇ

ਕਰਨੀ। ਸਰਕਾਰੀ ਕੰਮਾਂ ਸੋਸ਼ਲ ਸਿਕਿਓਰਟੀ ਮੈਡੀਕਲ, ਡਾਕਟਰੀ ਆਦਿ ਵਿੱਚ ਮਦਦ ਕਰਨੀ। ਭਾਰਤ ਵਿੱਚ ਲੋੜਵੰਦ ਬਿਮਾਰਾਂ ਦੇ ਇਲਾਜ ਲਈ ਪੈਸੇ ਭੇਜਣੇ। ਲੋੜਵੰਦ ਪਰਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਲਈ ਰਕਮ ਭੇਜਣੀ। ਉਹਨਾਂ ਦੀ ਨਿਸ਼ਕਾਮ ਸੇਵਾ ਬਾਰੇ ਸੁਣਕੇ ਸਭ ਨੇ ਸੰਜੀਦਾ ਸ਼ਲਾਘਾ ਕੀਤੀ।

ਮੰਚ ਸੰਚਾਲਨ ਭਾਈ ਚਰਨਜੀਤ ਸਿੰਘ ਸਮਰਾ ਐਨਸਬਰਾਂਟੇ ਵੱਲੋਂ ਗੁਰਬਾਣੀ ਦੇ ਦ੍ਰਿਸਤਾਤਾਂ ਨਾਲ ਭਾਵਪੂਰਨ ਨਿਭਾਇਆ। ਜਸਵੀਰ ਸਿੰਘ ਤਖਰ, ਜਰਨੈਲ ਸਿੰਘ ਮਿਨਹਾਸ, ਨੈਂਫਊ ਕੋਰੀ ਮਿਨਹਾਸ ਨੇ ਯੋਗ ਪ੍ਰਬੰਧਾਂ ਦੀ ਅਗਵਾਈ ਕੀਤੀ। ਗੁਰਦੁਆਰਾ ਸਾਹਿਬ ਫਰੀਮੌਂਟ ਵਿਖੇ ਹੋਈ ਅੰਤਿਮ ਅਰਦਾਸ ਦੇ ਸੰਪੰਨ ਹੋਣ ਤੇ ਜਸਵਿੰਦਰ ਸਿੰਘ ਜੰਗ ਵਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਅਟਵਾਲ ਸਾਹਿਬ ਆਪਣੇ ਚੰਗੇ ਕੰਮਾਂ ਅਤੇ ਸੇਵਾ ਭਾਵਨਾ ਦੀ ਛੱਡ ਗਏ ਵਿਰਾਸਤ ਲਈ ਹਮੇਸ਼ਾ ਲੋਕ ਦਿਲਾਂ 'ਚ ਰਹਿਣਗੇ।

***

## ਰੂਸ ਨਹੀਂ, ਚੀਨ ਬਣੇਗਾ

ਨਾਟੋ ਨੂੰ ਆਪਣਾ ਪ੍ਰਭਾਵ ਡਰੈਗਨ ਉਪਰ ਪਾਉਣਾ ਚਾਹੀਦਾ ਹੈ, ਕਿਉਂਕਿ ਚੀਨ ਦਾ ਯੂਰਪ ਵੱਲ ਵਧਣਾ ਬੰਦ ਨਹੀਂ ਹੋਵੇਗਾ। ਹਾਲਾਂਕਿ, ਕੁਝ ਦਾ ਮੰਨਣਾ ਹੈ ਕਿ ਨਾਟੋ ਦਾ ਬਾਹਰ ਜਾਣਾ ਅਮਰੀਕੀ ਵਿਦੇਸ਼ ਨੀਤੀ ਲਈ ਕੰਮ ਕਰਨ ਵਰਗਾ ਹੋਵੇਗਾ। ਇਸ ਸਮੇਂ ਵੱਡਾ ਸਵਾਲ ਇਹ ਹੈ ਕਿ ਅਗਲੇ ਦਹਾਕੇ ਵਿੱਚ ਨਾਟੋ ਕਿੱਥੇ ਹੋਵੇਗਾ ?

***

## ਸੱਟੇਬਾਜ਼ਾਂ ਲਈ ਸਵਰਗ ਬਣ ਗਿਐ

ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚ ਗਿਆ। ਪਿਛਲੇ ਹਫਤੇ, ਬਾਜ਼ਾਰ ਦੀ ਧਾਰਨਾ ਅਚਾਨਕ ਉਲਟ ਗਈ. 4 ਜੁਲਾਈ ਨੂੰ ਸੈਂਸੈਕਸ 65,600 ਦੇ ਸਰਵਕਾਲੀ ਉੱਚ ਪੱਧਰ 'ਤੇ ਪਹੁੰਚ ਗਿਆ ਸੀ। ਬੇਸ਼ੱਕ, ਸ਼ੇਅਰ ਕੀਮਤਾਂ ਦੀ ਅਸਥਿਰਤਾ ਦਾ ਉਹਨਾਂ ਸੂਚੀਬੱਧ ਸੈਂਸੈਕਸ ਅਤੇ ਨਿਫਟੀ ਕੰਪਨੀਆਂ ਦੇ ਭੌਤਿਕ ਪ੍ਰਦਰਸ਼ਨ ਨਾਲ ਕੋਈ ਲੈਣਾ-ਦੇਣਾ ਨਹੀਂ ਸੀ। ਇਹ ਕਹਿਣਾ ਕਾਫ਼ੀ ਹੈ ਕਿ 2022-23 ਲਈ ਉਨ੍ਹਾਂ ਦੀ ਕਾਰਪੋਰੇਟ ਵਿੱਤੀ ਕਾਰਗੁਜ਼ਾਰੀ ਜਾਂ ਪ੍ਰਤੀ ਸ਼ੇਅਰ ਕਮਾਈ ਅਤੇ ਭਵਿੱਖ ਦੀਆਂ ਵਪਾਰਕ ਸੰਭਾਵਨਾਵਾਂ ਦਾ ਉਨ੍ਹਾਂ ਦੀਆਂ ਕੀਮਤਾਂ ਜਾਂ ਮੁਨਾਫਾ-ਕਮਾਈ ਅਨੁਪਾਤ ਦੇ ਮਾਮਲੇ ਵਿੱਚ ਮਾਰਕੀਟ ਦੀ ਅਸਥਿਰਤਾ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

ਨਤੀਜੇ ਵਜੋਂ, ਸਟਾਕ ਮਾਰਕੀਟ ਦੀ ਅਸਥਿਰਤਾ ਭਾਰਤੀ ਰੁਪਏ ਨੂੰ ਲਗਾਤਾਰ ਦਬਾਅ ਵਿੱਚ ਰੱਖ ਕੇ ਦੇਸ਼ ਦੀ ਆਰਥਿਕਤਾ ਨੂੰ ਅਸਥਿਰ ਕਰ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਰਿਜ਼ਰਵ ਬੈਂਕ, ਸਰਕਾਰ ਅਤੇ ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਸੇਬੀ) ਨੇ ਜ਼ਿਆਦਾਤਰ ਮੂਕ ਦਰਸ਼ਕ ਬਣ ਕੇ ਕੰਮ ਕੀਤਾ ਹੈ। ਸ਼ੇਅਰ ਵਪਾਰ ਨੂੰ ਅਮਲੀ ਤੌਰ 'ਤੇ ਐਫ.ਪੀ.ਆਈ. ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ, ਜੋ ਭਾਰਤੀ ਬਾਜ਼ਾਰ ਵਿੱਚ ਸਭ ਤੋਂ ਵੱਡੇ ਗੈਰ-ਪ੍ਰਮੋਟਰ ਸ਼ੇਅਰਧਾਰਕ ਹਨ। ਉਹਨਾਂ ਦੇ ਨਿਵੇਸ਼ ਜਾਂ ਵਿਨਿਵੇਸ਼ ਦੇ ਫੈਸਲਿਆਂ ਦਾ ਸ਼ੇਅਰ ਦੀਆਂ ਕੀਮਤਾਂ ਅਤੇ ਮਾਰਕੀਟ ਦੀ ਸਮੁੱਚੀ ਦਿਸ਼ਾ 'ਤੇ ਬਹੁਤ ਵੱਡਾ ਪ੍ਰਭਾਵ ਪੈਂਦਾ ਹੈ।

31 ਮਾਰਚ, 2022 ਤੱਕ, ਐਨਐਸਈ ਸੂਚੀਬੱਧ ਕੰਪਨੀਆਂ ਵਿੱਚ ਐਫਪੀਆਈ ਹੋਲਡਿੰਗਜ਼ 51.99 ਲੱਖ ਕਰੋੜ ਰੁਪਏ ਸੀ। ਨੈਸ਼ਨਲ ਸਕਿਓਰਿਟੀਜ਼ ਡਿਪਾਜ਼ਟਰੀ ਲਿਮਟਿਡ (ਐਨਐਸਡੀਐਲ) ਕੋਲ ਉਪਲਬਧ ਅੰਕੜਿਆਂ ਅਨੁਸਾਰ, ਐਫਪੀਆਈਜ਼ ਦਾ ਇੱਕ ਵੱਡਾ ਹਿੱਸਾ ਅਮਰੀਕਾ ਵਿੱਚ ਹੈ, ਇਸ ਤੋਂ ਬਾਅਦ ਮਾਰੀਸ਼ਸ, ਸਿੰਗਾਪੁਰ ਅਤੇ ਲਕਸਮਬਰਗ ਵਿੱਚ ਹਿਸਾ ਹੈ।

ਐਫਪੀਆਈ ਦੇ ਕੋਲ ਭਾਰਤ ਦੇ ਨਿੱਜੀ ਬੈਂਕਾਂ, ਸੂਚਨਾ ਤਕਨਾਲੋਜੀ ਕੰਪਨੀਆਂ ਅਤੇ ਰਿਲਾਇੰਸ ਇੰਡਸਟਰੀਜ਼ ਵਰਗੀਆਂ ਵੱਡੀਆਂ ਕੰਪਨੀਆਂ ਵਿੱਚ ਵੱਡੀ ਹਿੱਸੇਦਾਰੀ ਹੈ। ਇਹ ਸਾਰੇ ਸੈਕਟਰ ਬਹੁਤ ਵਧੀਆ ਕੰਮ ਨਹੀਂ ਕਰ ਰਹੇ ਹਨ। ਫਿਰ ਵੀ, ਪਿਛਲੇ ਵੀਰਵਾਰ, ਐਫਪੀਆਈ ਦੁਆਰਾ ਭਾਰਤੀ ਬਾਜ਼ਾਰ ਵਿੱਚ ਸ਼ੁੱਧ ਨਿਵੇਸ਼ 2,641.05 ਕਰੋੜ ਰੁਪਏ ਰਿਹਾ, ਜਿਸ ਨੇ ਸ਼ੇਅਰ ਬਾਜ਼ਾਰ ਮਾਰਕੀਟ ਨੂੰ ਰਿਕਾਰਡ ਉੱਚਾਈ ਤੱਕ ਲਿਜਾਣ ਵਿੱਚ ਮਦਦ ਕੀਤੀ।

ਫੋਰੈਕਸ ਅਤੇ ਸਟਾਕ ਦੁਨੀਆ ਦੇ ਦੋ ਸਭ ਤੋਂ ਵੱਧ ਵਪਾਰਕ ਵਿੱਤੀ ਬਾਜ਼ਾਰ ਹਨ। ਦੋ ਬਾਜ਼ਾਰਾਂ ਵਿਚਕਾਰ ਇੱਕ ਸਬੰਧ ਮੌਜੂਦ ਹੈ। ਆਮ ਤੌਰ 'ਤੇ ਤੇਜ਼ੀ ਦੇ ਸ਼ੇਅਰ ਬਾਜ਼ਾਰ ਤੋਂ ਆਰਥਿਕ ਨੀਤੀ ਨਿਰਮਾਤਾਵਾਂ ਨੂੰ ਵਿਆਜ ਦਰਾਂ ਵਧਾਉਣ ਲਈ ਪ੍ਰਭਾਵਿਤ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਕੇਂਦਰੀ ਬੈਂਕ ਨੂੰ ਘੱਟੋ-ਘੱਟ ਅੰਸ਼ਕ ਤੌਰ 'ਤੇ ਹਿੰਸਕ ਸਟਾਕ ਕੀਮਤ ਦੇ ਉਤਰਾਅ-ਚੜ੍ਹਾਅ ਦੀ ਜਾਂਚ ਕਰਨ ਲਈ ਵਿਆਜ ਦਰ ਵਿਧੀ ਦੀ ਵਰਤੋਂ ਕਰਨੀ ਚਾਹੀਦੀ ਹੈ। ਭਾਰਤ ਵਿੱਚ ਸ਼ੇਅਰਾਂ ਦੀ ਕੀਮਤ ਵਿੱਚ ਲਗਾਤਾਰ ਉਤਰਾਅ-ਚੜ੍ਹਾਅ ਬਾਜ਼ਾਰ, ਸੱਚੇ ਨਿਵੇਸ਼ਕਾਂ ਦੇ ਭਰੋਸੇ, ਰੁਪਏ ਦੇ ਵਟਾਂਦਰਾ ਮੁੱਲ ਅਤੇ ਆਰਥਿਕਤਾ ਨੂੰ ਠੇਸ ਪਹੁੰਚਾ ਰਿਹਾ ਹੈ।

***

## ਹਿਮਾਲਿਆ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੇਸਟ

ਦੁਨੀਆਂ ਦੇ ਸਭ ਤੋਂ ਉਚੇ ਮੋਟਰੇਬਲ ਪਾਸ ਉਮਲਿੰਗ ਲਾ19024 ਫੁੱਟ (ਲੇਹ ਲਦਾਖ) 'ਤੇ ਜਾ ਕੇ ਸਿੱਖ ਨਿਸ਼ਾਨ ਸਾਹਿਬ ਲਹਿਰਾਅ ਕੇ ਘੱਟ ਆਕਸੀਜਨ ਦੇ ਰਹਿੰਦੇ ਹੋਏ ਗਤਕੇ ਦਾ ਪ੍ਰਦਰਸ਼ਨ ਕਰਕੇ ਵਿਸ਼ਵ ਰਿਕਾਰਡ ਬਣਾਇਆ। ਉਹਨਾਂ ਦਸਿਆ ਕਿ 182 ਸਾਲ ਪਹਿਲਾਂ ਇਹ ਸਥਾਨ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਸਿੱਖ ਸਾਮਰਾਜ ਦਾ ਹਿਸਾ ਹੋਇਆ ਕਰਦਾ ਸੀ। ਜਨਰਲ ਜੋਰਾਵਰ ਸਿੰਘ ਨੇ ਲੇਹ ਲੱਦਾਖ, ਮਾਨ ਸਰੋਵਰ , ਕੈਲਾਸ਼, ਤਿੱਬਤ 'ਤੇ ਜਿੱਤਾਂ ਪ੍ਰਾਪਤ ਕਰਕੇ ਖਾਲਸਾ ਰਾਜ ਵਿੱਚ ਮਿਲਾ ਲਿਆ ਸੀ। ਹੁਣ ਉਹਨਾਂ ਵੱਲੋਂ 182 ਸਾਲਾਂ ਬਾਅਦ ਆਪਣੇ ਪੁਰਖਿਆਂ ਦੇ ਖ਼ਾਲਸਾ ਰਾਜ ਦੇ ਸਥਾਨ 'ਤੇ ਸਿੱਖ ਪਰੰਪਰਾ ਦੇ ਅਨੁਸਾਰ ਖ਼ਾਲਸਾ ਪ੍ਰਤੀਕਾਂ ਨੂੰ ਝੁਲਾ ਕੇ ਗਤਕੇ ਦਾ ਪ੍ਰਦਰਸ਼ਨ ਕੀਤਾ ਗਿਆ।

ਉਹਨਾਂ ਕਿਹਾ ਕਿ ਉਹਨਾਂ ਦਾ ਟੀਚਾ ਗਤਕੇ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪ੍ਰਸਿੱਧੀ ਦੁਆਉਣਾ ਹੈ।

****

## ਅਮਰੀਕਾ 'ਚ 10 ਲੜਕਿਆਂ ਦਾ ਸਰੀਰਕ ਸੋਸ਼ਣ ਕਰਨ ਵਾਲਾ

ਮਿਲੇ ਹਨ, ਜਿਨ੍ਹਾਂ 'ਚ ਉਹ ਬੱਚਿਆਂ ਨਾਲ ਬਲਾਤਕਾਰ ਕਰਦਾ ਨਜ਼ਰ ਆ ਰਿਹਾ ਹੈ। ਇਹ ਸਬੂਤ ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿਵਾਉਣ ਲਈ ਕਾਫੀ ਹਨ।

ਪੁਲਿਸ ਅਤੇ ਸਥਾਨਕ ਪ੍ਰਸ਼ਾਸਨ ਇਸ ਗੱਲੋਂ ਪਰੇਸ਼ਾਨ ਹੈ ਕਿ ਪੀੜਤ ਪਰਿਵਾਰ, ਕਲੱਬ ਜਾਂ ਕਿਸੇ ਹੋਰ ਵਿਅਕਤੀ ਨੂੰ ਕੈਮੀਲੋ ਦੀਆਂ ਇਨ੍ਹਾਂ ਗਤੀਵਿਧੀਆਂ ਬਾਰੇ ਪਤਾ ਕਿਉਂ ਨਹੀਂ ਲੱਗ ਸਕਿਆ। ਇਹ ਇਸ ਲਈ ਵੀ ਪਰੇਸ਼ਾਨੀ ਵਾਲੀ ਗੱਲ ਹੈ ਕਿਉਂਕਿ ਸਰਕਾਰ ਪੂਰੇ ਅਮਰੀਕਾ ਵਿੱਚ ਚਾਈਲਡ ਪੋਰਨੋਗ੍ਰਾਫੀ ਜਾਂ ਜਿਨਸੀ ਸ਼ੋਸ਼ਣ ਦੇ ਸਬੰਧ ਵਿੱਚ ਲੋਕਾਂ ਵਿੱਚ ਜਾਗਰੂਕਤਾ ਪ੍ਰੋਗਰਾਮ ਚਲਾਉਂਦੀ ਹੈ। ਖਾਸ ਕਰਕੇ ਕਿੰਡਰਗਾਰਟਨ ਅਤੇ ਪ੍ਰਾਇਮਰੀ ਸਕੂਲਾਂ ਵਿੱਚ, ਇਹਨਾਂ ਦਿਸ਼ਾ-ਨਿਰਦੇਸ਼ਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਂਦੀ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com